People's Herald Rs- 100/month People's Herald



# "ਇਕੁਐਲਿਟੀ ਐਂਡ ਜਸਟਿਸ"



https://www.facebook.com/profile.php?id=161037521061610

"Equality and Justice" स्वतंत्रता, समानता, भाईचारा

PATIALA On line paper 13 ਅਪਰੈਲ 2025 ਐਤਵਾਰ "ਰੋਜ਼ਾਨਾ" ਸਾਲ ਚੌਥਾ w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ



(Google pay- 91-9780634849) HARDIP SINGH STATE BANK OF INDIA ACCT NO-10566643658 . IFSC- SBIN0050773

## ਸਿਧਾਰਥ ਗੌਤਮ ਬੁੱਧ ਦੇ ਧਮ ਦੇ ਸਿਧਾਂਤ ਸਭ ਲਈ ਸੁੱਖ, ਸ਼ਾਂਤੀ ਅਤੇ ਵਿਕਾਸ ਦੇ ਮਾਰਗ ਦੀਆਂ ਔਕੜਾਂ ਨੂੰ ਸਾਫ ਕਰ ਦਿੰਦੇ ਹਨ, ਇਹ ਸਿਧਾਂਤ ਵਿਸ਼ਵ ਸ਼ਾਂਤੀ ਸਥਾਪਿਤ ਕਰ ਸਕਦੇ ਹਨ

**"ਇਕੁਐਲਿਟੀ ਐਂਡ ਜਸਟਿਸ" ਪਟਿਆਲਾ** -ਸਿਧਾਰਥ ਗੌਤਮ ਬੁੱਧ ਦੇ ਦਿੱਤੇ ਇਹ ਬੁਨਿਆਦੀ ਸਿਧਾਂਤ ਸਮੁੱਚੇ ਸੰਸਾਰ ਵਿੱਚ ਸੁੱਖ, ਸਾਂਤੀ ਅਤੇ ਵਿਕਾਸ ਦੇ ਮਾਰਗ ਰਾਹ ਸਾਫ ਕਰ ਦਿੰਦੇ ਹਨ। ਮੁੱਢਲੇ ਪੰਜ 'ਪੰਚਸ਼ੀਲ' ਸਿਧਾਂਤ ਹੇਠਾਂ ਦਿੱਤੇ ਗਏ ਹਨ ਨੂੰ ਅਪਣਾ ਕੇ ਹਰ ਮਨੁੱਖ ਦੇ 'ਮਨ ਦੀ ਸਮਾਧੀ' ਲੱਗ ਜਾਣੀ ਚਾਹੀਦੀ ਹੈ:

1. ਆਹਿੰਸਾ- ਕਿਸੇ ਨੂੰ ਸਰੀਰਕ ਨੁਕਸਾਨ ਨਾਂ ਪਹੁੰਚਾਉਣਾ, ਹਰ ਇਕ ਜੀਵਨ ਦਾ ਸਤਿਕਾਰ ਕਰਨਾ
2. ਚੋਰੀ ਨਹੀਂ ਕਰਨਾ- ਦੂਸਰਿਆਂ ਦੀ ਜਾਇਦਾਦ ਅਧਿਕਾਰ ਦੀ ਕਦਰ ਕਰਨਾ
3. ਵਿਬਚਾਰ ਨਾਂ ਕਰਨਾ- ਕੋਈ ਜਿਨਸੀ ਦੁਰਵਿਹਾਰ ਜਾਂ ਅਪਰਾਧ ਨਾਂ ਕਰਨਾ
4. ਝੂਠ ਨਹੀਂ ਬੋਲਣਾ- ਆਪਣੇ ਆਚਾਰ,ਵਿਚਾਰ, ਵਿਵਹਾਰ ਵਿੱਚ ਇਮਾਨਦਾਰੀ ਬਣੇ ਰਹਿਣਾ
5. ਨਸ਼ਾ ਨਹੀਂ ਕਰਨਾ- ਕੋਈ ਨਸ਼ਾ ਨਹੀਂ ਕਰਨਾ, ਮਨ ਦਾ ਦਸ਼ਾ ਦਿਸ਼ਾ ਵਿਗਾੜ ਦੇ ਸਾਧਨਾਂ ਤੋਂ ਦੂਰੀ, ਮਨ ਸ਼ੁੱਧ ਰਖਣਾ ਅਤੇ ਸਾਫ਼ ਮਨ ਦਾ ਸਤਿਕਾਰ ਕਰਨਾ



"ਇਕੁਐਲਿਟੀ ਐਂਡ ਜਸਟਿਸ"

## ਸ਼੍ਰੀ ਗੁਰੂ ਗੋਬਿੰਦ ਸਿੰਘ ਵੱਲੋਂ ਬ੍ਰਾਹਮਣਵਾਦੀ ਪ੍ਰਬੰਧ ਅਨੁਸਾਰ ਉੱਚਨੀਚ ਜਾਤਪਾਤ ਨੂੰ ਖਤਮ ਕਰਕੇ ਮਾਨੁਸ ਕੀ ਜਾਤ ਸਭ ਏਕ' ਅਧਾਰ ਉੱਤੇ ਖਾਲਸਾ ਇਕ ਕੌਮ ਦੀ ਸਥਾਪਨਾ ਕੀਤੀ ਗਈ। "ਇਕੁਐਲਿਟੀ ਐਂਡ ਜਸਟਿਸ" ਪਟਿਆਲਾ ਵਲੋਂ ਸਭ ਨੂੰ ਬਹੁਤ ਬਹੁਤ ਮੁਬਾਰਕ ਹੋਵੇ ਜੀ





# *ਬਸਪਾ ਨੂੰ ਪੰਜਾਬ 'ਚ ਵੱਡਾ ਹੁੰਗਾਰਾ, ਆਈਏਐਸ-ਆਈਪੀਐਸ ਸਮੇਤ ਸੀਨੀਅਰ ਰਿਟਾ. ਅਫਸਰ ਆਏ ਹੱਕ 'ਚ*

- *2027 ਵਿੱਚ ਪੰਜਾਬ ਵਿੱਚ ਬਸਪਾ ਸਰਕਾਰ ਬਣਾਉਣ ਦਾ ਲਿਆ ਸੰਕਲਪ*
- *ਰਿਟਾ. ਸੀਨੀਅਰ ਅਧਿਕਾਰੀਆਂ ਨਾਲ ਪੰਜਾਬ ਦੇ ਮੁੱਦਿਆਂ 'ਤੇ ਰੂਬਰੂ ਹੋਏ ਬਸਪਾ ਸੂਬਾ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ*
- *ਬਿਉਰੋਕ੍ਰੇਟਸ ਦੇ ਸਮਰਥਨ ਨਾਲ ਪੰਜਾਬ 'ਚ ਲੋਕ ਪੱਖੀ ਪ੍ਰਬੰਧ ਸਥਾਪਿਤ ਕਰੇਗੀ ਬਸਪਾ : ਡਾ. ਕਰੀਮਪੁਰੀ*

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 12 ਅਪਰੈਲ INTERNATIONAL PAPER, 94636 01616 hardipchumber57@gmail.com

*ਮੁਹਾਲੀ।* ਬਹੁਜਨ ਸਮਾਜ ਪਾਰਟੀ (ਬਸਪਾ) ਦੀ 'ਪੰਜਾਬ ਸੰਭਾਲੋ ਮੁਹਿੰਮ' ਨੂੰ ਸੂਬੇ ਵਿੱਚ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਇਸ ਮੁਹਿੰਮ ਨਾਲ ਸੂਬੇ ਦੇ ਲੋਕ ਭਾਰੀ ਗਿਣਤੀ ਵਿੱਚ ਜੁੜ ਰਹੇ ਹਨ। ਇਸੇ ਲੜੀ ਤਹਿਤ ਅੱਜ ਰਿਟਾ. ਆਈਏਐਸ ਤੇ ਰਿਟਾ. ਆਈਪੀਐਸ ਸਮੇਤ ਸੀਨੀਅਰ ਰਿਟਾ. ਅਧਿਕਾਰੀਆਂ ਨੇ ਬਸਪਾ ਨੂੰ ਸਮਰਥਨ ਦਿੰਦੇ ਹੋਏ ਪਾਰਟੀ ਨੂੰ 2027 ਵਿੱਚ ਪੰਜਾਬ ਦੀ ਸੱਤਾ ਵਿੱਚ ਪਹੁੰਚਾਉਣ ਦਾ ਐਲਾਨ ਕਰ ਦਿੱਤਾ। ਬਸਪਾ ਸੂਬਾ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਨਾਲ ਮੁਹਾਲੀ ਵਿੱਚ ਹੋਈ ਮੀਟਿੰਗ ਦੌਰਾਨ ਰਿਟਾ. ਸੀਨੀਅਰ ਅਧਿਕਾਰੀਆਂ ਵੱਲੋਂ ਇਹ ਫੈਸਲਾ ਲਿਆ ਗਿਆ।

ਫਾਰਮ ਫਾਰ ਦ ਵੀਕਰ ਸੈਕਸ਼ਨਸ (ਰਜਿ.) ਦੇ ਬੈਨਰ ਹੇਠ ਅੱਜ ਮੁਹਾਲੀ ਵਿਖੇ ਰਿਟਾ. ਆਈਏਐਸ ਤੇ ਆਈਪੀਐਸ ਸਮੇਤ ਸੀਨੀਅਰ ਰਿਟਾ. ਅਧਿਕਾਰੀਆਂ ਨਾਲ ਬਸਪਾ ਦੇ ਸੂਬਾ ਪ੍ਰਧਾਨ ਤੇ ਸਾਬਕਾ ਸੰਸਦ ਮੈਂਬਰ ਡਾ. ਅਵਤਾਰ ਸਿੰਘ ਨੇ ਮੀਟਿੰਗ ਕੀਤੀ। ਰਿਟਾ. ਆਈਏਐਸ ਚੌਧਰੀ ਖੁਸ਼ੀ ਰਾਮ ਤੇ ਰਿਟਾ. ਕਰਨਲ ਪ੍ਰਿਰਥਵੀ ਰਾਜ ਕੁਮਾਰ ਦੇ ਯਤਨਾਂ ਸਦਕਾ ਰੱਖੀ ਗਈ ਇਸ ਮੀਟਿੰਗ ਦੌਰਾਨ ਬਸਪਾ ਦੇ ਸੂਬਾ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਤੇ ਰਿਟਾ. ਸੀਨੀਅਰ ਅਧਿਕਾਰੀਆਂ ਵਿਚਕਾਰ ਪੰਜਾਬ ਦੇ ਲੋਕਾਂ ਨਾਲ ਜੁੜੇ ਮੁੱਦਿਆਂ 'ਤੇ ਗੰਭੀਰਤਾਪੂਰਵਕ ਵਿਚਾਰ ਚਰਚਾ ਹੋਈ। ਚੰਗੀ ਸਿਹਤ-ਸਿੱਖਿਆ ਵਿਵਸਥਾ, ਰੁਜ਼ਗਾਰ ਦੇਣ, ਨਿਆਂਪੂਰਨ ਕਾਨੂੰਨ ਵਿਵਸਥਾ ਦੇ ਨਿਰਮਾਣ, ਕਿਸਾਨਾਂ-ਕਿਰਤੀਆਂ ਤੇ ਮੁਲਾਜ਼ਮਾਂ ਦੀਆਂ ਮੁਸ਼ਕਿਲਾਂ ਦੇ ਹੱਲ ਅਤੇ ਖੇਤੀਬਾੜੀ ਤੇ ਇੰਡਸਟਰੀ ਦੀ ਤਰੱਕੀ ਆਦਿ ਨਾਲ ਸਬੰਧਤ ਲੋਕ ਪੱਖੀ ਪ੍ਰਬੰਧ ਦੇ ਨਿਰਮਾਣ ਨੂੰ ਲੈ ਕੇ ਬਸਪਾ ਵੱਲੋਂ ਚਲਾਈ ਜਾ ਰਹੀ 'ਪੰਜਾਬ ਸੰਭਾਲੋ ਮੁਹਿੰਮ' ਤੋਂ ਪ੍ਰਭਾਵਿਤ ਹੋ ਕੇ ਸੀਨੀਅਰ ਰਿਟਾ. ਅਧਿਕਾਰੀਆਂ ਨੇ ਪਾਰਟੀ ਨੂੰ ਸਮਰਥਨ ਦੇਣ ਦਾ ਐਲਾਨ ਕਰ ਦਿੱਤਾ। ਉਨ੍ਹਾਂ ਕਿਹਾ ਕਿ ਉਹ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਤੇ ਸਾਹਿਬ ਕਾਂਸ਼ੀਰਾਮ ਦੇ ਮਾਰਗ 'ਤੇ ਚੱਲਦੇ ਹੋਏ ਕੁਮਾਰੀ ਮਾਇਆਵਤੀ ਦੀ ਅਗਵਾਈ ਵਿੱਚ 2027 ਵਿੱਚ ਲੋਕਾਂ ਨੂੰ ਚੰਗਾ ਪ੍ਰਬੰਧ ਦੇਣ ਲਈ ਬਸਪਾ ਦੀ ਸਰਕਾਰ ਬਣਾਉਣ ਲਈ ਡਟ ਕੇ ਕੰਮ ਕਰਨਗੇ।







ਇਨ੍ਹਾਂ ਰਿਟਾ. ਅਧਿਕਾਰੀਆਂ ਨੇ ਕਿਹਾ ਕਿ ਸੂਬੇ ਦੀ ਸੱਤਾ ਵਿੱਚ ਰਹੀਆਂ ਕਾਂਗਰਸ, ਅਕਾਲੀ-ਭਾਜਪਾ ਤੇ ਆਪ ਦੀਆਂ ਸਰਕਾਰਾਂ ਨੇ ਅਨੁਸੂਚਿਤ ਜਾਤੀਆਂ, ਓਬੀਸੀ ਵਰਗਾਂ ਸਮੇਤ ਆਮ ਲੋਕਾਂ ਦੇ ਹਿੱਤਾਂ ਦਾ ਹਮੇਸ਼ਾ ਘਾਣ ਕੀਤਾ ਤੇ ਇਨ੍ਹਾਂ ਨੂੰ ਲਗਾਤਾਰ ਅਣਦੇਖਾ ਕੀਤਾ ਗਿਆ। ਇਨ੍ਹਾਂ ਰਿਟਾ. ਸੀਨੀਅਰ ਅਧਿਕਾਰੀਆਂ ਨੇ ਕਿਹਾ ਕਿ ਉਹ ਘਰ-ਘਰ ਜਾ ਕੇ ਲੋਕਾਂ ਨੂੰ ਜਾਗਰੂਕ ਕਰਨਗੇ ਤੇ ਉਨ੍ਹਾਂ ਨੂੰ ਬਸਪਾ ਦੇ ਲੋਕ ਪੱਖੀ ਅੰਦੋਲਨ ਦਾ ਹਿੱਸਾ ਬਣਾਉਣਗੇ।

ਇਸ ਮੌਕੇ ਸੰਬੋਧਨ ਕਰਦੇ ਹੋਏ ਬਸਪਾ ਦੇ ਸੂਬਾ ਪ੍ਰਧਾਨ ਤੇ ਸਾਬਕਾ ਸੰਸਦ ਮੈਂਬਰ ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਕਿ ਪਾਰਟੀ ਵੱਲੋਂ ਚਲਾਈ ਜਾ ਰਹੀ 'ਪੰਜਾਬ ਸੰਭਾਲੋ ਮੁਹਿੰਮ' ਨੂੰ ਸੂਬੇ ਦੇ ਸਾਰੇ ਵਰਗਾਂ ਦਾ ਭਾਰੀ ਸਮਰਥਨ ਮਿਲ ਰਿਹਾ ਹੈ। ਡਾ. ਕਰੀਮਪੁਰੀ ਨੇ ਮੀਟਿੰਗ ਵਿੱਚ ਸ਼ਾਮਲ ਹੋਣ ਵਾਲੇ ਰਿਟਾ. ਸੀਨੀਅਰ ਅਧਿਕਾਰੀਆਂ ਸਮੇਤ ਸਮਰਥਨ ਦੇਣ ਵਾਲੇ ਸਮੁੱਚੇ ਬਿਊਰੋਕ੍ਰੇਟਸ ਦਾ ਸਮਰਥਨ ਦੇਣ ਲਈ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਬਸਪਾ ਦੀ ਲੀਡਰਸ਼ਿਪ ਤੇ ਅਫਸਰ ਮਿਲ ਕੇ ਪੰਜਾਬ ਵਿੱਚ ਵੱਡਾ ਪਰਿਵਰਤਨ ਕਰਨਗੇ ਤੇ ਖੁਸ਼ਹਾਲੀ-ਤਰੱਕੀ ਤੇ ਭਾਈਚਾਰੇ ਵਾਲਾ ਲੋਕ ਪੱਖੀ ਰਾਜ ਪ੍ਰਬੰਧ ਸਥਾਪਿਤ ਕਰਨਗੇ। ਇਸ ਮੀਟਿੰਗ ਵਿੱਚ ਬਸਪਾ ਦੇ ਸੂਬਾ ਇੰਚਾਰਜ ਪ੍ਰਜਾਪਤੀ ਅਜੀਤ ਸਿੰਘ ਭੈਣੀ, ਠੇਕੇਦਾਰ ਭਗਵਾਨ ਦਾਸ ਸਿੱਧੂ ਤੇ ਹਰਭਜਨ ਸਿੰਘ ਬਜਹੇੜੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।

ਮੀਟਿੰਗ ਦੌਰਾਨ ਫਾਰਮ ਫਾਰ ਦ ਵੀਕਰ ਸੈਕਸ਼ਨ (ਰਜ਼ਿ.) ਦੇ ਪੈਟਰਨ ਜੇ.ਆਰ. ਕੌਂਡਲ ਰਿਟਾ. ਆਈਏਐਸ, ਚੇਅਰਮੈਨ ਟੀ.ਆਰ. ਸਾਰੰਗਲ ਰਿਟਾ. ਆਈ.ਏ.ਐਸ., ਆਰ.ਐਲ. ਕਲਸੀਆ ਰਿਟਾ. ਆਈਏਐਸ, ਕਰਨਲ ਪੀ ਕੁਮਾਰ ਐਡੀਸ਼ਨਲ ਸੈਕਟਰੀ ਗਵਰਨਮੈਂਟ ਆਫ ਇੰਡੀਆ ਆਈ.ਪੀ.ਓ.ਐਸ. ਪਿਰਥੀ ਚੰਦ ਰਿਟਾ. ਆਈ.ਏ.ਐਸ., ਸੁਖਦੇਵ ਸਿੰਘ, ਕੁਲਵੰਤ ਸਾਰੰਗਲ ਰਿਟਾ. ਆਈ.ਪੀ. ਐਸ. ਸਾਬਕਾ ਡੀ.ਜੀ.ਪੀ. ਮਹਾਰਾਸ਼ਟਰ, ਡੀ.ਆਰ. ਪਾਲ ਰਿਟਾ. ਜਨਰਲ ਮੈਨੇਜਰ, ਉਂਕਾਰ ਨਾਥ ਡਿਪਟੀ ਸੀ.ਏ.ਜੀ. (ਕੈਗ) ਇੰਡੀਆ, ਓ.ਪੀ. ਚੋਪੜਾ ਸੁਪਰਟੈਂਡੈਂਟ ਇੰਜੀਨੀਅਰ, ਐਚ.ਐਲ. ਮਹਿਮੀ ਸੈਕਟਰੀ ਟੂ ਮਨਿਸਟਰ ਰਿਟਾ. ਸਮੇਤ ਵੱਡੀ ਗਿਣਤੀ ਵਿੱਚ ਸੀਨੀਅਰ ਅਧਿਕਾਰੀ ਮੌਜੂਦ ਸਨ।

# ਨੈਸ਼ਨਲ ਹੇਰਾਲਡ ਮਾਮਲਾ : ਈ.ਡੀ. ਨੇ ਕਾਂਗਰਸ ਨਾਲ ਜੁੜੀ ਏ.ਜੇ.ਐਲ. 'ਚ ਜਾਇਦਾਦ ਜ਼ਬਤ ਕਰਨ ਲਈ ਨੋਟਿਸ ਜਾਰੀ ਕੀਤੇ

## 2,000 ਕਰੋੜ ਰੁਪਏ ਦੀ ਜਾਇਦਾਦ ਸਿਰਫ 50 ਲੱਖ ਰੁਪਏ 'ਚ ਖਰੀਦੀ ਸੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 12 ਅਪਰੈਲ
INTERNATIONAL PAPER, 9463601616
hardipchumber57@gmail.com

ਨਵੀਂ ਦਿੱਲੀ : ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਸਨਿਚਰਵਾਰ ਨੂੰ ਕਿਹਾ ਕਿ ਉਸ ਨੇ ਕਾਂਗਰਸ ਦੇ ਕੰਟਰੋਲ ਵਾਲੇ ਨੈਸ਼ਨਲ ਹੇਰਾਲਡ ਅਖਬਾਰ ਅਤੇ ਐਸੋਸੀਏਟਿਡ ਜਰਨਲਜ਼ ਲਿਮਟਿਡ (ਏ.ਜੇ.ਐਲ.) ਨਾਲ ਜੁੜੀ ਮਨੀ ਲਾਂਡਰਿੰਗ (ਕਾਲੇ ਧਨ ਨੂੰ ਚਿੱਟਾ ਕਰਨ ਬਾਰੇ) ਜਾਂਚ ਦੇ ਹਿੱਸੇ ਵਜੋਂ ਜ਼ਬਤ ਕੀਤੀ ਗਈ 661 ਕਰੋੜ ਰੁਪਏ ਦੀ ਅਚੱਲ ਜਾਇਦਾਦ ਨੂੰ ਅਪਣੇ ਕਬਜ਼ੇ 'ਚ ਲੈਣ ਲਈ ਨੋਟਿਸ ਜਾਰੀ ਕੀਤੇ ਹਨ।

ਸੰਘੀ ਜਾਂਚ ਏਜੰਸੀ ਨੇ ਇਕ ਬਿਆਨ ਵਿਚ ਕਿਹਾ ਕਿ ਉਸ ਨੇ ਸਬੰਧਤ ਦਸਤਾਵੇਜ਼ ਸਬੰਧਤ ਦਸਤਾਵੇਜ਼ਾਂ ਨੂੰ ਜਾਇਦਾਦਾਂ ਦੇ ਸਬੰਧਤ ਰਜਿ ਨੂੰ ਸੌਂਪ ਦਿਤਾ ਹੈ ਜਿੱਥੇ ਜਾਇਦਾਦ ਸਥਿਤ ਹੈ।

ਇਸ ਦੇ ਨਾਲ ਹੀ ਇਹ ਨੋਟਿਸ ਸ਼ੁਕਰਵਾਰ ਨੂੰ ਦਿੱਲੀ ਦੇ ਆਈ.ਟੀ. ਓ (5ਏ, ਬਹਾਦੁਰ ਸ਼ਾਹ ਜ਼ਫ਼ਰ ਮਾਰਗ) ਸਥਿਤ ਹੇਰਾਲਡ ਹਾਊਸ, ਮੁੰਬਈ ਦੇ ਬਾਂਦਰਾ (ਈ) ਖੇਤਰ (ਪਲਾਟ ਨੰਬਰ 2, ਸਰਵੇ ਨੰਬਰ 341) ਅਤੇ ਉੱਤਰ ਪ੍ਰਦੇਸ਼ ਦੇ ਲਖਨਊ ਦੇ ਬਿਸ਼ੇਸ਼ਵਰ ਨਾਥ ਰੋਡ (ਜਾਇਦਾਦ ਨੰਬਰ 1) ਸਥਿਤ ਏਜੇਐਲ ਇਮਾਰਤ 'ਤੇ ਲਗਾਏ ਗਏ ਹਨ। ਨੋਟਿਸ ਮੁੱਖ ਤੌਰ 'ਤੇ ਈ.ਡੀ. ਵਲੋਂ ਅਪਣੇ ਕਬਜ਼ੇ 'ਚ ਲੈਣ ਲਈ ਇਮਾਰਤ ਖ਼ਾਲੀ ਕਰਨ ਦੀ ਮੰਗ ਕਰਦੇ ਹਨ।

ਇਕ ਨੋਟਿਸ 'ਚ ਮੁੰਬਈ ਦੇ ਬਾਂਦਰਾ (ਪੂਰਬੀ) ਸਥਿਤ ਹੇਰਾਲਡ ਹਾਊਸ 'ਚ 7ਵੀਂ, 8ਵੀਂ ਅਤੇ 9ਵੀਂ ਮੰਜ਼ਿਲ 'ਤੇ ਸਥਿਤ ਜਿੰਦਲ ਸਾਊਥ ਵੈਸਟ ਪ੍ਰਾਜੈਕਟਸ ਲਿਮਟਿਡ ਨੂੰ ਵੀ ਹਰ ਮਹੀਨੇ ਕਿਰਾਏ/ਲੀਜ਼ ਦੀ ਰਕਮ ਇਨਫੋਰਸਮੈਂਟ ਡਾਇਰੈਕਟੋਰੇਟ ਦੇ ਡਾਇਰੈਕਟਰ ਦੇ ਹੱਕ 'ਚ ਟਰਾਂਸਫਰ ਕਰਨ ਲਈ ਕਿਹਾ ਗਿਆ ਹੈ।

ਇਹ ਕਾਰਵਾਈ ਮਨੀ ਲਾਂਡਰਿੰਗ ਰੋਕੂ ਕਾਨੂੰਨ (ਪੀ.ਐਮ.ਐਲ.ਏ.) ਦੀ ਧਾਰਾ (8) ਅਤੇ ਨਿਯਮ 5 (1) ਦੇ ਤਹਿਤ ਕੀਤੀ ਗਈ ਹੈ ਜੋ ਈ.ਡੀ. ਵਲੋਂ ਜ਼ਬਤ ਕੀਤੀ ਜਾਇਦਾਦ ਨੂੰ ਕਬਜ਼ੇ 'ਚ ਲੈਣ ਦੀ ਪ੍ਰਕਿਰਿਆ ਬਾਰੇ ਗੱਲ ਕਰਦੀ ਹੈ ਅਤੇ ਫਿਰ ਨਿਰਣਾਇਕ ਅਥਾਰਟੀ (ਪੀ.ਐਮ.ਐਲ.ਏ. ਦੀ) ਵਲੋਂ ਪੁਸ਼ਟੀ ਕੀਤੀ ਜਾਂਦੀ ਹੈ।

ਈ.ਡੀ. ਨੇ ਨਵੰਬਰ 2023 'ਚ 661 ਕਰੋੜ ਰੁਪਏ ਦੀ ਇਹ ਅਚੱਲ ਜਾਇਦਾਦ ਅਤੇ 90.2 ਕਰੋੜ ਰੁਪਏ ਦੇ ਏ.ਜੇ.ਐਲ. ਦੇ ਸ਼ੇਅਰ ਜ਼ਬਤ ਕੀਤੇ ਸਨ ਤਾਂ ਜੋ ਅਪਰਾਧ ਦੀ ਰਕਮ ਨੂੰ ਸੁਰੱਖਿਅਤ ਕੀਤਾ ਜਾ ਸਕੇ ਅਤੇ ਦੋਸ਼ੀਆਂ ਨੂੰ ਇਸ ਤੋਂ ਬਚਾਇਆ ਜਾ ਸਕੇ। ਐਜੂਡੀਕੇਟਿੰਗ ਅਥਾਰਟੀ ਨੇ ਪਿਛਲੇ ਸਾਲ ਅਪ੍ਰੈਲ 'ਚ ਇਸ ਹੁਕਮ ਦੀ ਪੁਸ਼ਟੀ ਕੀਤੀ ਸੀ। ਈ.ਡੀ. ਮੁਤਾਬਕ ਇਸ ਮਾਮਲੇ 'ਚ ਅਪਰਾਧ ਦੀ ਕੁਲ ਰਕਮ 988 ਕਰੋੜ ਰੁਪਏ ਸੀ।

ਕਾਂਗਰਸ ਨੇ ਇਸ ਤੋਂ ਪਹਿਲਾਂ ਜਾਂਚ ਨੂੰ ਬਦਲਾਖੋਰੀ ਦੀਆਂ ਹੋਛੀਆਂ ਚਾਲਾਂ ਕਰਾਰ ਦਿਤਾ ਸੀ ਅਤੇ ਈ.ਡੀ. ਨੂੰ ਭਾਜਪਾ ਦਾ ਗਠਜੋੜ ਭਾਈਵਾਲ ਕਰਾਰ ਦਿਤਾ ਸੀ। ਈ.ਡੀ. ਦੀ ਜਾਂਚ 2021 'ਚ ਉਦੋਂ ਸ਼ੁਰੂ ਹੋਈ ਸੀ ਜਦੋਂ ਦਿੱਲੀ ਦੀ ਪਟਿਆਲਾ ਹਾਊਸ ਕੋਰਟ ਦੇ ਮੈਟਰੋਪੋਲੀਟਨ ਮੈਜਿਸਟਰੇਟ ਨੇ ਭਾਜਪਾ ਨੇਤਾ ਸੁਬਰਾਮਣੀਅਮ ਸਵਾਮੀ ਵਲੋਂ 26 ਜੂਨ, 2014 ਨੂੰ ਦਾਇਰ ਕੀਤੀ ਗਈ ਨਿੱਜੀ ਸ਼ਿਕਾਇਤ ਦਾ ਨੋਟਿਸ ਲਿਆ ਸੀ।




ਏ.ਜੇ.ਐਲ. ਨੈਸ਼ਨਲ ਹੇਰਾਲਡ ਨਿਊਜ਼ ਪਲੇਟਫਾਰਮ (ਅਖਬਾਰ ਅਤੇ ਵੈੱਬ ਪੋਰਟਲ) ਦਾ ਪ੍ਰਕਾਸ਼ਕ ਹੈ ਅਤੇ ਇਹ ਯੰਗ ਇੰਡੀਅਨ ਪ੍ਰਾਈਵੇਟ ਲਿਮਟਿਡ ਦੀ ਮਲਕੀਅਤ ਹੈ। ਕਾਂਗਰਸ ਨੇਤਾ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਯੰਗ ਇੰਡੀਅਨ ਦੇ ਬਹੁਗਿਣਤੀ ਸ਼ੇਅਰਧਾਰਕ ਹਨ ਅਤੇ ਉਨ੍ਹਾਂ ਵਿਚੋਂ ਹਰ ਕਿਸੇ ਕੋਲ 38 ਫ਼ੀ ਸਦੀ ਸ਼ੇਅਰ ਹਨ। ਕੁੱਝ ਸਾਲ ਪਹਿਲਾਂ ਇਸ ਮਾਮਲੇ 'ਚ ਈ.ਡੀ. ਨੇ ਉਨ੍ਹਾਂ ਤੋਂ ਕਈ ਘੰਟਿਆਂ ਤਕ ਪੁੱਛ-ਪੜਤਾਲ ਕੀਤੀ ਸੀ।

ਈ.ਡੀ. ਨੇ ਦਾਅਵਾ ਕੀਤਾ ਕਿ ਉਸ ਦੀ ਜਾਂਚ 'ਚ ਇਹ ਗੱਲ ਸਾਹਮਣੇ ਆਈ ਹੈ ਕਿ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਦੀ ਨਿੱਜੀ ਕੰਪਨੀ ਯੰਗ ਇੰਡੀਅਨ ਨੇ ਏਜੇਐਲ ਦੀ 2,000 ਕਰੋੜ ਰੁਪਏ ਦੀ ਜਾਇਦਾਦ ਸਿਰਫ 50 ਲੱਖ ਰੁਪਏ 'ਚ ਖਰੀਦੀ ਸੀ।

# ਸੁਖਬੀਰ ਬਾਦਲ ਨੇ 2 ਦਸੰਬਰ ਦੇ ਹੁਕਮਨਾਮੇ ਦੀ ਕੀਤੀ ਉਲੰਘਣਾ :ਪੰਜ ਮੈਂਬਰੀ ਭਰਤੀ ਕਮੇਟੀ

## ਵਿਧੀ ਵਿਧਾਨ ਮੁਤਾਬਿਕ ਡੈਲੀਗੇਟ ਬਣਾ ਕੇ ਸ਼੍ਰੋਮਣੀ ਅਕਾਲੀ ਦਲ ਨੂੰ ਪੰਥ ਪ੍ਰਵਾਨਿਤ ਪ੍ਰਧਾਨ ਦਿੱਤਾ ਜਾਵੇਗਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 12 ਅਪਰੈਲ
INTERNATIONAL PAPER, 9463601616
hardipchumber57@gmail.com

ਚੰਡੀਗੜ੍ਹ: ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਮਨੋਨੀਤ ਭਰਤੀ ਕਮੇਟੀ ਮੈਂਬਰਾਂ ਮਨਪ੍ਰੀਤ ਸਿੰਘ ਇਯਾਲੀ, ਜੱਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ, ਜੱਥੇਦਾਰ ਇਕਬਾਲ ਸਿੰਘ ਝੂੰਦਾਂ, ਜੱਥੇਦਾਰ ਸੰਤਾ ਸਿੰਘ ਉਮੈਦਪੁਰੀ ਅਤੇ ਬੀਬੀ ਸਤਵੰਤ ਕੌਰ ਨੇ ਆਪਣੇ ਸਾਂਝੇ ਬਿਆਨ ਵਿੱਚ ਕਿਹਾ ਹੈ ਕਿ, ਆਪਣੀਆਂ ਗਲਤੀਆਂ ਗੁਨਾਹਾਂ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਸਾਹਮਣੇ ਪੇਸ਼ ਹੋਈ ਲੀਡਰਸ਼ਿਪ ਨੇ ਦੋ ਦਸੰਬਰ ਦੇ ਹੁਕਮਨਾਮੇ ਦੀ ਮੂਲ ਭਾਵਨਾ ਦੀ ਘੋਰ ਉਲੰਘਣਾ ਕਰਕੇ



ਸਿਆਸੀ ਅਗਵਾਈ ਦਾ ਨੈਤਿਕ ਅਧਾਰ ਗੁਆ ਚੁੱਕੀ ਲੀਡਰਸ਼ਿਪ ਚੋਂ ਇੱਕ ਧੜੇ ਨੇ ਬੋਗਸ ਭਰਤੀ ਜਰੀਏ ਆਪਣੇ ਧੜੇ ਦਾ ਪ੍ਰਧਾਨ ਚੁਣਿਆ ਹੈ। ਜਾਰੀ ਬਿਆਨ ਵਿੱਚ ਭਰਤੀ ਕਮੇਟੀ ਮੈਂਬਰਾਂ ਨੇ ਜੋਰ ਦੇਕੇ ਕਿਹਾ ਕਿ ਅੱਜ ਇੱਕ ਧੜੇ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲ ਪਿੱਠ ਕਰਕੇ ਆਪਣੀ ਬੋਗਸ ਭਰਤੀ ਜਰੀਏ ਆਪਣਾ ਪ੍ਰਧਾਨ ਚੁਣਿਆ ਹੈ, ਜਿਸ ਨੂੰ ਪੰਥ ਅਤੇ ਕੌਮ ਪ੍ਰਵਾਨ ਨਹੀ ਕਰੇਗੀ। ਜਾਰੀ ਬਿਆਨ ਵਿੱਚ ਭਰਤੀ ਕਮੇਟੀ ਮੈਂਬਰਾਂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਹੋਂਦ ਅਤੇ ਭਾਵਨਾ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਜੁੜੀ ਹੈ, ਇਸ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬੇਮੁੱਖ ਹੋਕੇ ਅਤੇ ਉਥੋਂ ਜਾਰੀ ਹੁਕਮਨਾਮਿਆਂ ਦੀ ਉਲੰਘਣਾ ਕਰਕੇ ਕਦੇ ਪੰਥਕ ਜਮਾਤ ਨੂੰ ਮਜ਼ਬੂਤ ਨਹੀਂ ਕੀਤਾ ਜਾ ਸਕਦਾ।

ਇਸ ਦੇ ਨਾਲ ਹੀ ਪੰਜ ਮੈਂਬਰੀ ਭਰਤੀ ਕਮੇਟੀ ਮੈਂਬਰਾਂ ਨੇ ਸਾਂਝੇ ਰੂਪ ਵਿੱਚ ਕਿਹਾ ਕਿ ਪਿਛਲੀਆਂ ਚਾਰ ਵੱਡੀਆਂ ਚੋਣਾਂ ਵਿੱਚ ਸੰਗਤ ਵੱਲੋਂ ਅੱਜ ਇੱਕ ਧੜੇ ਵਲੋ ਬੋਗਸ ਭਰਤੀ ਜਰੀਏ ਚੁਣੇ ਪ੍ਰਧਾਨ ਨੂੰ ਨਕਾਰਿਆ ਜਾ ਚੁੱਕਾ ਹੈ। ਇਸ ਦੇ ਨਾਲ ਹੀ ਭਰਤੀ ਕਮੇਟੀ ਮੈਬਰਾਂ ਨੇ ਕਿਹਾ ਨਿੱਜ ਪ੍ਰਸਤ ਅਤੇ ਸਿਆਸੀ ਲਾਲਸਾ ਕਰਕੇ ਸਿਧਾਂਤਾ ਦਾ ਮਲੀਆਮੇਟ ਕਰਨ ਵਾਲੇ ਲੋਕ ਸੰਗਤ ਵਿੱਚ ਨਫ਼ਰਤ ਦਾ ਪਾਤਰ ਬਣ ਚੁੱਕੇ ਹਨ।

ਭਰਤੀ ਕਮੇਟੀ ਮੈਂਬਰਾਂ ਨੇ ਓਹਨਾ ਲੋਕਾਂ ਨੂੰ ਜਵਾਬ ਦਿੱਤਾ ਜਿਹੜੇ ਲੋਕ ਵਾਰ ਵਾਰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬਣੀ ਭਰਤੀ ਕਮੇਟੀ ਤੇ ਸਵਾਲ ਚੁੱਕਦੇ ਹਨ। ਭਰਤੀ ਕਮੇਟੀ ਮੈਬਰਾਂ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸੱਤ

ਬਾਕੀ ਖਬਰ ਅਗਲੇ ਪੇਜ ਤੇ

# 'ਆਪ' ਸਰਕਾਰ ਕਿਸਾਨਾਂ ਨਾਲ ਖੜ੍ਹੀ ਹੈ ਅਤੇ ਕਿਸਾਨਾਂ ਦੇ ਮਸਲਿਆਂ ਲਈ ਲੜਦੀ ਰਹੇਗੀ: CM ਮਾਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 12 ਅਪਰੈਲ
INTERNATIONAL PAPER, 9463601616
hardipchumber57@gmail.com

ਆਉਣ ਵਾਲੀਆਂ ਪੀੜ੍ਹੀਆਂ ਲਈ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਸੂਬਾ ਸਰਕਾਰ ਦੀ ਦ੍ਰਿੜ੍ਹ ਵਚਨਬੱਧਤਾ ਦੁਹਰਾਉਂਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪਹਿਲੀ ਜੂਨ ਤੋਂ ਝੋਨੇ ਦੀ ਜ਼ੋਨ ਵਾਰ ਕਾਸ਼ਤ ਸ਼ੁਰੂ ਕਰਨ ਦਾ ਐਲਾਨ ਕੀਤਾ।

ਮੁੱਖ ਮੰਤਰੀ ਨੇ ਅੱਜ ਇੱਥੇ ਸਰਕਾਰ ਕਿਸਾਨ ਮਿਲਣੀ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ, "ਅਸੀਂ ਸੂਬੇ ਨੂੰ ਤਿੰਨ ਜ਼ੋਨਾਂ ਵਿੱਚ ਵੰਡਿਆ ਹੈ ਅਤੇ ਤਿੰਨ ਜ਼ੋਨਾਂ ਵਿੱਚ ਪੈਂਦੇ ਜ਼ਿਲ੍ਹਿਆਂ ਵਿੱਚ ਝੋਨੇ ਦੀ ਕਾਸ਼ਤ 1 ਜੂਨ, 5 ਜੂਨ ਅਤੇ 9 ਜੂਨ ਨੂੰ ਸ਼ੁਰੂ ਹੋ ਜਾਵੇਗੀ।"

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇਸ਼ ਦਾ ਅੰਨਦਾਤਾ ਹੈ ਕਿਉਂਕਿ ਇਹ ਕੌਮੀ ਅਨਾਜ ਭੰਡਾਰ ਵਿੱਚ 45 ਫੀਸਦੀ ਅਨਾਜ ਦਾ ਯੋਗਦਾਨ ਪਾਉਂਦਾ ਹੈ। ਉਨ੍ਹਾਂ ਦੁੱਖ ਪ੍ਰਗਟ ਕੀਤਾ ਕਿ ਝੋਨੇ ਦੇ ਸੀਜ਼ਨ ਦੇ 70 ਦਿਨਾਂ ਵਿੱਚ ਪੰਜਾਬ ਨੌਂ ਗੋਬਿੰਦ ਸਾਗਰ ਝੀਲਾਂ ਦੇ ਬਰਾਬਰ ਪਾਣੀ ਬਾਹਰ ਕੱਢਦਾ ਹੈ, ਜੋ ਬਹੁਤ ਵੱਡੀ ਮਾਤਰਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇੰਨਾ ਜ਼ਿਆਦਾ ਪਾਣੀ ਬਾਹਰ ਕੱਢ ਕੇ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਪਾਣੀ ਤੋਂ ਵਾਂਝਾ ਕਰ ਦੇਵਾਂਗੇ, ਜੋ ਸਾਡੀ ਹੋਂਦ ਦਾ ਮੂਲ ਸਰੋਤ ਹੈ।

ਇੱਕ ਉਦਾਹਰਣ ਦਿੰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਇੱਕ ਕਿਲੋ ਝੋਨਾ ਪੈਦਾ ਕਰਨ ਲਈ 4000 ਲੀਟਰ ਪਾਣੀ ਦੀ ਲੋੜ ਹੁੰਦੀ ਹੈ, ਇਸ ਲਈ ਇਹ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਦੇ ਮੁੱਢਲੇ ਵਜੂਦ ਲਈ ਗੰਭੀਰ ਖ਼ਤਰਾ ਪੈਦਾ ਕਰ ਰਿਹਾ ਹੈ, ਜਿਸ ਕਾਰਨ ਸੂਬਾ ਸਰਕਾਰ ਇਸ ਦੇ ਹੱਲ ਲਈ ਠੋਸ ਯਤਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਝੋਨੇ ਦੀ ਕਾਸ਼ਤ 20 ਲੱਖ ਹੈਕਟੇਅਰ ਤੋਂ ਵਧ ਕੇ 32 ਲੱਖ ਹੈਕਟੇਅਰ ਰਕਬੇ ਵਿੱਚ ਹੋ ਗਈ ਹੈ, ਜਿਸ ਕਾਰਨ ਖੇਤਾਂ ਨੂੰ ਸਿੰਜਾਈ ਲਈ ਪਾਣੀ ਦੀ ਲੋੜ ਵੀ ਵਧ ਗਈ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਦੇ ਸਖ਼ਤ ਯਤਨਾਂ ਸਦਕਾ ਧਰਤੀ ਹੇਠਲੇ ਪਾਣੀ ਦਾ ਪੱਧਰ ਵਧਣ ਲੱਗਾ ਹੈ ਅਤੇ ਕੇਂਦਰ ਸਰਕਾਰ ਦੀ ਇੱਕ ਰਿਪੋਰਟ ਅਨੁਸਾਰ ਇਸ ਵਿੱਚ ਇੱਕ ਮੀਟਰ ਦਾ ਵਾਧਾ ਹੋਇਆ ਹੈ।

ਇੱਕ ਮਿਸਾਲੀ ਪਹਿਲਕਦਮੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ




ਸਰਕਾਰ ਨੇ ਪਹਿਲੀ ਜੂਨ ਤੋਂ ਝੋਨੇ ਦੀ ਲੁਆਈ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ, ਜਿਸ ਲਈ ਸੂਬੇ ਨੂੰ ਤਿੰਨ ਜ਼ੋਨਾਂ ਵਿੱਚ ਵੰਡਿਆ ਗਿਆ ਹੈ। ਉਨ੍ਹਾਂ ਕਿਹਾ ਕਿ ਫਰੀਦਕੋਟ, ਬਠਿੰਡਾ, ਫਾਜ਼ਿਲਕਾ, ਫਿਰੋਜ਼ਪੁਰ ਅਤੇ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹਿਆਂ ਵਿੱਚ ਝੋਨੇ ਦੀ ਲੁਆਈ ਪਹਿਲੀ ਜੂਨ ਤੋਂ ਸ਼ੁਰੂ ਹੋਵੇਗੀ। ਗੁਰਦਾਸਪੁਰ, ਪਠਾਨਕੋਟ, ਅੰਮ੍ਰਿਤਸਰ, ਤਰਨ ਤਾਰਨ, ਰੂਪਨਗਰ, ਐਸ.ਏ.ਐਸ. ਨਗਰ (ਮੋਹਾਲੀ), ਸ੍ਰੀ ਫਤਿਹਗੜ੍ਹ ਸਾਹਿਬ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਵਿੱਚ 5 ਜੂਨ ਤੋਂ ਲੁਆਈ ਸ਼ੁਰੂ ਹੋਵੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਬਾਕੀ ਜ਼ਿਲ੍ਹਿਆਂ ਲੁਧਿਆਣਾ, ਮੋਗਾ, ਜਲੰਧਰ, ਮਾਨਸਾ, ਮਲੇਰਕੋਟਲਾ, ਸੰਗਰੂਰ, ਪਟਿਆਲਾ, ਬਰਨਾਲਾ, ਸ਼ਹੀਦ ਭਗਤ ਸਿੰਘ ਨਗਰ ਅਤੇ ਕਪੂਰਥਲਾ ਵਿੱਚ ਲੁਆਈ 9 ਜੂਨ ਤੋਂ ਸ਼ੁਰੂ ਹੋਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਨਾਲ ਝੋਨੇ ਦੇ ਸੀਜ਼ਨ ਦੌਰਾਨ ਸੂਬੇ ਦੇ ਸਾਰੇ ਜ਼ਿਲ੍ਹਿਆਂ ਵਿੱਚ ਬਿਜਲੀ ਸਪਲਾਈ ਲਈ ਬੋਝ ਘਟਾਉਣ ਵਿੱਚ ਮਦਦ ਮਿਲੇਗੀ। ਉਨ੍ਹਾਂ ਕਿਹਾ ਕਿ ਇਹ ਅਕਤੂਬਰ ਵਿੱਚ ਨਮੀ ਦੀ ਮਾਤਰਾ ਜ਼ਿਆਦਾ ਹੋਣ ਕਾਰਨ ਕਿਸਾਨਾਂ ਨੂੰ ਆਪਣੀ ਝੋਨੇ ਦੀ ਫ਼ਸਲ ਵੇਚਣ ਵਿੱਚ ਹੋਣ ਵਾਲੀਆਂ ਦਿੱਕਤਾਂ ਤੋਂ ਬਚਾਏਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਵਿੱਚ ਝੋਨੇ ਦੀ ਫ਼ਸਲ ਦੀ ਜ਼ੋਨ ਵਾਰ ਕਾਸ਼ਤ ਨੂੰ ਯਕੀਨੀ ਬਣਾਇਆ ਜਾਵੇਗਾ ਅਤੇ ਇਸ ਮੰਤਵ ਲਈ ਪੰਜਾਬ ਸਰਕਾਰ ਵੱਲੋਂ ਪਹਿਲਾਂ ਹੀ ਲੋੜੀਂਦੀ ਯੋਜਨਾਬੰਦੀ ਅਤੇ ਪ੍ਰਬੰਧ ਕੀਤੇ ਜਾ ਰਹੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਪਾਣੀ ਦੀ ਵੱਧ ਖਪਤ ਕਰਨ ਵਾਲੀ ਝੋਨੇ ਦੀ ਪੂਸਾ 44 ਕਿਸਮ ਦੀ ਕਾਸ਼ਤ 'ਤੇ ਪਾਬੰਦੀ ਲਗਾਉਣ 'ਤੇ ਵਿਚਾਰ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਕਿਸਮ ਦੀ ਕਾਸ਼ਤ ਲਈ ਲਗਪਗ 152 ਦਿਨ ਲੱਗਦੇ ਹਨ ਅਤੇ ਇਸ ਲਈ ਪ੍ਰਤੀ ਏਕੜ 64 ਲੱਖ ਲੀਟਰ ਪਾਣੀ ਦੀ ਲੋੜ ਹੁੰਦੀ ਹੈ ਅਤੇ ਸਰਕਾਰ ਨੂੰ ਬਿਜਲੀ ਲਈ ਪ੍ਰਤੀ ਏਕੜ 7500 ਰੁਪਏ ਲਾਗਤ ਆਉਂਦੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਕਿਸਮ ਦੀ ਕਾਸ਼ਤ ਲਈ ਕਿਸਾਨਾਂ ਨੂੰ ਪ੍ਰਤੀ ਏਕੜ ਲਗਪਗ 19000 ਰੁਪਏ ਦਾ ਖਰਚਾ ਸਹਿਣ ਕਰਨਾ ਪੈਂਦਾ ਹੈ ਅਤੇ ਇਹ ਦੂਜੀਆਂ ਕਿਸਮਾਂ ਨਾਲੋਂ 10 ਫੀਸਦੀ ਵੱਧ ਪਰਾਲੀ ਪੈਦਾ ਕਰਦੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਝੋਨੇ ਦੇ ਸੀਜ਼ਨ ਦੌਰਾਨ ਕਿਸਾਨਾਂ ਨੂੰ ਘੱਟੋ-ਘੱਟ ਅੱਠ ਘੰਟੇ ਨਿਯਮਤ ਬਿਜਲੀ ਸਪਲਾਈ ਯਕੀਨੀ ਬਣਾਏਗੀ। ਉਨ੍ਹਾਂ ਕਿਹਾ ਕਿ ਜਿਨ੍ਹਾਂ ਇਲਾਕਿਆਂ ਵਿੱਚ ਨਹਿਰੀ ਪਾਣੀ ਉਪਲਬਧ ਹੈ, ਉੱਥੇ ਰਾਤ ਦੇ ਸਮੇਂ ਅੱਠ ਘੰਟੇ ਬਿਜਲੀ ਸਪਲਾਈ ਕੀਤੀ ਜਾਵੇਗੀ। ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਕਦੇ ਵੀ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਕੋਈ ਯਤਨ ਕਰਨ ਦੀ ਚਿੰਤਾ ਨਹੀਂ ਕੀਤੀ ਅਤੇ ਪੰਜ ਦਰਿਆਵਾਂ ਦੀ ਇਸ ਧਰਤੀ 'ਤੇ ਟੇਲਾਂ ਉੱਤੇ ਪੈਂਦੇ ਕਿਸਾਨਾਂ ਨੂੰ ਕਦੇ ਵੀ ਪਾਣੀ ਨਹੀਂ ਮਿਲਿਆ।

ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਅਹੁਦਾ ਸੰਭਾਲਣ ਤੋਂ ਬਾਅਦ ਸੂਬੇ ਵਿੱਚ 15947 ਰਜਵਾਹਿਆਂ ਨੂੰ ਸੁਰਜੀਤ ਕੀਤਾ ਹੈ, ਜਿਸ ਕਾਰਨ ਦੂਰ-ਦੁਰਾਡੇ ਦੇ ਪਿੰਡਾਂ ਵਿੱਚ ਵੀ ਪਾਣੀ ਟੇਲਾਂ ਤੱਕ ਪਹੁੰਚਿਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਜਦੋਂ ਉਨ੍ਹਾਂ ਨੇ ਅਹੁਦਾ ਸੰਭਾਲਿਆ ਸੀ ਤਾਂ ਉਸ ਸਮੇਂ ਸੂਬੇ ਵਿੱਚ ਸਿੰਜਾਈ ਲਈ ਸਿਰਫ 21 ਫੀਸਦੀ ਨਹਿਰੀ ਪਾਣੀ ਦੀ ਵਰਤੋਂ ਕੀਤੀ ਜਾ ਰਹੀ ਸੀ। ਉਨ੍ਹਾਂ ਕਿਹਾ ਕਿ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਅੱਜ 75 ਫੀਸਦੀ ਨਹਿਰੀ ਪਾਣੀ ਸਿੰਜਾਈ ਦੇ ਉਦੇਸ਼ਾਂ ਲਈ ਵਰਤਿਆ ਜਾ ਰਿਹਾ ਹੈ।ਮੁੱਖ ਮੰਤਰੀ ਨੇ ਕਿਹਾ ਕਿ ਨਹਿਰੀ ਪਾਣੀ ਸਿੰਜਾਈ ਲਈ ਵਰਦਾਨ ਹੈ ਕਿਉਂਕਿ ਇਹ ਖਣਿਜਾਂ ਨਾਲ ਭਰਪੂਰ ਪਾਣੀ ਇੱਕ ਪਾਸੇ ਮਿੱਟੀ ਦੀ ਉਪਜਾਊ ਸ਼ਕਤੀ ਵਧਾਉਂਦਾ ਹੈ ਅਤੇ ਦੂਜੇ ਪਾਸੇ ਧਰਤੀ ਹੇਠਲੇ ਪਾਣੀ 'ਤੇ ਦਬਾਅ ਘਟਾਉਂਦਾ ਹੈ। ਉਨ੍ਹਾਂ ਕਿਹਾ ਕਿ ਇਹ ਬਿਜਲੀ ਖੇਤਰ 'ਤੇ ਬੋਝ ਨੂੰ ਵੀ ਘਟਾਉਂਦਾ ਹੈ, ਜਿਸ ਨਾਲ ਸੂਬਾ ਸਰਕਾਰ ਹਰ ਖੇਤਰ ਨੂੰ ਨਿਰਵਿਘਨ ਬਿਜਲੀ ਮੁਹੱਈਆ ਕਰਵਾ ਸਕਦੀ ਹੈ। ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ ਸੂਬਾ ਸਰਕਾਰ ਕਿਸਾਨਾਂ ਨੂੰ ਕਣਕ/ਝੋਨੇ ਦੇ ਚੱਕਰ ਵਿੱਚੋਂ ਕੱਢਣ ਲਈ ਮੱਕੀ ਵਰਗੀਆਂ ਬਦਲਵੀਆਂ ਫਸਲਾਂ 'ਤੇ ਢੁਕਵੀਂ ਮਾਰਕੀਟਿੰਗ ਅਤੇ ਘੱਟੋ-ਘੱਟ ਸਮਰਥਨ ਮੁੱਲ ਪ੍ਰਦਾਨ ਕਰਨ ਲਈ ਸਖ਼ਤ ਯਤਨ ਕਰ ਰਹੀ ਹੈ।

ਮੁੱਖ ਮੰਤਰੀ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਦਿੱਕਤ ਤੋਂ ਬਚਾਉਣ ਲਈ ਸੀਜ਼ਨ ਦੌਰਾਨ ਡੀ.ਏ.ਪੀ. ਅਤੇ ਯੂਰੀਆ ਦੀ ਬਲੈਕ ਨਹੀਂ ਹੋਣ ਦਿੱਤੀ ਜਾਵੇਗੀ। ਖੇਤੀਬਾੜੀ ਨੂੰ ਲਾਭਦਾਇਕ ਕਿੱਤਾ ਬਣਾਉਣ ਲਈ ਸੂਬਾ ਸਰਕਾਰ ਦੀ ਦ੍ਰਿੜ੍ਹ ਵਚਨਬੱਧਤਾ ਦੁਹਰਾਉਂਦੇ ਹੋਏ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕਿਸਾਨਾਂ ਨੂੰ ਮੌਜੂਦਾ ਖੇਤੀਬਾੜੀ ਸੰਕਟ ਵਿੱਚੋਂ ਕੱਢਣ ਲਈ ਉਨ੍ਹਾਂ ਦੀ ਸਰਗਰਮ ਭਾਗੀਦਾਰੀ ਸਮੇਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਲਗਾਤਾਰ ਵਧਦੀਆਂ ਲਾਗਤਾਂ ਅਤੇ ਘਟਦੀ ਆਮਦਨ ਕਾਰਨ ਖੇਤੀਬਾੜੀ ਹੁਣ ਲਾਭਦਾਇਕ ਨਹੀਂ ਰਹੀ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਕਾਰਨ ਸੂਬੇ ਦੇ ਕਿਸਾਨ ਦੁਰਾਹੇ 'ਤੇ ਹਨ। ਉਨ੍ਹਾਂ ਕਿਹਾ ਕਿ ਇਸ ਸੰਵਾਦ ਦਾ ਇੱਕੋ ਇੱਕ ਉਦੇਸ਼ ਫੈਸਲਾ ਲੈਣ ਵਾਲਿਆਂ ਅਤੇ ਸਬੰਧਤ ਧਿਰਾਂ ਵਿਚਕਾਰ ਪਾੜੇ ਨੂੰ ਘਟਾਉਣਾ ਹੈ ਤਾਂ ਜੋ ਕਿਸਾਨਾਂ ਦੀਆਂ ਜ਼ਰੂਰਤਾਂ ਅਨੁਸਾਰ ਨੀਤੀਆਂ ਤਿਆਰ ਕੀਤੀਆਂ ਜਾ ਸਕਣ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਦੇਸ਼ ਵਿੱਚ ਪੈਦਾ ਹੋਣ ਵਾਲੀ ਕੁੱਲ ਬਾਸਮਤੀ ਦਾ 80 ਫੀਸਦੀ ਉਤਪਾਦਨ ਕਰਦਾ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਇਸ ਉਤਪਾਦਨ ਨੂੰ ਹੋਰ ਵਧਾਇਆ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਨਾਲ ਇੱਕ ਪਾਸੇ ਬਾਸਮਤੀ ਉਦਯੋਗ ਨੂੰ ਹੁਲਾਰਾ ਮਿਲੇਗਾ ਅਤੇ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਹੋਵੇਗਾ ਅਤੇ ਨਾਲ ਹੀ ਪਾਣੀ ਦੇ ਰੂਪ ਵਿੱਚ ਕੀਮਤੀ ਕੁਦਰਤੀ ਸਰੋਤ ਦੀ ਬੱਚਤ ਵੀ ਹੋਵੇਗੀ। ਭਗਵੰਤ ਸਿੰਘ ਮਾਨ ਨੇ ਕਿਸਾਨਾਂ ਨੂੰ ਸੂਬੇ ਭਰ ਵਿੱਚ ਬਾਸਮਤੀ ਦੀ ਉੱਚ ਕਾਸ਼ਤ ਕਰਨ ਦਾ ਸੱਦਾ ਦਿੱਤਾ ਅਤੇ ਕਿਸਾਨਾਂ ਨੂੰ ਭਰੋਸਾ ਦਿੱਤਾ ਕਿ ਸੂਬਾ ਸਰਕਾਰ ਇਹ ਯਕੀਨੀ ਬਣਾਉਣ ਲਈ ਹਰ ਸੰਭਵ ਕੋਸ਼ਿਸ਼ ਕਰੇਗੀ ਕਿ ਉਨ੍ਹਾਂ ਨੂੰ ਬਾਸਮਤੀ ਦੀ ਕਾਸ਼ਤ ਵਿੱਚ ਕਿਸੇ ਵੀ ਤਰ੍ਹਾਂ ਦਾ ਨੁਕਸਾਨ ਨਾ ਹੋਵੇ। ਉਨ੍ਹਾਂ ਇਹ ਵੀ ਕਿਹਾ ਕਿ ਬਾਸਮਤੀ ਦੀ ਕਾਸ਼ਤ 'ਤੇ ਨਿਸ਼ਚਤ ਕੀਮਤ ਉਪਲਬਧ ਕਰਵਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ।

# ਵਿਜੀਲੈਂਸ ਬਿਊਰੋ ਵੱਲੋਂ 25000 ਰੁਪਏ ਰਿਸ਼ਵਤ ਲੈਂਦਿਆਂ SHO ਰੰਗੇ ਹੱਥੀਂ ਗ੍ਰਿਫ਼ਤਾਰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 12 ਅਪਰੈਲ INTERNATIONAL PAPER, 9463601616 hardipchumber57@gmail.com

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਦੌਰਾਨ ਸ਼ਨੀਵਾਰ ਨੂੰ ਜ਼ਿਲ੍ਹਾ ਫਿਰੋਜ਼ਪੁਰ ਦੇ ਮਮਦੋਟ ਥਾਣੇ ਵਿਖੇ ਐਸਐਚਓ ਵਜੋਂ ਤਾਇਨਾਤ ਇੰਸਪੈਕਟਰ ਅਭਿਨਵ ਚੌਹਾਨ ਨੂੰ 25,000 ਰੁਪਏ ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਅੱਜ ਇੱਥੇ ਰਾਜ ਵਿਜੀਲੈਂਸ ਬਿਊਰੋ ਦੇ ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ



ਸੁਰਿੰਦਰ ਸਿੰਘ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕੀਤੀ ਹੈ ਅਤੇ ਦੋਸ਼ ਲਗਾਇਆ ਹੈ ਕਿ ਪੁਲਿਸ ਮੁਲਾਜ਼ਮ ਨੇ ਇੱਕ ਆਮ ਝਗੜੇ ਦੇ ਨਿਪਟਾਰੇ ਲਈ ਇੱਕ ਲੱਖ ਰੁਪਏ ਦੀ ਰਿਸ਼ਵਤ ਦੀ ਮੰਗ ਕੀਤੀ ਹੈ ਪਰ ਉਹ ਇਹ ਰਿਸ਼ਵਤ ਦੇਣ ਲਈ ਤਿਆਰ ਨਹੀਂ। ਬੁਲਾਰੇ ਨੇ ਅੱਗੇ ਕਿਹਾ ਕਿ ਇਸ ਸ਼ਿਕਾਇਤ ਦੀ ਮੁੱਢਲੀ ਤਸਦੀਕ ਤੋਂ ਬਾਅਦ ਫਲਾਇੰਗ ਸਕੁਐਡ-1, ਪੰਜਾਬ ਦੀ ਵਿਜੀਲੈਂਸ ਬਿਊਰੋ ਟੀਮ ਨੇ ਇੱਕ ਜਾਲ ਵਿਛਾਇਆ ਜਿਸ ਦੌਰਾਨ ਉਕਤ ਮੁਲਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ ਪਹਿਲੀ ਕਿਸ਼ਤ ਵਜੋਂ 25000 ਰੁਪਏ ਦੀ ਰਿਸ਼ਵਤ ਲੈਂਦੇ ਹੋਏ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਸਬੰਧ ਵਿੱਚ ਉਕਤ ਪੁਲਿਸ ਮੁਲਾਜ਼ਮ ਵਿਰੁੱਧ ਮੋਹਾਲੀ ਸਥਿਤ ਵਿਜੀਲੈਂਸ ਬਿਊਰੋ ਫਲਾਇੰਗ ਸਕੁਐਡ-1 ਪੰਜਾਬ ਦੇ ਥਾਣੇ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ ਜਿਸ ਨੂੰ ਕੱਲ੍ਹ ਸਮਰੱਥ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਹੋਰ ਜਾਂਚ ਜਾਰੀ ਹੈ।

# ਡੇਰਾਬੱਸੀ ਸਿਵਲ ਹਸਪਤਾਲ 'ਚ ਹੋਈ ਝੜਪ ਵਿੱਚ ਸ਼ਾਮਲ ਦੋਵੇਂ ਧਿਰਾਂ ਵਿਰੁੱਧ ਐਫਆਈਆਰ ਦਰਜ

## ਹਸਪਤਾਲ ਦੇ ਪ੍ਰੋਟੋਕੋਲ ਦੀ ਉਲੰਘਣਾ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੀ ਜਾਵੇਗੀ: ਡਾ. ਬਲਬੀਰ ਸਿੰਘ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 12 ਅਪਰੈਲ INTERNATIONAL PAPER, 9463601616 hardipchumber57@gmail.com

ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਇੱਥੇ ਦੱਸਿਆ ਕਿ ਡੇਰਾਬੱਸੀ ਦੇ ਸਿਵਲ ਹਸਪਤਾਲ ਵਿੱਚ ਹੋਈ ਝੜਪ ਵਿੱਚ ਸ਼ਾਮਲ ਦੋਵੇਂ ਧਿਰਾਂ ਵਿਰੁੱਧ ਤੁਰੰਤ ਕਾਰਵਾਈ ਕਰਦਿਆਂ ਐਫ.ਆਈ.ਆਰ. ਦਰਜ ਕੀਤੀ ਗਈ ਹੈ।

ਡਾ. ਬਲਬੀਰ ਸਿੰਘ ਨੇ ਕਿਹਾ ਕਿ ਝੜਪ ਬਾਰੇ ਪਤਾ ਲੱਗਣ 'ਤੇ ਉਨ੍ਹਾਂ ਨੇ ਤੁਰੰਤ ਐਸਏਐਸ ਨਗਰ ਦੇ ਸਬੰਧਤ ਡਿਪਟੀ ਕਮਿਸ਼ਨਰ ਅਤੇ ਸੀਨੀਅਰ ਪੁਲਿਸ ਸੁਪਰਡੈਂਟ (ਐਸਐਸਪੀ) ਨਾਲ ਸੰਪਰਕ ਕੀਤਾ ਅਤੇ ਉਨ੍ਹਾਂ ਨੂੰ ਝੜਪ ਵਿੱਚ ਸ਼ਾਮਲ ਦੋਵਾਂ ਧਿਰਾਂ ਵਿਰੁੱਧ ਢੁਕਵੀਂ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ।

ਉਨ੍ਹਾਂ ਕਿਹਾ ਕਿ ਸਾਰੇ ਹਸਪਤਾਲ ਸ਼ਾਂਤਮਈ ਜ਼ੋਨ ਵਿੱਚ ਆਉਂਦੇ ਹਨ ਅਤੇ ਹਸਪਤਾਲ ਦੇ ਪ੍ਰੋਟੋਕੋਲ ਦੀ ਕਿਸੇ ਵੀ ਉਲੰਘਣਾ ਜਾਂ ਜਨਤਕ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ 'ਤੇ ਕਿਸੇ ਵੀ ਰਾਜਨੀਤਿਕ ਦਬਾਅ ਜਾਂ ਸਬੰਧਾਂ ਦੀ ਪਰਵਾਹ ਕੀਤੇ ਬਿਨਾਂ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਅੱਗੇ ਕਿਹਾ ਕਿ ਕਿਸੇ ਵੀ ਡਾਕਟਰੀ ਕਰਮਚਾਰੀ ਵਿਰੁੱਧ ਹਿੰਸਾ ਅਤੇ ਹਸਪਤਾਲ ਦੀ ਜਾਇਦਾਦ ਨੂੰ ਨੁਕਸਾਨ ਪਹੁੰਚਾਉਣਾ ਇੱਕ ਗੈਰ-ਜ਼ਮਾਨਤੀ ਅਪਰਾਧ ਹੈ।

ਲੋਕਾਂ ਨੂੰ ਸਰਕਾਰੀ ਸਿਹਤ ਸਹੂਲਤਾਂ ਵਿਖੇ ਨਿਰਵਿਘਨ ਡਾਕਟਰੀ ਇਲਾਜ ਲੈਂਦੇ ਰਹਿਣ ਦੀ ਅਪੀਲ ਕਰਦਿਆਂ ਸਿਹਤ ਮੰਤਰੀ ਨੇ ਭਰੋਸਾ ਦਿੱਤਾ ਕਿ ਡਾਕਟਰ ਅਤੇ ਸਟਾਫ਼ ਲੋਕਾਂ ਨੂੰ ਸੇਵਾਵਾਂ ਪ੍ਰਦਾਨ ਕਰਨ ਲਈ ਸਮਰਪਿਤ ਹਨ। ਹਾਲਾਂਕਿ, ਉਨ੍ਹਾਂ ਸਪੱਸ਼ਟ ਕੀਤਾ ਕਿ ਹਸਪਤਾਲ ਦੇ ਪ੍ਰੋਟੋਕੋਲ ਦੀ ਕਿਸੇ ਵੀ ਉਲੰਘਣਾ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਪੁਲਿਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਇਸ ਵੇਲੇ ਸੀਸੀਟੀਵੀ ਫੁਟੇਜ ਨੂੰ ਖੰਗਾਲਣ ਦੇ ਨਾਲ-ਨਾਲ ਗਵਾਹਾਂ ਦੇ ਬਿਆਨ ਲਏ ਜਾ ਰਹੇ ਹਨ।

# ਜ਼ਿਲਾ ਮੋਹਾਲੀ ਪੁਲਿਸ ਨੇ ਗੰਭੀਰ ਅਪਰਾਧ ਨੂੰ ਟਾਲਿਆ, ਗੈਂਗਸਟਰ ਗੋਲਡੀ ਬਰਾੜ ਦੇ ਦੋ ਕਾਰਕੁਨਾਂ ਨੂੰ ਗ੍ਰਿਫ਼ਤਾਰ ਕੀਤਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 12 ਅਪਰੈਲ INTERNATIONAL PAPER, 9463601616 hardipchumber57@gmail.com

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਅਤੇ ਡੀ ਜੀ ਪੀ ਪੰਜਾਬ ਸ੍ਰੀ ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸੰਗਠਿਤ ਅਪਰਾਧ ਵਿਰੁੱਧ ਚੱਲ ਰਹੀ ਲੜਾਈ ਚ ਅੱਜ ਉਸ ਵੇਲੇ ਵੱਡੀ ਸਫਲਤਾ ਪ੍ਰਾਪਤ ਹੋਈ ਜਦੋਂ ਜ਼ਿਲ੍ਹਾ ਐਸ ਏ ਐਸ ਨਗਰ ਪੁਲਿਸ ਨੇ ਅੰਬਾਲਾ-ਡੇਰਾਬੱਸੀ ਹਾਈਵੇਅ 'ਤੇ ਸਥਿਤ ਰੇਲਵੇ ਅੰਡਰ-ਬ੍ਰਿਜ ਦੇ ਨੇੜੇ ਇੱਕ ਸੰਖੇਪ ਮੁਕਾਬਲੇ ਤੋਂ ਬਾਅਦ ਵਿਦੇਸ਼-ਅਧਾਰਤ ਗੈਂਗਸਟਰ ਤੋਂ ਅੱਤਵਾਦੀ ਬਣੇ ਗੋਲਡੀ ਬਰਾੜ ਦੇ ਦੋ ਕਾਰਕੁਨਾਂ ਨੂੰ ਗ੍ਰਿਫ਼ਤਾਰ ਕਰਕੇ ਇੱਕ ਵੱਡੀ ਤੇ ਗੰਭੀਰ ਅਪਰਾਧਿਕ ਵਾਰਦਾਤ ਨੂੰ ਟਾਲ ਦਿੱਤਾ।

ਵਧੇਰੇ ਜਾਣਕਾਰੀ ਦਿੰਦਿਆਂ ਸ੍ਰੀ ਦੀਪਕ ਪਾਰੀਕ, ਆਈ ਪੀ ਐਸ, ਐਸ ਐਸ ਪੀ, ਐਸ ਏ ਐਸ ਨਗਰ ਨੇ ਦੱਸਿਆ ਕਿ

ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਕਾਰਤਿਕ ਸਿੰਘ ਉਰਫ਼ ਰਵੀ, ਵਾਸੀ ਨਾਰਾਇਣਗੜ੍ਹ, ਅੰਬਾਲਾ, (ਹਰਿਆਣਾ), ਅਤੇ ਦੀਪਕ ਉਰਫ਼ ਦੀਪੂ ਵਾਸੀ ਜਗਾਧਰੀ, (ਹਰਿਆਣਾ), ਜੋ ਕਿ ਮੌਜੂਦਾ ਸਮੇਂ ਡੇਰਾਬੱਸੀ ਵਿੱਚ ਰਹਿੰਦਾ ਹੈ, ਵਜੋਂ ਹੋਈ ਹੈ।

ਐਸ ਐਸ ਪੀ ਦੀਪਕ ਪਾਰੀਕ ਨੇ ਅੱਗੇ ਦੱਸਿਆ



ਕਿ ਦੋਵਾਂ ਨੂੰ ਉਨ੍ਹਾਂ ਦੇ ਹੈਂਡਲਰ ਗੋਲਡੀ ਬਰਾੜ ਅਤੇ ਭਾਨੂ ਰਾਣਾ ਦੇ ਨਿਰਦੇਸ਼ਾਂ 'ਤੇ ਡੇਰਾਬੱਸੀ ਦੇ ਕਾਲਜ ਰੋਡ 'ਤੇ ਸਥਿਤ ਇੱਕ ਇਮੀਗ੍ਰੇਸ਼ਨ ਦਫ਼ਤਰ 'ਤੇ ਗੋਲੀਬਾਰੀ ਕਰਨ ਦਾ ਕੰਮ ਸੌਂਪਿਆ ਗਿਆ ਸੀ। ਐਸ ਐਸ ਪੀ ਨੇ ਕਿਹਾ, "ਭਰੋਸੇਯੋਗ/ਪੁਖ਼ਤਾ ਜਾਣਕਾਰੀ 'ਤੇ ਕਾਰਵਾਈ ਕਰਦੇ ਹੋਏ, ਪੁਲਿਸ ਟੀਮਾਂ ਨੇ ਉਨ੍ਹਾਂ ਨੂੰ ਹਮਲਾ ਕਰਨ/ਪੀੜਤ ਨੂੰ ਨਿਸ਼ਾਨਾ ਬਣਾਉਣ ਤੋਂ ਪਹਿਲਾਂ ਹੀ ਕਾਮਯਾਬੀ ਨਾਲ ਰੋਕ ਲਿਆ ਅਤੇ ਗ੍ਰਿਫ਼ਤਾਰ ਕਰ ਲਿਆ।"

ਹੋਰ ਵੇਰਵੇ ਦਿੰਦੇ ਹੋਏ, ਐਸ ਐਸ ਪੀ ਨੇ ਕਿਹਾ ਕਿ ਗੋਲਡੀ ਬਰਾੜ ਗੈਂਗ ਨੇ ਇਮੀਗ੍ਰੇਸ਼ਨ ਦਫ਼ਤਰ ਵਿਖੇ 50 ਲੱਖ ਰੁਪਏ ਦੀ ਮੰਗ ਕਰਨ ਵਾਲੀ ਫਿਰੌਤੀ ਪਰਚੀ ਸੁੱਟੀ ਸੀ, ਜਿਸ ਤੇ ਕਾਰਵਾਈ ਕਰਦੇ ਹੋਏ, ਬੀ ਐਨ ਐਸ ਦੀਆਂ ਧਾਰਾਵਾਂ 308(2), 351(1), ਅਤੇ 351(3) ਦੇ ਤਹਿਤ ਐਫ ਆਈ ਆਰ ਨੰਬਰ 89, ਮਿਤੀ 10-04-2025, ਥਾਣਾ ਡੇਰਾਬੱਸੀ ਵਿਖੇ ਦਰਜ ਕੀਤੀ ਗਈ ਸੀ। ਉਨ੍ਹਾਂ ਦੱਸਿਆ ਕਿ ਇਸ ਉਪਰੰਤ, "ਡੀਆਈਜੀ ਰੋਪੜ ਰੇਂਜ ਹਰਚਰਨ ਸਿੰਘ ਭੁੱਲਰ ਦੇ ਨਿਰਦੇਸ਼ਾਂ 'ਤੇ, ਮੁਲਜ਼ਮਾਂ ਦਾ ਪਤਾ ਲਗਾਉਣ ਅਤੇ ਉਨ੍ਹਾਂ ਨੂੰ ਫੜਨ ਲਈ ਇੱਕ ਵਿਸ਼ੇਸ਼ ਟੀਮ ਬਣਾਈ ਗਈ ਸੀ। ਐਸ ਪੀ ਦਿਹਾਤੀ ਮਨਪ੍ਰੀਤ ਸਿੰਘ ਅਤੇ ਡੀ ਐਸ ਪੀ ਡੇਰਾਬੱਸੀ ਬਿਕਰਮਜੀਤ ਸਿੰਘ ਬਰਾੜ ਦੀ ਨਿਗਰਾਨੀ ਹੇਠ ਟੀਮ ਨੇ ਇਲਾਕੇ ਤੋਂ ਸੁਰਾਗ ਅਤੇ ਸੀ ਸੀ ਟੀ ਵੀ ਫੁਟੇਜ ਇਕੱਠੇ ਕੀਤੇ, ਜਿਸ ਨਾਲ ਇੱਕ ਮੁਲਜ਼ਮ ਦੀ ਪਛਾਣ ਕਰਨ ਵਿੱਚ ਸਫਲਤਾ ਮਿਲੀ"।

ਇਸ ਕਰਵਾਈ ਸੰਬੰਧੀ ਵਧੇਰੇ ਜਾਣਕਾਰੀ ਪ੍ਰਦਾਨ ਕਰਦੇ ਹੋਏ, ਐਸ ਐਸ ਪੀ ਨੇ ਕਿਹਾ, "ਅੱਜ, ਦੋਵਾਂ ਦੇ ਹਮਲੇ ਨੂੰ ਅੰਜਾਮ ਦੇਣ ਦੀ ਯੋਜਨਾ ਬਾਰੇ ਮਿਲੀ ਸੂਹ 'ਤੇ ਤੁਰੰਤ ਤੇਜ਼ੀ ਨਾਲ ਕਾਰਵਾਈ ਕਰਦੇ ਹੋਏ, ਅੰਬਾਲਾ-ਡੇਰਾਬੱਸੀ ਹਾਈਵੇਅ 'ਤੇ ਰੇਲਵੇ ਅੰਡਰ-ਬ੍ਰਿਜ ਦੇ ਨੇੜੇ ਕਾਬੂ ਕਰਨ ਦੀ ਯੋਜਨਾ ਬਣਾਈ ਗਈ ਤਾਂ ਜੋ ਉਨ੍ਹਾਂ ਨੂੰ ਰੋਕਿਆ ਜਾ ਸਕੇ ਅਤੇ ਫੜਿਆ ਜਾ ਸਕੇ। ਕਾਰਵਾਈ ਦੌਰਾਨ, ਮੁਲਜ਼ਮਾਂ ਨੇ ਗ੍ਰਿਫ਼ਤਾਰੀ ਤੋਂ ਬਚਣ ਦੀ ਕੋਸ਼ਿਸ਼ ਵਿੱਚ ਪੁਲਿਸ ਟੀਮ 'ਤੇ ਗੋਲੀਬਾਰੀ ਕੀਤੀ। ਜਵਾਬੀ ਕਾਰਵਾਈ ਵਿੱਚ, ਮੁਲਜ਼ਮ ਰਵੀ ਦੀ ਖੱਬੀ ਲੱਤ 'ਤੇ ਗੋਲੀ ਲੱਗੀ। ਚਾਰ ਕਾਰਤੂਸਾਂ ਦੇ ਨਾਲ ਇੱਕ .32 ਕੈਲੀਬਰ ਪਿਸਤੌਲ ਵੀ ਬਰਾਮਦ ਕੀਤਾ ਗਿਆ।

ਐਸ ਐਸ ਪੀ ਨੇ ਅੱਗੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਦੋਵੇਂ ਮੁਲਜ਼ਮ ਯਮੁਨਾਨਗਰ ਦੇ ਰਹਿਣ ਵਾਲੇ ਭਾਨੂ ਰਾਣਾ ਰਾਹੀਂ ਗੈਂਗਸਟਰ ਤੋਂ ਅੱਤਵਾਦੀ ਬਣੇ ਗੋਲਡੀ ਬਰਾੜ ਦੇ ਸੰਪਰਕ ਵਿੱਚ ਆਏ ਸਨ, ਜੋ ਕਿ ਇਸ ਸਮੇਂ ਅਮਰੀਕਾ ਵਿੱਚ ਰਹਿ ਰਿਹਾ ਹੈ। "ਇਸ ਇਮੀਗ੍ਰੇਸ਼ਨ ਦਫ਼ਤਰ ਨੂੰ ਸਤੰਬਰ 2024 ਵਿੱਚ ਵੀ ਇਸੇ ਗਿਰੋਹ ਦੁਆਰਾ ਨਿਸ਼ਾਨਾ ਬਣਾਇਆ ਗਿਆ ਸੀ", ਐਸ ਐਸ ਪੀ ਨੇ ਅੱਗੇ ਖੁਲਾਸਾ ਕਰਦਿਆਂ ਦੱਸਿਆ।

ਉਨ੍ਹਾਂ ਦੱਸਿਆ ਕਿ ਇਸ ਸਬੰਧ ਵਿੱਚ ਬੀ ਐਨ ਐਸ ਦੀ ਧਾਰਾ 103 ਅਤੇ 25 (6)(7) ਅਸਲਾ ਐਕਟ ਦੇ ਤਹਿਤ 12-04-2025 ਨੂੰ ਐਸ ਏ ਐਸ ਨਗਰ ਜ਼ਿਲ੍ਹੇ ਦੀ ਡੇਰਾਬੱਸੀ ਸਬ ਡਵੀਜ਼ਨ ਦੇ ਪੁਲਿਸ ਸਟੇਸ਼ਨ ਲਾਲੜੂ ਵਿਖੇ ਇੱਕ ਤਾਜ਼ਾ ਐਫ ਆਈ ਆਰ ਦਰਜ ਕੀਤੀ ਗਈ ਹੈ ਅਤੇ ਅਗਲੇਰੀ ਜਾਂਚ ਜਾਰੀ ਹੈ।

# ਪੰਜਾਬ 'ਚ ਸਾਬਕਾ ਮੰਤਰੀ ਦੇ ਘਰ 'ਤੇ ਹਮਲੇ ਦਾ ਮਾਸਟਰਮਾਈਂਡ ਗ੍ਰਿਫਤਾਰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 12 ਅਪਰੈਲ INTERNATIONAL PAPER, 9463601616 hardipchumber57@gmail.com

ਪੰਜਾਬ ਭਾਜਪਾ ਦੇ ਸਾਬਕਾ ਪ੍ਰਧਾਨ ਅਤੇ ਸਾਬਕਾ ਕੈਬਨਿਟ ਮੰਤਰੀ ਮਨੋਰੰਜਨ ਕਾਲੀਆ ਦੇ ਘਰ 'ਤੇ ਹੋਏ ਅੱਤਵਾਦੀ ਹਮਲੇ ਨੂੰ ਲੈ ਕੇ ਕੇਂਦਰੀ ਏਜੰਸੀਆਂ ਹਰਕਤ 'ਚ ਹਨ। NIA ਨੇ ਇਸ ਮਾਮਲੇ ਵਿੱਚ ਉੱਤਰ ਪ੍ਰਦੇਸ਼ ਦੇ ਮੇਰਠ ਤੋਂ ਇਸ ਹਮਲੇ ਦੇ ਮਾਸਟਰਮਾਈਂਡ ਨੂੰ ਹਿਰਾਸਤ



ਵਿੱਚ ਲਿਆ ਹੈ। ਫਿਲਹਾਲ NIA ਦੀ ਟੀਮ ਉਸ ਤੋਂ ਪੁੱਛਗਿੱਛ ਕਰ ਰਹੀ ਹੈ।

ਫੜੇ ਗਏ ਮੁਲਜ਼ਮ ਦੀ ਪਛਾਣ ਸੈਦੁਲ ਅਮੀਨ ਵਾਸੀ ਅਮਰੋਹਾ, ਉੱਤਰ ਪ੍ਰਦੇਸ਼ ਵਜੋਂ ਹੋਈ ਹੈ। ਜਿਸ ਨੂੰ ਕੇਂਦਰੀ ਏਜੰਸੀਆਂ ਅਤੇ ਦਿੱਲੀ ਪੁਲਿਸ ਦੀਆਂ ਟੀਮਾਂ ਨੇ ਦਿੱਲੀ ਤੋਂ ਗ੍ਰਿਫਤਾਰ ਕੀਤਾ ਸੀ। ਹਾਲਾਂਕਿ ਕੇਂਦਰੀ ਏਜੰਸੀਆਂ ਅਤੇ ਪੰਜਾਬ ਪੁਲਿਸ ਦੀਆਂ ਟੀਮਾਂ ਲਗਾਤਾਰ ਸੰਪਰਕ ਵਿੱਚ ਸਨ। ਦੱਸ ਦੇਈਏ ਕਿ ਮੁਲਜ਼ਮ ਦੇ ਵਿਦੇਸ਼ ਬੈਠੇ ਅੱਤਵਾਦੀਆਂ ਨਾਲ ਸਬੰਧ ਹੋਣ ਦਾ ਪਤਾ ਲੱਗਾ ਹੈ।

ਪੰਜਾਬ ਪੁਲਿਸ ਦੇ ਡੀਜੀਪੀ ਗੌਰਵ ਯਾਦਵ ਨੇ ਕਿਹਾ ਹੈ ਕਿ ਉਨ੍ਹਾਂ ਨੇ ਕੇਂਦਰੀ ਏਜੰਸੀਆਂ ਅਤੇ ਦਿੱਲੀ ਪੁਲਿਸ ਦੇ ਸਹਿਯੋਗ ਨਾਲ ਇਹ ਗ੍ਰਿਫ਼ਤਾਰੀ ਕੀਤੀ ਹੈ।

# ਅਜਨਾਲਾ ਖੇਤਰ 'ਚ ਪੁਲਿਸ ਵਲੋਂ ਨਸ਼ਾ ਤਸਕਰ ਦਾ ਐਨਕਾਊਂਟਰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 12 ਅਪਰੈਲ INTERNATIONAL PAPER, 9463601616 hardipchumber57@gmail.com

ਅਜਨਾਲਾ: ਅਜਨਾਲਾ ਦੇ ਇਲਾਕੇ ਰਮਦਾਸ ਨੇੜੇ ਪੁਲਿਸ ਵਲੋਂ ਇਕ ਨਸ਼ਾ ਤਸਕਰ ਦਾ ਐਨਕਾਊਂਟਰ ਕੀਤਾ ਗਿਆ।ਇਸ ਬਾਰੇ ਡੀ.ਐਸ.ਪੀ. ਗੁਰਵਿੰਦਰ ਸਿੰਘ ਔਲਖ ਨੇ ਦੱਸਿਆ ਕਿ ਪੁਲਿਸ ਵਲੋਂ ਦੋ ਨੌਜਵਾਨਾਂ ਨੂੰ ਗ੍ਰਿਫਤਾਰ ਕਰਕੇ ਪੁਲਿਸ ਰਿਮਾਂਡ ਉਤੇ ਲੈਣ ਉਪਰੰਤ ਅੱਜ ਇਕ ਨੌਜਵਾਨ ਪਲਵਿੰਦਰ ਸਿੰਘ ਨੂੰ ਹੈਰੋਇਨ ਅਤੇ ਹਥਿਆਰਾਂ ਦੀ ਰਿਕਵਰੀ ਲਈ ਰਮਦਾਸ ਨੇੜੇ ਲਿਜਾਇਆ ਗਿਆ ਸੀ ਤਾਂ ਉਸਨੇ ਜ਼ਮੀਨ ਵਿਚ ਦੱਬੇ ਪਿਸਤੌਲ ਨਾਲ ਪੁਲਿਸ ਉੱਪਰ ਫਾਇਰਿੰਗ ਕਰ ਦਿੱਤੀ।

### ਪੁਲਿਸ ਨੇ ਕੀਤੀ ਜਵਾਬੀ ਕਾਰਵਾਈ

ਇਸ ਤੋਂ ਬਾਅਦ ਪੁਲਿਸ ਨੇ ਉਸ ਨੂੰ ਰੋਕਣ ਵਾਸਤੇ ਲਲਕਾਰਿਆ ਤਾਂ ਉਹ ਨਹੀਂ ਰੁਕਿਆ, ਜਿਸ ਤੋਂ ਬਾਅਦ ਪੁਲਿਸ ਵਲੋਂ ਉਸ ਵੱਲ ਜਵਾਬੀ ਫਾਇਰਿੰਗ ਕਰ ਦਿੱਤੀ ਗਈ ਤੇ ਇਕ ਗੋਲੀ ਉਸਦੀ ਲੱਤ ਵਿਚ ਲੱਗੀ। ਪੁਲਿਸ ਵਲੋਂ ਜ਼ਖਮੀ ਨੌਜਵਾਨ ਪਲਵਿੰਦਰ ਸਿੰਘ ਨੂੰ ਰਮਦਾਸ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ।

## (ਬਾਕੀ ਦੀ ਖਬਰ) ਸੁਖਬੀਰ ਬਾਦਲ ਨੇ 2 ਦਸੰਬਰ ਦੇ ਹੁਕਮਨਾਮੇ ਦੀ ਕੀਤੀ ਉਲੰਘਣਾ :ਪੰਜ ਮੈਂਬਰੀ ਭਰਤੀ ਕਮੇਟੀ

ਮੈਂਬਰੀ ਭਰਤੀ ਕਮੇਟੀ ਬਣਾਈ ਗਈ ਸੀ। ਇਸ ਕਮੇਟੀ ਵਿੱਚੋਂ ਦੋ ਮੈਂਬਰਾਂ ਨੇ ਅੱਜ ਪ੍ਰਧਾਨ ਚੁਣਨ ਵਾਲੇ ਧੜੇ ਦੇ ਦਬਾਅ ਹੇਠ ਅਸਤੀਫ਼ੇ ਦੇ ਦਿੱਤੇ ਤਾਂ ਜੋ ਸਿਆਸੀ ਅਗਵਾਈ ਦਾ ਨੈਤਿਕ ਅਧਾਰ ਗੁਆ ਚੁੱਕੀ ਲੀਡਰਸ਼ਿਪ ਦੇ ਸਿਆਸੀ ਸਵਾਰਥ ਪੂਰੇ ਹੋ ਸਕਣ ਅਤੇ ਭਰਤੀ ਕਮੇਟੀ ਦੇ ਕੰਮ ਵਿੱਚ ਰੁਕਾਵਟ ਖੜੀ ਕੀਤੀ ਜਾ ਸਕੇ, ਪਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜੱਥੇਦਾਰ ਗਿਆਨੀ ਰਘੁਬੀਰ ਸਿੰਘ ਜੀ ਮੁੜ ਹਦਾਇਤ ਅਤੇ ਹੁਕਮਾਂ ਉਪਰੰਤ ਪੰਜ ਮੈਂਬਰਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਨੂੰ ਇਲਾਹੀ ਮੰਨਦੇ ਹੋਏ 18 ਮਾਰਚ ਨੂੰ ਭਰਤੀ ਦਾ ਕਾਰਜ ਸ਼ੁਰੂ ਕੀਤਾ।

ਪੰਜ ਮੈਂਬਰੀ ਭਰਤੀ ਕਮੇਟੀ ਨੇ ਸਮੀਖਿਆ ਤੋਂ ਬਾਅਦ ਕਿਹਾ ਕਿ ਭਰਤੀ ਪਾਰਦਰਸ਼ਤਾ ਨਾਲ ਜਾਰੀ ਹੈ, ਜਿਸ ਨੂੰ ਪੂਰੇ ਪੰਜਾਬ ਭਰ ਸਮੇਤ ਦੇਸ਼ ਵਿਦੇਸ਼ ਵਿੱਚ ਵਸਦੇ ਪੰਜਾਬੀ ਭਾਈਚਾਰੇ ਤੋਂ ਬਹੁਤ ਵੱਡਾ ਸਹਿਯੋਗ ਅਤੇ ਸਮਰਥਨ ਮਿਲ ਰਿਹਾ ਹੈ। ਇਸ ਸਹਿਯੋਗ ਅਤੇ ਸਮਰਥਨ ਦੀ ਬਦੌਲਤ 10 ਅਪ੍ਰੈਲ ਦੀ ਸ਼ਾਮ ਤੱਕ 15 ਲੱਖ 64 ਹਜ਼ਾਰ ਮੈਂਬਰਸ਼ਿਪ ਸਲਿੱਪ ਜਾਰੀ ਹੋ ਚੁੱਕੀਆਂ ਹਨ, ਆਉਣ ਵਾਲੇ ਦਿਨਾਂ ਵਿੱਚ ਹਰ ਪੰਜਾਬੀ ਤੱਕ ਪਹੁੰਚ ਕਰਕੇ ਭਰਤੀ ਪ੍ਰਕਿਰਿਆ ਵਿੱਚ ਤੇਜੀ ਲਿਆਂਦੀ ਜਾਵੇਗੀ।

ਪੰਜ ਮੈਂਬਰੀ ਭਰਤੀ ਕਮੇਟੀ ਮੈਂਬਰਾਂ ਨੇ ਪੂਰਨ ਵਿਸ਼ਵਾਸ ਨਾਲ ਕਿਹਾ ਕਿ, ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੋਏ ਹੁਕਮਾਂ ਤੇ ਇੰਨ ਬਿੰਨ ਪਹਿਰਾ ਦੇਕੇ ਵਿਧੀ ਵਿਧਾਨ ਮੁਤਾਬਿਕ ਡੈਲੀਗੇਟ ਬਣਾਕੇ ਸ਼੍ਰੋਮਣੀ ਅਕਾਲੀ ਦਲ ਨੂੰ ਪੰਥ ਪ੍ਰਵਾਨਿਤ ਲੀਡਰਸ਼ਿਪ ਦਿੱਤੀ ਜਾਵੇਗੀ ਤਾਂ ਜੋ ਪੰਜਾਬ ਦੀ ਮਾਂ ਪਾਰਟੀ ਅਤੇ ਪੰਥ ਦੀ ਨੁਮਾਇੰਦਾ ਜਮਾਤ ਨੂੰ ਪੁਨਰ ਸੁਰਜੀਤ ਕਰਦੇ ਹੋਏ ਸੂਬੇ ਦੇ ਹਿੱਤਾਂ ਅਤੇ ਮੁੱਦਿਆਂ ਦੀ ਰਾਖੀ ਕੀਤੀ ਜਾ ਸਕੇ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 12 ਅਪਰੈਲ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

ਬਾਬਾ ਸਾਹਿਬ ਕਹਿੰਦੇ ਹਨ

**ਇੰਜੀ. ਹਰਦੀਪ ਸਿੰਘ ਚੁੰਬਰ**

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੋ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

ਕੱਲ੍ਹ ਦਾ ਬਾਕੀ ਭਾਗ



ਮੈਂ 1919 ਤੋਂ ਰਾਜਨੀਤੀ ਵਿੱਚ ਹਾਂ, ਜਦੋਂ ਗਾਂਧੀ ਨੇ ਕਦਮ ਰੱਖਿਆ ਸੀ। ਹਾਲਾਂਕਿ, ਮੈਂ ਕਦੇ ਵੀ ਉਨ੍ਹਾਂ ਵਿੱਚੋਂ ਇੱਕ ਨਹੀਂ ਰਿਹਾ। ਅਸੀਂ ਬਹੁਤ ਸਾਰੀਆਂ ਵੱਖਰੀਆਂ ਚੀਜ਼ਾਂ ਦੀ ਕੋਸ਼ਿਸ਼ ਕੀਤੀ। ਮਹਾੜ ਦੇ ਜਲ ਸੱਤਿਆਗ੍ਰਹਿ, ਨਾਸਿਕ ਦੇ ਮੰਦਰ ਪ੍ਰਵੇਸ਼ ਸੱਤਿਆਗ੍ਰਹਿ ਨੇ ਕਈ ਤਰ੍ਹਾਂ ਦੇ ਸੱਤਿਆਗ੍ਰਹਿ ਕੀਤੇ ਹਨ। ਚਾਵਦਰ ਛੱਪੜ ਦਾ ਪਾਣੀ ਪੀਣ ਨਾਲ ਜਾਂ ਕਾਲਾਰਾਮ ਮੰਦਰ ਜਾਣ ਨਾਲ ਅਸੀਂ ਅਮਰ ਨਹੀਂ ਹੋ ਜਾਵਾਂਗੇ। ਇਹ ਸਾਡੇ ਅਧਿਕਾਰਾਂ ਦੀ ਲੜਾਈ ਸੀ। ਪਰ ਕਿਸੇ ਨੇ ਵੀ ਕੋਈ ਹਮਦਰਦੀ ਨਹੀਂ ਦਿਖਾਈ। ਸਾਡੀਆਂ ਤਸਵੀਰਾਂ ਅਖ਼ਬਾਰਾਂ ਵਿੱਚ ਛਪੀਆਂ ਹੋਈਆਂ ਸਨ। ਸਾਡੇ ਪ੍ਰੋਗਰਾਮਾਂ ਲਈ ਪੱਤਰਕਾਰ ਨਹੀਂ ਆਏ। ਮੈਂ ਬਹਿਸ਼ਕ੍ਰਿਤ ਭਾਰਤ ਦਾ ਸੰਪਾਦਕ ਸੀ। ਮੈਂ 1919 ਤੋਂ 1942 ਤੱਕ ਸੰਪਾਦਕ ਰਿਹਾ। ਇੱਕ ਵਾਰ ਕੇਸਰੀ ਵਿੱਚ ਇਸ਼ਤਿਹਾਰ ਭੇਜਿਆ ਗਿਆ। ਇਸ ਦੇ ਨਾਲ ਹੀ 3 ਰੁਪਏ ਦਾ ਮਨੀ ਆਰਡਰ ਵੀ ਇਸ਼ਤਿਹਾਰ ਫੀਸ ਵਜੋਂ ਭੇਜਿਆ ਗਿਆ ਸੀ। ਮਨੀ ਆਰਡਰ ਵਾਪਸ ਆ ਗਿਆ। ਇਸ ਦਾ ਕਾਰਨ ਜਗ੍ਹਾ ਦੀ ਘਾਟ ਦਸਿਆ ਗਿਆ ਸੀ। ਮੈਂ ਟਾਈਮਜ਼ ਆਫ਼ ਇੰਡੀਆ ਨੂੰ ਫੋਨ ਕੀਤਾ। ਉਨ੍ਹਾਂ ਨੇ ਸੋਚਿਆ ਕਿ ਇਹ ਭਿਖਾਰੀ ਉਨ੍ਹਾਂ ਨੂੰ ਪਰੇਸ਼ਾਨ ਕਰਨ ਲਈ ਕਿੱਥੋਂ ਆਏ ਹਨ। ਉਸ ਨੇ ਕੋਈ ਜਵਾਬ ਨਹੀਂ ਦਿੱਤਾ। ਅਤੇ ਹੁਣ ਉਹ ਹਮੇਸ਼ਾ ਪਿੱਛੇ ਰਹਿੰਦੇ ਹਨ, ਰਿਪੋਰਟਾਂ ਦਿੰਦੇ ਹਨ। ਇਸ ਤਰ੍ਹਾਂ ਦੀ ਸਥਿਤੀ ਸੀ। ਸਾਡੇ ਅੰਦੋਲਨ ਨੇ ਅਜਿਹੇ ਦਿਨ ਦੇਖੇ ਹਨ। ਮੈਂ ਸੱਚਮੁੱਚ ਲੋਕਾਂ ਦਾ ਧੰਨਵਾਦੀ ਹਾਂ। ਮੈਂ ਇਹ ਸਭ ਮਹਾਰ ਲੋਕਾਂ ਦੇ ਕਾਰਨ ਕਰ ਸਕਿਆ। ਇਹ ਮੇਰਾ 30 ਸਾਲਾਂ ਦਾ ਤਜਰਬਾ ਰਿਹਾ ਹੈ। ਮਹਾਰ ਯੋਧੇ ਹੁੰਦੇ ਹਨ, ਉਹ ਲੜ ਸਕਦੇ ਹਨ, ਉਹ ਬਲੀਦਾਨ ਦੇ ਸਕਦੇ ਹਨ ਤਿਆਗ ਕਰ ਸਕਦੇ ਹਨ। ਕੋਈ ਹੋਰ ਜਾਤੀ ਅਜਿਹਾ ਨਹੀਂ ਕਰ ਸਕੇਗੀ। ਇਸ ਲਈ, ਮੇਰੇ ਉੱਤੇ ਉਹਨਾ ਦੇ ਬਹੁਤ ਸਾਰੇ ਪਰਉਪਕਾਰ ਹਨ ਮੈਂ ਉਹਨਾ ਦਾ ਬਹੁਤ ਸ਼ੁਕਰਗੁਜ਼ਾਰ ਹਾਂ। ਮੈਂ ਇੱਥੇ ਜਾਤੀਵਾਦੀ ਟਿੱਪਣੀਆਂ ਕਰ ਰਿਹਾ ਹਾਂ ਤਾਂ ਜੇ ਕੋਈ ਮੇਰੇ ਉੱਤੇ ਦੋਸ਼ ਲਗ ਸਕਦੇ ਹਨ। ਪਰ ਮੈਨੂੰ ਮਾਣ ਹੈ ਕਿ ਮੈਂ ਇਸ ਜਾਤੀ ਵਿੱਚ ਪੈਦਾ ਹੋਇਆ। ਇਸ ਸਥਿਤੀ ਵਿੱਚ, ਅਛੂਤ ਸਮਾਜ ਪਹੁੰਚ ਗਿਆ, ਇਸ ਦਾ ਬਹੁਤ ਸਾਰਾ ਸਿਹਰਾ ਤੁਹਾਡੇ ਇਸ ਕੰਮ ਲਈ ਪਾਗਲ ਵਾਂਗ ਕੀਤੀ ਮਿਹਨਤ ਨੂੰ ਜਾਂਦਾ ਹੈ। ਔਰਤਾਂ ਨੇ ਵੀ ਇਸ ਵਿੱਚ ਅਹਿਮ ਭੂਮਿਕਾ ਨਿਭਾਈ ਹੈ। 30 ਸਾਲ ਪਹਿਲਾਂ ਔਰਤਾਂ ਬਹੁਤ ਗੰਦੇ ਅਤੇ ਬੇਢੰਗੇ ਢੰਗ ਨਾਲ ਰਹਿੰਦੀਆਂ ਸਨ।

ਔਰਤਾਂ ਮੈਨੂੰ 'ਬਾਮਨ ਹੈ' ਕਿਹਾ ਕਰਦੀਆਂ ਸਨ। ਉਹ ਕਹਿੰਦੀਆਂ ਸਨ, 'ਅਸੀਂ ਬਾਮਨ ਨਹੀਂ ਬਣਨਾ'। ਅੱਜ ਅਜਿਹੀ ਕੋਈ ਸਥਿਤੀ ਨਹੀਂ ਹੈ। ਪਰ ਅਸੀਂ ਹਾਲੇ ਸਿਖਰ ਤੇ ਨਹੀਂ ਪਹੁੰਚੇ ਵਿਚਕਾਰ ਪਹੁੰਚ ਗਏ ਹਾਂ। ਉੱਪਰ ਜਾ ਰਹੇ ਹਾਂ। ਤੁਸੀਂ ਇਹ ਨਹੀਂ ਦੱਸ ਸਕਦੇ ਕਿ ਤੁਹਾਡੇ ਪੈਰ ਕਦੋਂ ਤਿਲਕ ਜਾਂਣਗੇ। ਹੁਣ ਸੰਕਟ ਦੀ ਸਥਿਤੀ ਬਦਲੀ ਨਹੀਂ, ਮੈਂ ਜਾਂ ਉਹ ਨੇਤਾ ਹੁਣ ਇਸ ਝਗੜੇ ਨੂੰ ਖਤਮ ਕਰਨਾ ਹੋਵੇਗਾ। ਜਨਤਕ ਸੇਵਾ ਵਿੱਚ ਸਹਾਇਤਾ ਕਰੋ। ਹਜ਼ਾਰਾਂ ਸੰਸਥਾਵਾਂ ਦਾਨ ਅਤੇ ਧਰਮ ਕਰਕੇ ਰਾਸ਼ਟਰ ਨੂੰ ਬਚਾਉਂਦੀਆਂ ਹਨ। ਕੋਂਕਣਸਥ ਬ੍ਰਾਹਮਣ, ਦੇਸ਼ਸਥ ਬ੍ਰਾਹਮਣ, ਪ੍ਰਭੂ ਆਦਿ ਇਹ ਬ੍ਰਾਹਮਣਾਂ ਦੀਆਂ ਸੰਸਥਾਵਾਂ ਹਨ। ਉਨ੍ਹਾਂ ਨੇ ਆਪਣੇ ਵਿਦਿਆਰਥੀਆਂ ਨੂੰ ਵਿਦੇਸ਼ ਭੇਜਿਆ। ਉਹ ਵੱਡੇ ਅਹੁਦਿਆਂ 'ਤੇ ਰਹੇ ਹਨ। ਇਨ੍ਹਾਂ ਗੱਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਜੇ ਤੁਸੀਂ ਮਹੀਨੇ ਵਿੱਚ ਇੱਕ ਰੁਪਿਆ ਦੇਣ ਦਾ ਫੈਸਲਾ ਕਰਦੇ ਹੋ, ਤਾਂ ਸਾਲ ਦੇ ਅੰਤ ਤੱਕ ਕਿੰਨਾ ਕੰਮ ਹੋ ਸਕਦਾ ਹੈ। ਮੇਰੇ ਕੋਲ ਸਿਰਫ਼ ਅੱਠ ਜਾਂ ਦਸ ਸਾਲ ਬਚੇ ਹਨ। ਬਾਬਾ ਸਾਹਿਬ ਉੱਥੇ ਹਨ, ਇਸ ਲਈ ਸਾਨੂੰ ਕੁਝ ਨਹੀਂ ਕਰਨ ਇਹ ਕਹਿ ਕੇ ਕੰਮ ਨਹੀਂ ਚਲੇਗਾ। ਹੁਣ ਮੈਂ ਰਾਜਨੀਤੀ ਤੋਂ ਸੰਨਿਆਸ ਲੈਣ ਜਾ ਰਿਹਾ ਹਾਂ। ਤੁਹਾਨੂੰ ਆਪਣੇ ਜੀਵਨ ਨੂੰ ਹੋਰ ਉੱਜਵਲ ਬਣਾਉਣਾ ਹੋਵੇਗਾ। ਬਲੀਦਾਨ, ਸਮਰਪਣ ਆਦਿ ਨਾਲ ਤਾਕਤ ਅਤੇ ਨਿਰਸਵਾਰਥ ਢੰਗ ਨਾਲ ਕੰਮ ਕਰੋ। ਮੈਨੂੰ ਦੇਖਣ ਦਿਓ ਕਿ ਤੁਸੀਂ ਇਸ ਜਨਮ ਵਿੱਚ ਆਪਣੇ ਨਾਲ ਕੀ ਕਰਦੇ ਹੋ। ਮੌਤ ਤੋਂ ਬਾਅਦ ਮੈਨੂੰ ਕਿਵੇਂ ਪਤਾ ਲੱਗੇਗਾ ਕਿ ਤੁਸੀਂ ਚੰਗਾ ਕੀਤਾ ਹੈ ਜਾਂ ਬੁਰਾ? ਇਹ ਗੱਲ ਮੈਂ ਤੁਹਾਨੂੰ ਸਾਵਧਾਨੀ ਨਾਲ ਦੱਸ ਰਿਹਾ ਹਾਂ। ਮੈਂ ਇਹ ਕਹਿ ਕੇ ਇਹ ਰਕਮ ਸਵੀਕਾਰ ਕਰ ਰਿਹਾ ਹਾਂ ਕਿ ਮੈਂ ਇਹ ਸਿਰਫ਼ ਵਿਅਕਤੀ ਲਈ ਨਹੀਂ ਬਲਕਿ ਇਨ੍ਹਾਂ ਤਿੰਨ ਉੱਚ ਮਨੁੱਖੀ ਕਦਰਾਂ-ਕੀਮਤਾਂ ਦੇ ਆਦਰਸ਼ ਲਈ ਧੰਨਵਾਦ ਵਜੋਂ ਕੀਤਾ ਹੈ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 12 ਅਪਰੈਲ
INTERNATIONAL PAPER, 94636 01616
hardipchumber57@gmail.com

# ਕੌਮ ਸਾਜੀ ਤੈਂ ਖੰਡੇ ਦੀ ਧਾਰ ਵਿੱਚੋਂ

**ਲਾਲ ਸਿੰਘ ਸੁਲਹਾਣੀ 98721 55120**





ਪਸਰਿਆ ਪਾਪ ਸੀ ਜਦੋਂ ਪ੍ਰਿਥਵੀ ਤੇ,
ਅਲੋਪ ਹੋਇਆ ਸੀ ਧਰਮ ਸੰਸਾਰ ਵਿਚੋਂ।
ਡੁੱਬਦੀ ਮਾਨਵਤਾ ਤਾਈਂ ਬਚਾਉਣ ਖਾਤਰ,
ਕੌਮ ਸਾਜੀ ਤੈਂ ਖੰਡੇ ਦੀ ਧਾਰ ਵਿੱਚੋਂ।

1. ਵਰਨਾਂ ਮਜ਼੍ਹਬਾਂ ਵਿਚ ਵੰਡ ਮਨੁੱਖਤਾ ਨੂੰ,
ਘ੍ਰਿਣਾ, ਨਫ਼ਰਤ ਦੀ ਪੱਟੀ ਪੜ੍ਹਾਈ ਸੀ ਜਦ।
ਮਾਨਸ ਜਾਤਾਂ ਵਿਚ ਲੀਰੇ ਲੀਰ ਕਰਕੇ,
ਖੁਦ- ਪ੍ਰਸਤਾਂ ਨੇ ਹੱਦ ਮੁਕਾਈ ਸੀ ਜਦ।
ਨੌਂ ਆਦਮੀ ਤੇ ਵੱਖੋ ਵੱਖ ਚੁਲ੍ਹੇ,
ਸਾਂਝ ਦਿਲਾਂ ਚੋਂ ਉੱਕਾ ਮਿਟਾਈ ਸੀ ਜਦ।
ਮਰ ਗਈ ਮਾਨਵਤਾ ਹੋਇਆ ਸੀ ਖੂਨ ਚਿੱਟਾ,
ਐਨੀ ਕੂੜ ਦੀ ਪਾਣ ਚੜ੍ਹਾਈ ਸੀ ਜਦ।
ਇਨਸਾਨੀਅਤ ਕਰਾਹੁੰਦੀ ਸੀ ਇਉਂ ਸੰਸਾਰ ਅੰਦਰ,
ਕੂੰਜ ਵਿਛੜਕੇ ਜਿਸ ਤਰ੍ਹਾਂ ਡਾਰ ਵਿਚੋਂ।
ਜੋੜਨ ਵਾਸਤੇ ਟੁੱਟਿਆ ਭਾਈਚਾਰਾ,
ਕੌਮ ਸਾਜੀ ਤੈਂ ਖੰਡੇ ਦੀ ਧਾਰ ਵਿੱਚੋਂ।

2. ਅੱਵਲ ਅੱਲਾ ਦੇ ਨੂਰ ਦੇ ਸੱਭ ਬੰਦੇ,
ਐਪਰ ਜਾਤਾਂ ਦਾ ਗਰਬ ਗਵਾਰ ਕਰਦੇ।
ਪੈਦਾ ਬ੍ਰਹਮਾ ਤੋਂ ਹੋਇਆ ਸੰਸਾਰ ਕਹਿਕੇ,
ਝੂਠੇ ਰੱਜ ਕੇ ਝੂਠਾ ਪ੍ਰਚਾਰ ਕਰਦੇ।
ਹਾਮੀ ਜਾਤਾਂ ਦੇ, ਤੋੜ ਕੇ ਭਾਈਚਾਰਾ,
ਲੀਰੋ- ਲੀਰ ਕਰਦੇ, ਤਾਰ-ਤਾਰ ਕਰਦੇ।
ਉਪਾਸ਼ਕ ਵੇਦ -ਪੁੱਤਰੀ, ਮਨੂ -ਸਿਮਰਤੀ ਦੇ,
ਡਾਢਾ ਜ਼ਿੱਚ ਕਰਦੇ, ਅਵਾਜ਼ਾਰ ਕਰਦੇ।
ਕੋਮਲ ਨਾਨਕ ਦਾ ਹਿਰਦਾ ਕੁਰਲਾ ਉੱਠਿਆ,
ਗਊ ਕੱਢਣ ਲਈ ਖੁੱਭੀ ਹੋਈ ਗਾਰ ਵਿਚੋਂ।
ਨਾਨਕ ਮਿਸ਼ਨ ਦਾ ਸ਼ਾਹ-ਅਸਵਾਰ ਬਣਕੇ,
ਕੌਮ ਸਾਜੀ ਤੈਂ ਖੰਡੇ ਦੀ ਧਾਰ ਵਿੱਚੋਂ।

3. ਕਰੜੀ ਘਾਲਣਾ ਘਾਲੀ, ਕੁੱਝ ਸਤਿ-ਪੁਰਸ਼ਾਂ,
ਜਾਤ-ਪਾਤ ਦਾ ਬੀਜ਼ ਮੁਕਾਉਣ ਖਾਤਰ।
ਏਕੁ ਪਿਤਾ ਦੇ ਬਣਕੇ ਰਹਿਣ ਬਾਰਿਕ,
ਭਾਈਚਾਰੇ ਦਾ ਸਬਕ ਪੜ੍ਹਾਉਣ ਖਾਤਰ।
ਸਾਂਝੀਵਾਲ ਸਦਵਾਉਣ,ਬਣਕੇ ਰਹਿਣ ਭਾਈ,
ਉਚ -ਨੀਚ ਨੂੰ ਜੜ੍ਹੋਂ ਮੁਕਾਉਣ ਖਾਤਰ।
ਡਿੱਗੇ ਹੋਇਆਂ ਨੂੰ ਉੱਚੇ ਉਠਾਉਣ ਖਾਤਰ,
ਬੇਟੇ ਆਖਕੇ ਗਲੇ ਲਗਾਉਣ ਖਾਤਰ।
ਮਾਨਸੁ ਜਾਤ ਸਭ ਇਕ ਹੀ ਜਾਤ ਹੋਵੇ,
ਮਿਲਿਆ ਉਪਦੇਸ਼ ਸੀ, ਤੇਰੀ ਲਲਕਾਰ ਵਿਚੋਂ।
ਜਾਤ ਤੋੜ ਸਮਾਜ ਨੂੰ ਜੋੜਨੇ ਲਈ,
ਕੌਮ ਸਾਜੀ ਤੈਂ ਖੰਡੇ ਦੀ ਧਾਰ ਵਿੱਚੋਂ।

4. ਫੜਕੇ ਵੇਖੀ ਨਾ ਜਿੰਨ੍ਹਾਂ ਨੇ ਕਰਦ ਨੰਗੀ,
ਉਹਨਾਂ ਹੱਥ ਤੈਂ ਨੰਗੀ ਕਿਰਪਾਨ ਦਿੱਤੀ।
ਆਬ -ਇ- ਹਯਾਤ ਬਖਸ਼ਕੇ ਮੁਰਦਿਆਂ ਨੂੰ,
ਨਵੀਂ ਰੂਹ ਫੂਕੀ, ਨਵੀਂ ਜਾਨ ਦਿੱਤੀ।
ਕੱਖਾਂ ਵਾਂਗ ਲਿਤਾੜੇ ਹੋਏ ਬੰਦਿਆਂ ਨੂੰ,
ਇਜ਼ਤ ਅਣਖ ਦਿੱਤੀ, ਉੱਚੀ ਸ਼ਾਨ ਦਿੱਤੀ।
ਅੜੀਆਂ ਬਾਜਾਂ ਦੇ ਸਾਹਵੇਂ, ਮਜ਼ਲੂਮ ਚਿੜੀਆਂ,
ਗੁੜ੍ਹਤੀ ਅੰਮ੍ਰਿਤ ਦੀ, ਐਨੀ ਮਹਾਨ ਦਿੱਤੀ।
ਖਾਲਸਾ ਨਿਆਰਾ ਹੀ ਲੱਖਾਂ ਚੋਂ ਨਜ਼ਰ ਆਏ,
ਗੁੱਝੀ ਹੀਰ ਨਾ ਰਹੇ ਹਜ਼ਾਰ ਵਿਚੋਂ।
ਡਰਪੋਕ ਗਿੱਦੜਾਂ ਨੂੰ ਸ਼ੇਰ ਬਨਾਉਣ ਖਾਤਰ,
ਕੌਮ ਸਾਜੀ ਤੈਂ ਖੰਡੇ ਦੀ ਧਾਰ ਵਿੱਚੋਂ।

5.ਚੋਜੀ ਪ੍ਰੀਤਮਾਂ ਨਿਆਰੇ ਨੇ ਚੋਜ ਤੇਰੇ,
ਆਵੇ ਸਮਝ ਨਾ, ਤੇਰੇ ਵਰਤਾਰਿਆਂ ਦੀ।
ਕਿਹਾ ਰੱਖ ਕੇ ਤਲੀ 'ਤੇ ਸੀਸ ਆਵੇ,
ਕੀਤੀ ਚੋਣ, ਜਦ ਪੰਜਾਂ ਪਿਆਰਿਆਂ ਦੀ।
ਬਾਣੇ ਕੇਸਰੀ ਤੇ ਸ਼ਸਤਰ ਬਖਸ਼ ਦਿੱਤੇ,
ਦਾਤ ਦਿੱਤੀ ਤੈਂ, ਸਿਰੀਂ ਦਸਤਾਰਿਆਂ ਦੀ।
ਜਿੱਤਾਂ ਖਾਲਸੇ ਦੀ ਝੋਲੀ ਆਣ ਪਈਆਂ,
ਪਈ ਗੂੰਜ 'ਰਣਜੀਤ ਨਗਾਰਿਆਂ' ਦੀ।
ਜਾਬਰ ਜਰਵਾਣੇ ਦੇ ਜ਼ੁਲਮ ਨੂੰ ਠੱਲ੍ਹ ਪੈ ਗਈ,
ਕੜਕੀ ਬਿਜਲੀ ਜਦ, ਤੇਰੀ ਤਲਵਾਰ ਵਿਚੋਂ।
ਝੂਲੇ ਪਰਚਮ ਇਨਸਾਫ਼ ਦਾ ਸਦਾ ਉੱਚਾ,
ਕੌਮ ਸਾਜੀ ਤੈਂ ਖੰਡੇ ਦੀ ਧਾਰ ਵਿੱਚੋਂ।

6.ਗਜ਼ਨੀ, ਬਸਰੇ, ਬਗ਼ਦਾਦ ਤੋਂ ਧਾੜਵੀ ਆ,
ਕਈ ਸਦੀਆਂ ਰਹੇ ਲੁੱਟਦੇ ਦੇਸ਼ ਭਾਰਤ।
ਰਿਹਾ ਲੁੱਟੀਦਾ, ਕੁੱਟੀਦਾ, ਕਈ ਸਦੀਆਂ,
ਬਦੇਸ਼ੀ ਲੁਟੇਰਿਆਂ ਹੱਥੋਂ ਹਮੇਸ਼ ਭਾਰਤ।
ਅਸਮਤ ਰੋਲ ਦਿੱਤੀ, ਮਰ ਗਈ ਅਣਖ ਗੈਰਤ,
ਬਣਿਆਂ ਗੁਲਾਮਾਂ ਦਾ ਗੁਲਾਮ ਵਿਸ਼ੇਸ਼ ਭਾਰਤ।
ਹੋਕੇ ਬੇਗੈਰਤ, ਗਫ਼ਲਤ ਨੀਂਦ ਸੁੱਤਾ,
ਸੁਣਕੇ ਜਾਗਿਆ, ਤੇਰਾ ਸੰਦੇਸ਼ ਭਾਰਤ।
ਖੜਗ -ਭੁਜਾ ਬਣ, ਸਦਾ ਲਈ ਖਾਲਸੇ ਨੇ,
ਭਾਰਤ ਕੱਢਿਆ ਦੁਸ਼ਮਣ ਦੀ ਮਾਰ ਵਿੱਚੋਂ।
ਰੁਲਦੀ ਦੇਸ਼ ਦੀ ਅਣਖ ਬਚਾਉਣ ਖਾਤਰ,
ਕੌਮ ਸਾਜੀ ਤੈਂ ਖੰਡੇ ਦੀ ਧਾਰ ਵਿੱਚੋਂ।

7. 'ਸੂਰਜ ਕਿਰਨਾਂ' ਅਰ 'ਗੰਗ ਤਰੰਗ' ਨਾਲੋਂ,
ਮੇਰੇ ਦਾਤਿਆ ਵੱਧ ਉਪਕਾਰ ਤੇਰੇ।
ਬਰਸਾਤ ਬੂੰਦਾਂ, ਬਹਾਰ ਦੇ ਫੁੱਲਾਂ ਵਾਂਗੂੰ,
ਗੁਣ ਗਿਣੇ ਨਾ ਜਾਣ ਦਾਤਾਰ ਤੇਰੇ।
ਜੋਰਾਵਰ ਤੇ ਫਤਿਹ ਮਸੂਮ ਜਿੰਦਾਂ,
ਲੱਗੇ ਧਰਮ ਲਈ ਅਜੀਤ ਜੁਝਾਰ ਤੇਰੇ।
ਪਿਆਰਾ ਪ੍ਰਾਣਾਂ ਤੋਂ ਖਾਲਸਾ ਵਾਰਿਆ ਤੈਂ,
ਅਹਿਸਾਨ ਭੁੱਲ ਨਾ ਦਾਤਾ ਸੰਸਾਰ ਤੇਰੇ।
'ਲਾਲ' ਲਾਈ ਐਸੀ ਝੜੀ ਕੁਰਬਾਨੀਆਂ ਦੀ,
ਕੱਢਣ ਵਾਸਤੇ ਕੌਮ ਨਿਘਾਰ ਵਿੱਚੋਂ।
ਠੱਲ੍ਹ ਪਾਉਣ ਲਈ ਜ਼ੁਲਮ ਦੇ ਵਹਿਣ ਤਾਈਂ,
ਕੌਮ ਸਾਜੀ ਤੈਂ ਖੰਡੇ ਦੀ ਧਾਰ ਵਿੱਚੋਂ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 12 ਅਪਰੈਲ
INTERNATIONAL PAPER, 9463601616
hardipchumber57@gmail.com

# ਖਾਲਸਾ-ਸਰੂਪ ਸਾਜਨਾ ਦਿਹਾੜੇ (ਵਿਸਾਖੀ) ਤੇ ਵਿਸ਼ੇਸ਼:

ਦਲਬੀਰ ਸਿੰਘ ਧਾਲੀਵਾਲ
ਪਟਿਆਲਾ ॥
86993-22704



"ਵਾਹ—ਵਾਹ ਗੋਬਿੰਦ ਸਿੰਘ ਆਪੇ ਗੁਰੂ ਚੇਲਾ"

ਵੇਖਿਆ ਜਾਵੇ ਤਾਂ ਖਾਲਸਾ ਪੰਥ ਸਾਜਨਾ ਦਾ ਮਹਾਨ ਵਿਚਾਰ 11 ਨਵੰਬਰ 1675 ਨੂੰ ਗੁਰੂ ਤੇਗ ਬਹਾਦਰ ਜੀ ਦੀ ਦਿੱਲੀ ਚਾਂਦਨੀ ਚੌਂਕ ਵਿਖੇ ਹੋਈ ਸ਼ਹਾਦਤ ਤੋਂ ਹੀ ਪੈਦਾ ਹੋਇਆ ਸੀ । ਖਾਲਸਾ ਪੰਥ ਅਤੇ ਸਿੱਖੀ ਦਾ ਫਲਸਫਾ ਬਹੁਤ ਮਹਾਨ ਹੈ ਜੋ ਇਹ ਸੰਦੇਸ਼ ਦਿੰਦਾ ਹੈ ਕਿ ਧਰਮ ਕੋਈ ਜਾਤ ਨਹੀਂ ਬਲਕਿ ਇੱਕ ਅਜਿਹਾ ਸੱਚਾ ਸੁੱਚਾ ਮਿਸ਼ਨ ਹੈ ਜੋ ਨਿਮਾਣਿਆਂ ਨੂੰ ਮਾਣ ਅਤੇ ਨਿਤਾਣਿਆ ਨੂੰ ਤਾਣ ਬਖਸ਼ਣ ਲਈ ਹਰ ਤਰ੍ਹਾਂ ਦ ਦੀ ਸਵੈ—ਕੁਰਬਾਨੀ ਦਾ ਜਜ਼ਬਾ ਪ੍ਰਦਾਨ ਕਰਦਾ ਹੈ ।ਖਾਲਸਾ ਸਰੂਪ ਦੀ ਸਾਜਨਾ ਬਾਰੇ ਵਿਦਵਾਨ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਇਸ ਪੰਥ ਸਾਜਨਾ ਦੀ ਗਾਥਾ ਏਨੀ ਅਦਭੁੱਤ ਹੈ ਕਿ ਇਸ ਦਾ ਬਦਲ ਕਿਤੇ ਹੋਰ ਨਹੀਂ ਮਿਲਦਾ। ਬੇਸ਼ਕ ਇਸ ਤੋਂ ਪਹਿਲਾਂ ਪ੍ਰਚਲਤ ਹੋਰ ਧਰਮਾਂ ਨੇ ਆਪਣੀਆਂ ਕੌਮਾਂ ਨੂੰ ਭੂਗੋਲਿਕ ਹੱਦਾਂ ਵਿਚ ਹੀ ਕੈਦ ਕਰੀ ਰੱਖਿਆ ਪਰ ਖਾਲਸਾ ਪੰਥ ਸਿਰਜਣਾ ਦਾ ਵਿਚਾਰ ਬੇਹੱਦ ਨਿਰਾਲਾ ਅਤੇ ਮਨੁੱਖੀ ਸੋਚਾਂ ਚੋਂ ਸਰਵਉਚ ਸੀ ਜਿਸ ਦਾ ਜਨਮ ਦਿਹਾੜਾ 1699 ਦੀ ਵਿਸਾਖੀ ਹੈ। ਦਸ਼ਮੇਸ਼ ਗੁਰੂ ਜੀ ਨੇ ਵੱਖ ਵੱਖ ਧਰਮਾਂ ਤੇ ਜਾਤਾਂ ਵਿਚੋਂ ਨਿਤਰੇ ਸਿੱਖਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਇਕੋ ਹੀ ਥਾਣੇ ਵਿੱਚ ਛਕਾ ਕੇ ਜਿਵੇਂ ਖਾਲਸਾ ਪੰਥ ਅਤੇ ਪੰਜ ਪਿਆਰਿਆਂ ਦੀ ਸਿਰਜਣਾ ਕੀਤੀ ਅਤੇ ਫਿਰ ਖੁਦ ਵੀ ਇਨ੍ਹਾਂ ਪੰਜ ਪਿਆਰਿਆਂ ਤੋਂ ਅੰਮ੍ਰਿਤ ਦੀ ਦਾਤ ਗ੍ਰਹਿਣ ਕੀਤੀ, ਇਸ ਨਾਲ ◌ਵਾ—ਵਾਹੁ ਗੋਬਿੰਦ ਸਿੰਘ ਆਪੇ ਗੁਰੂ ਚੇਲਾ ◌ ਵਾਲਾ ਕ੍ਰਾਂਤੀਕਾਰੀ ਫਲਸਫਾ ਪ੍ਰਗਟ ਹੋਇਆ।

ਉਦੋਂ ਦੇ ਦੱਬੇ ਕੁਚਲੇ ਗਰੀਬ ਲੋਕਾਂ ਨੂੰ ਅਛੂਤ ਕਹਿ ਕੇ ਉਸ ਵੇਲੇ ਦਾ ਧੰਨਵਾਦੀ ਸਮਾਜਕ ਸਿਸਟਮ ਹੋਰਨਾ ਅਣਮਨੁੱਖੀ ਵਿਤਕਰਿਆਂ ਦੇ ਨਾਲ ਹੀ ਹਥਿਆਰ ਛੂਹਣ ਆਗਿਆ ਵੀ ਨਹੀਂ ਸੀ ਦਿੰਦਾ ਜਦੋਂ ਕਿ ਇਹ ਲੋਕ ਵਫ਼ਾਦਾਰੀ, ਬਹਾਦਰੀ ਤੇ ਕੁਰਬਾਨੀ 'ਜਜ਼ਬੇ ਨਾਲ ਭਰੇ ਹੋਏ ਸਨ। ਗੁਰੂ ਜੀ ਨੇ ਇਨ੍ਹਾਂ ਦੀ ਜਿਵੇਂ ਮਨੋਵਿਗਿਆਨਕ ਸੋਚ ਦੀ ਸਹੀ ਪਹਿਚਾਣ ਕਰ ਕੇ, ਅੰਮ੍ਰਿਤ ਛਕਾ ਕੇ ਘੋੜ ਸਵਾਰੀਆਂ ਅਤੇ ਜੰਗੀ ਸ਼ਸਤਰ-ਬਸਤਰਾਂ ਨਾਲ ਲੈਸ ਕਰ ਦਿੱਤਾ, ਇਸ ਨਾਲ ਇੱਕ ਯੁਗ ਬਦਲ ਇਨਕਲਾਬ ਦੀ ਨੀਂਹ ਰੱਖੀ ਗਈ

ਇਸ ਪੂਰੇ ਤੱਥ ਦੀ ਗਵਾਹੀ ਭਰਦਾ ਹੈ, ਨੌਵੇਂ ਗੁਰੂ ਜੀ ਦੀ ਸ਼ਹਾਦਤ ਤੋਂ ਪਹਿਲਾਂ ਅਤੇ ਬਾਅਦ ਦਾ ਘਟਨਾਕ੍ਰਮ ਅਤੇ ਆਪਣੀ ਹੱਡਬੀਤੀ ਜੋ ਭਾਈ ਜੈਤਾ ਜੀ ਨੇ ਆਪਣੀ ਲਿਖਤ ◌ ਸ੍ਰੀ ਗੁਰੂ ਕਥਾ ◌ ਵਿੱਚ ਬਿਆਨ ਕੀਤਾ ਹੈ । ਭਾਈ ਜੈਤਾ ਜੀ ਨੇ ਔਰੰਗਜੇਬ ਦੇ ਸਖ਼ਤ ਪਹਿਰਿਆਂ ਅਤੇ ਚੁਣੌਤੀਆਂ ਵਿੱਚੋਂ ਨੌਵੇਂ ਗੁਰੂ ਜੀ ਦਾ ਪਾਵਨ ਸੀਸ ਸ਼ਹਾਦਤ ਉਪਰੰਤ ਉਸੇ ਰਾਤ ਹੀ ਭਾਰੀ ਕੁਰਬਾਨੀ ਤੇ ਨਿਪੁੰਨ ਵਿਉਂਤਬੰਦੀ ਨਾਲ ਚੁੱਕ ਕੇ ਅਤੇ 322 ਮੀਲ ਦਾ ਅਤਿ ਔਕੜਾਂ ਭਰਿਆ ਜੰਗਲੀ ਪੈਂਡਾ ਚੀਰਦੇ ਹੋਏ 15 ਨਵੰਬਰ ਨੂੰ ਜਿਵੇਂ ਅਨੰਦਪੁਰ ਸਾਹਿਬ ਵਿਖੇ ਕੇਵਲ 9 ਸਾਲ ਦੇ ਗੁਰੂ ਗੋਬਿੰਦ ਜੀ ਪਾਸ ਭੇਟ ਕੀਤਾ ਸੀ ਤੇ ਜਿਵੇਂ ਗੁਰੂ ਜੀ ਨੇ ਜੇਤਾ ਜੀ ਨੂੰ ਗਲਵਕੜੀ ਵਿੱਚ ਲੈ ਕ ◌ੇ ਰੰਘਰੇਟੇ ਗੁਰੂ ਕੇ ਬੇਟੇ ਅਤੇ ਸਿੱਖੀ ਦੀ ਰਾਖੀ ਕਰਨਾ

ਵਾਲਾ ਯੋਧਾ ਜਿਹੇ ਮਾਣ ਭਰੇ ਲਫ਼ਜ਼ਾਂ ਨਾਲ ਨਿਵਾਜਿਆ ਸੀ ਇਹ ਵੀ ਉਸ ਵੇਲੇ ਅਛੂਤ ਕਹੇ ਜਾਂਦੇ ਬਹਾਦਰ ਲੋਕਾਂ ਨੂੰ ਸਰਵਉੱਚ ਸਨਮਾਨ ਬਖਸ਼ਣ ਦੀ ਇੱਕ ਮਹਾਨ ਇਤਿਹਾਸਕ ਮਿਸਾਲ ਸੀ। ਫਿਰ 16 ਨਵੰਬਰ ਨੂੰ ਗੁਰੂ ਸੀਸ ਦੇ ਸੰਸਕਾਰ ਉਪਰੰਤ ਗੁਰੂ ਗੋਬਿੰਦ ਜੀ ਨੇ ਸ਼ਹਾਦਤ ਵੇਲੇ ਦੀ ਪੂਰੀ ਜਾਣਕਾਰੀ ਜਦੋਂ ਜੈਤਾ ਜੀ ਤੋਂ ਪੁੱਛੀ ਅਤੇ ਜੋ ਭਾਈ ਜੈਤਾ ਜੀ ਨੇ ਜਾਣਕਾਰੀ ਦਿੱਤੀ ਉਹ ਸਾਰਾ ਹਵਾਲਾ ਜੈਤਾ ਜੀ ਵੱਲੋਂ ਆਪਣੀ ਲਿਖਤ ◌ੇ ਸ੍ਰੀ ਗੁਰੂ ਕਥਾ ◌ ਵਿੱਚ ਬਿਆਨ ਕੀਤਾ ਗਿਆ ਹੈ :-

ਕਾਹੇ ਦਿੱਲੀ ਵਾਲੇ ਸਿੱਖ ਗੁਰੂ ਤੇ ਬੇਮੁੱਖ ਹੋਇ ॥
ਕਾਹੇ ਨਰ ਨਾਰਿ ਨਾਹਿ ਗੁਰ ਪ੍ਰਮਾਣਯੇ
ਕਾਹੇ ਗੁਰ ਸਿਖਨ ਕੇ ਮਨ ਲਜਿਆਏ ਨਾਹੀ ॥
ਕਾਹੇ ਨਾਹੀ ਤੁਰਕ ਜੀ ਸਿੱਖ ਪਹਿਚਾਨਾਯੇ।
ਕਾਹੇ ਨਵ ਸ੍ਰੇਤ ਅਭਾਖ ਰਹਿਓ ਸੰਗ ਸਮ।
ਕਾਹੇ ਨਾਹੀ ਹਿੰਦ ਸੁ ਖੁਨਸ ਮਨਹਿ ਆਨਯੇ
ਕਹੇ ਬੜ ਬੋਧ ਭੀ ਕਰਤਯ ਨਹੀਂ ਜਾਨਯੇ ॥

(ਭਾਵ ਗੁਰੂ ਜੀ ਨੇ ਪੁੱਛਿਆ ਕਿ ਦਿੱਲੀ ਦੇ ਸਿੱਖ ਨੌਵੇਂ ਗੁਰੂ ਜੀ ਤੋਂ ਬੇਮੁੱਖ ਕਿਉਂ ਹੋ ਗਏ, ਉਨ੍ਹਾਂ ਨੂੰ ਸ਼ਰਮ ਕਿਉਂ ਨਾ ਆਈ, ਸਿੱਖਾਂ ਨੂੰ ਮੁਗਲਾਂ ਨੇ ਵੀ ਕਿਉਂ ਨਾ ਪਛਾਣਿਆ ? ਏਨੇ ਮਹਾਨ ਪੁਰਖ ਦੀ ਸ਼ਹਾਦਤ ਵੇਲੇ ਨੌਜਵਾਨਾਂ ਦਾ ਗਰਮ ਖੂਨ ਅਤੇ ਡੌਲੇ ਕਮਜ਼ੋਰ ਕਿਉਂ ਹੋ ਗਏ ਅਤੇ ਵੱਡੀ ਉਮਰ ਦੇ ਬੁੱਧੀਮਾਨ ਸਿੱਖ ਵੀ ਆਪਣਾ ਫਰਜ ਕਿਉਂ ਭੁੱਲ ਗਏ ? ਉਸ ਵੇਲੇ ਜੋ ਜੈਤਾ ਜੀ ਨੇ ਦੱਸਿਆ ਉਸ ਨੂੰ ਉਹ ਇੰਜ ਲਿਖਦੇ ਹਨ



ਹਿੰਦਵਾਨੀ ਜਿਮ ਕੀਓ ਕਾਜਾ
ਪ੍ਰਭ ਸਿਮਰਨ ਕਉ ਆਵਹਿ ਲਾਜਾ ॥
ਆਪਨ ਕਉ ਨਹਿ ਸਿਖ ਬਖਾਨੇ
ਸਭ ਸਿੱਖ ਰਾਮ ਭਗਤ ਪ੍ਰਮਾਨੇ ॥

(ਭਾਵ ਸਭ ਸਿੱਖ ਮੌਤ ਦੇ ਡਰੋਂ ਇਸ ਸਾਕੇ ਨੂੰ ਚੁਪਚਾਪ ਵੇਖਦੇ ਰਹੇ। ਕਿਸੇ ਨੇ ਵੀ ਸੀਸ ਜਾਂ ਧੜ ਦੇ ਨੇੜੇ ਆਉਣ ਦਾ ਹੌਸਲਾ ਨਾ ਕੀਤਾ ਅਤੇ ਆਪਣੇ ਆਪ ਨੂੰ ਰਾਮ ਭਗਤ ਕਹਾ ਕੇ ਜਾਨ ਬਚਾਉਣ ਦੀ ਹੀ ਸੋਚੀ। ਕੋਈ ਖਾਸ ਪਛਾਣ ਨਾ ਹੋਣ ਕਾਰਨ ਸਭ ਲੁਕ-ਛਿਪ ਗਏ।

ਜਿਥੇ ਇਹ ਇਹ ਸਾਰੀ ਵਿਥਿਆ ਸੁਣ ਕੇ ਅਤੇ ਉਸ ਵੇਲੇ ਦੇ ਦਿੱਲੀ ਵਾਸੀ ਸਿੱਖਾਂ ਦੀ ਮਾੜੀ ਭੂਮਿਕਾ ਪ੍ਰਤੀ ਗੁਰੂ ਜੀ ਨੂੰ ਜਿੱਥੇ ਬਹੁਤ ਦੁੱਖ ਹੋਇਆ ਭਾਈ ਜੈਤਾ ਜੀ ਵੱਲੋਂ ਨਿਭਾਈ ਲਾਮਿਸਾਲ ਵਫਾਦਾਰੀ ਪ੍ਰਤੀ ਬੇਹੱਦ ਤਸੱਲੀ ਅਤੇ ਫ਼ਖਰ ਵੀ ਹੋਇਆ। ਇਸੇ ਕਰਕੇ ਹੀ ਲੋਕਗ੍ਰਸਤ ਸੰਗਤਾਂ ਨੂੰ ਉਪਦੇਸ਼ ਦੇ ਕੇ ਸ਼ਾਂਤ ਕਰਨ ਉਪਰੰਤ ਗੁਰੂ ਜੀ ਨੇ ਡੂੰਘੀ ਸੋਚ ਵਿਚਾਰ ਕੀਤੀ ਜਿਸ ਵਿੱਚ ਭਾਈ ਜੈਤਾ ਜੀ ਦੀ ਦਲੀਲ ਵੀ ਸ਼ਾਮਿਲ ਫੈਸਲਾ ਕੀਤਾ ਗਿਆ ਕਿ ਹੁਣ ਅਜਿਹੇ ਵਖਰੇ ਸਰੂਪ ਵਾਲਾ ਸਿੱਖ ਸਾਜਿਆ ਜਾਵੇਗਾ ਜੋ ਸੈਂਕੜਿਆਂ ਵਿੱਚ ਵੀ ਛਪ ਨਾ ਸਕੇ। ਆਪਣੇ ਇਸ ਸੰਕਲਪ ਨੂੰ ਅਮਲੀ ਰੂਪ ਦੇਣ 'ਗੁਰੂ ਜੀ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਦਾ ਗਿਆਨ ਦੇਣ ਨਾਲ ਹੀ ਬੀਰ ਰਸ ਵਾਰਾਂ ਕਵੀਸ਼ਰਾਂ ਤੋਂ ਗਵਾਉਣੀਆਂ ਸ਼ੁਰੂ ਕਰ ਦਿੱਤੀਆਂ। ਨਾਲ ਹੀ ਦੋ ਦੋ ਟੋਲੀਆਂ ਬਣਾ ਕੇ ਜੰਗੀ ਮਸ਼ਕਾਂ ਵੀ ਸ਼ੁਰੂ ਕਰ ਦਿੱਤੀਆਂ ਤਾਂ ਕਿ ਸਿੱਖਾਂ ਵਿੱਚ ਜੋਸ਼ ਅਤੇ ਜੰਗੀ ਮੁਹਾਰਤ ਪੈਂਦਾ ਹੋਵੇ। ਇਹ ਸਾਰੀ ਜਿੰਮੇਵਾਰੀ ਭਾਈ ਜੈਤਾ ਜੀ ਅਤੇ ਮਾਮਾ ਕ੍ਰਿਪਾਲ ਚੰਦ ਨੂੰ ਸੌਂਪੀ ਗਈ ਸੀ । ਗੁਰੂ ਜੀ ਨੇ ਸ਼ਾਹੀ ਪੋਸ਼ਾਕ ਅਤੇ ਕਲਗੀ ਸਜਾ ਕੇ ਦਰਬਾਰ ਲਗਾਉਣਾ ਸ਼ੁਰੂ ਕਰ ਦਿੱਤਾ। ਯੁੱਧ ਦਾ ਜੋਸ਼ੀਲਾ ਪ੍ਰਤੀਕ ਰਣਜੀਤ ਨਗਾਰਾ ਤਿਆਰ ਕੀਤਾ ਗਿਆ ਜਿਸ ਦੇ ਨਗਾਰਚੀ ਵੀ ਭਾਈ ਜੈਤਾ ਜੀ ਸਨ। ਇਸ ਨਗਾਰੇ ਦੀ ਗਰਜਵੀਂ ਆਵਾਜ਼ ਅਤੇ ਛੋਟੇ ਵੱਡੇ ਰੁਤਬੇ ਲਈ ਇੱਕ ਲੰਗਰ ਅਤੇ ਪੰਗਤ ਦੀ ਪ੍ਰਥਾ ਨੇ ਪਹਾੜੀ ਰਾਜਿਆਂ ਵਿੱਚ ਈਰਖਾ ਪੈਦਾ ਕਰ ਦਿੱਤੀ ਜਿਸ ਦੇ ਸਿੱਟੇ ਵਜੋਂ ਪਹਾੜੀ ਰਾਜਿਆਂ ਦੀ ਮੁਗਲ ਹਕੂਮਤ ਨਾਲ ਹੋਈ ਮਿਲੀਭੁਗਤ ਕਾਰਨ ਗੁਰੂ ਜੀ ਵੱਲੋਂ ਆਪਣੇ ਸੀਮਤ ਗਿਣਤੀ ਸਿੰਘਾਂ ਨਾਲ ਇਸ ਜੁੰਡਲੀ ਦੀਆਂ ਸ਼ਕਤੀਸਾਲੀ ਫੌਜਾਂ ਨਾਲ 14 ਜੰਗਾਂ ਲੜੀਆਂ ਗਈਆਂ ਜਿੰਨ੍ਹਾਂ ਵਿੱਚ ਜਿੱਤ ਗੁਰੂ ਦੇ ਸਿੰਘਾਂ ਦੀ ਹੀ ਹੋਈ। ਹੁਣ ਮੌਕੇ ਦੇ ਹਾਲਾਤ ਨੂੰ ਦੂਰਦ੍ਰਿਸ਼ਟੀ ਨਾਲ ਵਿਚਾਰਦੇ ਹੋਏ ਗੁਰੂ ਜੀ ਨੇ ਆਪਣੀ ਪੂਰੀ ਵਿਉਂਤਬੰਦੀ ਅਨੁਸਾਰ 30 ਮਾਰਚ 1699 ਨੂੰ ਸਭਨਾਂ ਸਿੱਖਾਂ ਨੂੰ ਸੰਦੇਸ਼ ਭੇਜੇ ਕਿ ਉਹ ਇਸੇ ਹੀ ਵਿਸਾਖੀ ਵਾਲੇ ਦਿਨ ਆਪਣੇ ਸ਼ਸਤਰਾਂ ਸਮੇਤ ਅਨੰਦਪੁਰ ਸਾਹਿਬ ਵਿਖੇ ਇੱਕਠੇ ਹੋਣ । ਇਤਿਹਾਸਕਾਰ ਲਿਖਦੇ ਹਨ ਕਿ ਇਸ ਦੇ ਨਤੀਜੇ ਵਜੋਂ ਵਿਸਾਖੀ ਮੌਕੇ ਕਰੀਬ 80 ਹਜ਼ਾਰ ਸਿੰਘਾਂ ਦਾ ਇੱਕਠ ਜੁੜ ਗਿਆ ਜਿਸ ਦੇ ਸਨਮੁੱਖ ਖੜ੍ਹੇ ਹੋ ਕੇ ਗੁਰੂ ਜੀ ਨੇ ਨੰਗੀ ਤਲਵਾਰ ਲਹਿਰਾਉਂਦੇ ਹੋਏ ਗਰਜ ਕੇ ਕਿਹਾ

ਸਨਮੁਖ ਪੂਰਾ ਸਿੱਖ ਹੈ ਕੋਈ
ਸੀਸ ਭੇਟ ਗੁਰ ਦੇਵੈ ਸੋਈ।।

ਇਹ ਸੁਣਦੇ ਹੀ ਸੰਗਤਾਂ ਵਿੱਚ ਸੰਨਾਟਾ ਛਾ ਗਿਆ ਪਰ ਲਾਹੌਰ ਵਾਸੀ ਦਇਆ ਰਾਮ ਉੱਠੇ ਤੇ ਗੁਰੂ ਜੀ ਦੇ ਸਨਮੁੱਖ ਸਮਰਪਿਤ ਹੋਏ । ਗੁਰੂ ਜੀ ਉਸ ਨੂੰ ਤੰਬੂ ਵਿੱਚ ਲੈ ਗਏ ਅਤੇ ਕੁੱਝ ਸਮੇਂ ਬਾਅਦ ਵਿਚ ਬਾਹਰ ਆ ਕੇ ਲਹੂ ਭਿੱਜੀ ਤਲਵਾਰ ਲਹਿਰਾਉਂਦੇ ਫਿਰ ਉਹੀ ਮੰਗ ਦੁਹਰਾਈ। ਫਿਰ ਇਸ ਤਰ੍ਹਾਂ ਵਾਰੋ ਵਾਰ ਚਾਰ ਸਿੱਖਾਂ ਨੇ, ਜਿਵੇਂ ਕਿ ਦਿੱਲੀ ਦੇ ਧਰਮ ਦਾਸ ਜੀ, ਜਗਨ ਨਾਥ ਪੁਰੀ ਤੋਂ ਹਿੰਮਤ ਰਾਏ, ਦਵਾਰਕਾਪੁਰੀ ਤੇ ਮੋਹਕਮ ਚੰਦ ਅਤੇ ਬਿਦਰ ਵਾਸੀ ਸਾਹਿਬ ਚੰਦ ਹੋਰਾਂ ਨੇ ਆਪਣੇ ਸੀਸ ਗੁਰੂ ਜੀ ਦੇ ਸਨਮੁਖ ਅਰਪਣ ਕੀਤੇ। ਇੰਨ੍ਹਾਂ ਪੰਜਾਂ ਨੂੰ ਗੁਰੂ ਜੀ ਫ਼ਰਮਵਾਰ ਇੱਕਲੇ ਇੱਕਲੇ ਤੰਬੂ ਵਿੱਚ ਲਿਜਾਂਦੇ ਸਨ। ਪਰ ਸੰਗਤਾਂ ਨੇ ਡਿੱਠਾ ਕਿ ਹਰ ਵਾਰ ਖੂਨ ਨਾਲ ਭਿੱਜੀ ਤਲਵਾਰ ਗੁਰੂ ਜੀ ਬਾਹਰ ਲੈ ਕੇ ਆਉਂਦੇ ਸਨ । ਫਿਰ ਜਦੋਂ ਆਖਰੀ ਵਾਰ ਗੁਰੂ ਜੀ ਕਾਫੀ ਸਮਾਂ ਤੰਬੂ ਤੋਂ ਬਾਹਰ ਨਾ ਆਏ ਤਾਂ ਬਾਹਰ ਬੈਠੇ ਸਿੱਖਾਂ ਵਿੱਚ ਘੁਸਰ ਮੁਸਰ ਹੋਣ ਲ ਣ ਲਗ ਪ ਗ ਪਈ ਈ ਕਿ ਖਬਰੇ ਗੁਰੂ ਜੀ ਨੂੰ ਕੀ ਹੋ ਗਿਆ ਹੈ ? ਕੱਝ ਕੱਚੇ ਸਿੱਖ ਖਿਸਕਣ ਲਗੇ ਜਦਕਿ ਸ਼ਰਧਾਵਾਨ ਬੈਠੇ ਰਹੇ । ਕੁੱਝ ਦੇਰ ਬਾਅਦ ਗੁਰੂ ਜੀ ਉਨ੍ਹਾਂ ਪੰਜਾਂ ਸਿੱਖਾਂ ਨੂੰ ਨਵੇਂ ਸ਼ਸ਼ਤਰ—ਬਸਤਰ ਪਹਿਨਾ ਕੇ ਸੰਗਤਾਂ ਸਾਹਮਣੇ ਲੈ ਆਏ। ਕੁੱਝ ਲੋਕਾਂ ਨੇ ਇਸ ਨੂੰ ਚਮਤਕਾਰ ਕਿਹਾ ਜਦਕਿ ਗਿਆਨਵਾਨ ਬੁੱਧੀਜੀਵੀਆਂ ਨੇ ਇਸ ਨੂੰ ਸਿੱਖਾਂ ਦੀ ਮਨਾਰੂਪੀ ਸੋਚ ਦਾ ਮਨੋਵਿਗਿਆਨਕ ਇਮਤਿਹਾਨ ਦਸਿਆ ਕਿਉਂਕਿ ਚਮਤਕਾਰ ਤਾਂ ਸਿੱਖ ਧਰਮ ਵਿੱਚ ਵਰਜਿਤ ਹਨ। ਇਸ ਘਟਨਾ ਨੂੰ ਸ੍ਰੀ ਗੁਰੂ ਕਥਾ ਵਿੱਚ ਇੰਝ ਲਿਖਿਆ ਹੋਇਆ : ਪੁਨ ਕੈਸੇ ਸਿੱਖ ਜੀਵਤ ਭਏ ਹੈ। ਸੁਬਹਿਨ ਕੇ ਮਨ ਅਤਿ ਭਰਮਾਯੂੰ । ਸ਼ਰਧਾਹੀਨ ਭਏ ਅਤਿ ਬੰਨੇ । ਗੁਰੂ ਮਹਿਮਾਂ ਭੇਦ ਨਾ ਪਾਯੇ ॥

ਇਸ ਉਪਰੰਤ ਗੁਰੂ ਜੀ ਨੇ ਉਨ੍ਹਾਂ ਪੰਜਾਂ ਸਿੱਖਾਂ ਨੂੰ ਇਕੋ ਬਾਟੇ ਵਿੱਚ ਖੰਡੇ ਦਾ ਤਿਆਰ ਕੀਤਾ ਅੰਮ੍ਰਿਤ ਛਕਾਕੇ ਪੰਜ ਪਿਆਰਿਆਂ (ਖਾਲਸਾ) ਦੀ ਮਹਾਨ ਪਦਵੀ ਬਖਸ਼ਿਸ਼ ਕੀਤੀ । ਫਿਰ ਇੰਨ੍ਹਾਂ ਪੰਜ ਪਿਆਰਿਆਂ ਨੂੰ ਖੁਦ ਬੇਨਤੀ ਕਰਕੇ ਉਨ੍ਹਾਂ ਤੋਂ ਅੰਮ੍ਰਿਤ ਦੀ ਦਾਤ ਗ੍ਰਹਿਣ ਕੀਤੀ ਜੋ ◌ ਆਪੇ ਗੁਰੂ ਚੇਲਾ ◌ ਵਾਲਾ ਅਦਭੁਤ ਕਾਰਨਾਮਾ ਸੀ। ਹੁਣ ਜਦੋਂ ਗੁਰੂ ਜੀ ਨੇ ਆਪਣੇ ਚਾਰੇ ਸਾਹਿਬਜ਼ਾਦਿਆਂ ਨੂੰ ਅੰਮ੍ਰਿਤ ਛਕਾਇਆ ਤਾਂ ਨਾਲ ਹੀ ਜੈਤਾ ਜੀ ਨੂੰ ਪੰਜਵਾਂ ਸਾਹਿਬਜ਼ਾਦਾ ਕਹਿ ਕੇ ਅੰਮ੍ਰਿਤਪਾਨ ਕਰਵਾਇਆ ਅਤੇ ਜੈਤਾ ਤੋਂ ਜੀਵਨ ਸਿੰਘ ਨਾਮ ਰੱਖ ਦਿੱਤਾ ਸੀ ਭਾਵ ਕਿ ਉਸ ਨੇ ਸਿੱਖ ਕੌਮ ਨੂੰ ਨਵਾਂ ਜੀਵਨ ਦਿੱਤਾ ਹੈ, ਮਹਾਨ ਕੁਰਬਾਨੀ ਕਰਕੇ ਪ੍ਰੰਤੂ ਅਫਸੋਸ ਕਿ ਅੱਜ ਦੇ ਉੱਚ ਜਾਤੀ ਹਉਮੈਂ ਦੇ ਸਿਕਾਰ ਸਿੱਖ ਆਗੂ ਕਈ ਥਾਂਈਂ ਜਾਤਾਂ ਦੇ ਆਧਾਰ ਅਨੁਸਾਰ ਵੱਖ ਵੱਖ ਬਾਟਿਆ ਵਿੱਚ ਅੰਮ੍ਰਿਤ ਛਕਾਉਂਦੇ ਹਨ ਜੋ ਗੁਰੂ ਜੀ ਦੇ ਫਲਸਫੇ ਪ੍ਰਤੀ ਅਕ੍ਰਿਤਘਣ ਹੋਣ ਵਾਲੀ ਗੱਲ ਹੈ । ਇਉਂ ਗੁਰੂ ਜੀ ਨੇ 11 ਨਵੰਬਰ 1675 ਨੂੰ ਕੀਤੇ ਸੰਕਲਪ ਨੂੰ 1699 ਦੀ ਵਿਸਾਖੀ ਨੂੰ ਅਜਿਹਾ ਖਾਸਲਾ ਸਰੂਪ ਸਾਜ ਕੇ ਸੰਪੂਰਨ ਕੀਤਾ ਅਤੇ ਖਾਲਸੇ ਨੂੰ ਪੰਜਾਂ ਬਾਣੀਆਂ ਤੇ ਪੰਜ ਕਕਾਰਾਂ ਦਾ ਧਾਰਨੀ ਹੋਣਾ, ਵਹਿਮਾ ਭਰਮਾਂ, ਮੜ੍ਹੀ ਮਸਾਣਾਂ, ਪਰਾਈ ਨਾਰੀ ਦਾ ਤਿਆਗ ਕਰਨਾ, ਸਿਰਫ ਇਕੋ ਹੀ ਅਕਾਲ ਪੁਰਖ ਨੂੰ ਮੰਨਣਾ, ਦੀਨ ਦੁਖੀ ਮਜ਼ਲੂਮਾਂ ਦੀ ਰਾਖੀ ਕਰਨਾ ਅਜਿਹੀ ਰਹਿਤ ਮਰਿਆਦਾ ਲਈ ਪਾਬੰਦ ਕਰਦੇ ਹੋਏ ਇਹ ਫੁਰਮਾਨ ਵੀ ਜਾਰੀ ਕੀਤਾ ।

ਖਾਲਸਾ ਮੇਰੋ ਰੂਪ ਹੈ ਖਾਸ। ।ਖਾਲਸੇ ਮਹਿ ਹਉ ਕਰਉਂ ਨਿਵਾਸ।।
ਖਾਲਸਾ ਅਕਾਲ ਪੁਰਖ ਕੀ ਫੌਜ । ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ ॥

ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਜੋ ਕਿ 22 ਦਸੰਬਰ 1666 ਨੂੰ ਪਟਨਾ ਸਾਹਿਬ (ਬਿਹਾਰ) ਵਿਖੇ ਮਾਤਾ ਗੁਜਰੀ ਜੀ ਦੀ ਸੁਲੱਖਣੀ ਕੁੱਖੋ ਹੋਇਆ ਸੀ। ਇਸ ਲਈ ਅੱਜ ਪਟਨਾ ਸਾਹਿਬ ਵਿਖੇ ਵਿਸ਼ੇਸ਼ ਤੌਰ ਤੇ ਉੱਥੋਂ ਦੀ ਸਿੱਖ ਸੰਗਤ ਅਤੇ ਬਿਹਾਰ ਸੂਬੇ ਦੇ ਬਹੁਗਿਣਤੀ ਲੋਕਾਂ ਵੱਲੋਂ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਇਹ ਦਿਹਾੜਾ ਮਨਾਇਆ ਜਾਂਦਾ ਹੈ। ਸਿੱਖ ਇਤਿਹਾਸ ਇਸ ਸੱਚ ਦੀ ਗਵਾਹੀ ਭਰਦਾ ਹੈ ਕਿ ਗੁਰੂ ਜੀ ਦੇ ਇਹੋ ਖਾਲਸੇ ਹੀ ਸਨ ਜੋ ਸਾਡੇ ਦੇਸ਼ ਉਪਰ ਹੁੰਦੇ ਮੁਗਲ ਧਾੜਵੀਆਂ ਦੇ ਹਮਲਿਆਂ ਵੇਲੇ ਘੱਟ ਗਿਣਤੀ ਵਿਚ ਹੁੰਦੇ ਹੋਏ ਵੀ ਧਾੜਵੀ ਜ਼ਾਲਮਾ ਦਾ ਟਾਕਰੇ ਕਰਦੇ ਹੋਏ ਉਨ੍ਹਾਂ ਵੱਲੋਂ ਹਿੰਦ ਦੀਆਂ ਲੁੱਟੀਆਂ ਹੋਈਆਂ ਬਹੁ-ਬੇਟੀਆਂ ਨੂੰ ਛੁਡਵਾ ਕੇ ਬਾਇੱਜ਼ਤ ਘਰੋਂ ਘਰੀ ਪਹੁੰਚਾਉਂਦੇ ਸਨ। ਉਸ ਵੇਲੇ ਅਹਿਮਦਸ਼ਾਹ ਅਬਦਾਲੀ ਦੇ ਹਮਲਿਆਂ ਵੇਲੇ ਜਦੋਂ ਖੌਫਜ਼ਦਾ ਹੋਏ ਲੋਕ ਹਨੇਰਾ ਹੁੰਦਿਆਂ ਹੀ ਆਪਣੇ ਘਰਾਂ ਦੇ ਬੂਹੇ ਬੰਦ ਕਰ ਲੈਂਦੇ ਸਨ ਅਤੇ ਉਦੋਂ ਸਿੰਘਾਂ ਦੇ ਸਿਰਾਂ ਦੇ ਮੁੱਲ ਪੈਂਦੇ ਹੋਣ ਕਾਰਨ ਸਿੰਘ ਅੱਧੀ ਰਾਤ ਨੂੰ ਲੋਕਾਂ ਦੇ ਜਾਨ ਮਾਲ ਦੀ ਰਾਖੀ ਲਈ ਜੰਗਲਾਂ ਤੋਂ ਬਾਹਰ ਨਿਕਲਦੇ ਸਨ ਤਾਂ ਇਹੋ ਹਿੰਦੂ ਲੋਕ ਹੀ ਬੇਖੌਫ ਹੋ ਕੇ ਕਹਿੰਦੇ ਸਨ ਕਿ ਆ ਗਏ ਨਿਹੰਗ ਬੂਹਾ ਖੋਲ੍ਹ ਦੇ ਨਿਸੰਗ ◌। ਉਦੋਂ ਇਹ ਹਮਲਾਵਰ ਲੋਕਾਂ ਦਾ ਸਾਰਾ ਘਰੇਲੂ ਸਮਾਨ ਵੀ ਲੁੱਟ ਕੇ ਲੈ ਜਾਂਦੇ ਸਨ ਜਿਸ ਨਾਲ ਇੰਨ੍ਹਾਂ ਲੋਕਾਂ ਦੇ ਮਨਾਂ ਵਿੱਚ ਉਦੋਂ ਇਹ ਬੈਠੀ ਖੌਫਨਾਕ ਧਾਰਨਾ ਜੋ ਇੱਕ ਕਹਾਵਤ ਹੀ ਬਣ ਗਈ ਸੀ 'ਕਿ ਖਾਧਾ ਪੀਤਾ ਲਾਹੇ ਦਾ ਤੇ ਬਾਕੀ ਅਹਿਮਦ ਸ਼ਾਹੇ ਦਾ' । ਇਸ ਖੌਫਨਾਕ ਧਾਰਨਾ ਨੂੰ ਵੀ ਗੁਰੂ ਜੀ ਦੇ ਇੰਨ੍ਹਾਂ ਸਿੰਘਾਂ ਨੇ ਉਦੋਂ ਖਤਮ ਕਰ ਦਿੱਤਾ ਸੀ। ਸੋ ਉਪਰੋਕਤ ਬਿਆਨ ਕੀਤੇ ਸਮੁੱਚੇ ਇਤਿਹਾਸ ਦਾ ਵਿਸ਼ਲੇਸ਼ਣ ਕਰਦੇ ਹੋਏ ਅੱਜ ਇਹ ਵਿਚਾਰਨ ਦੀ ਸਖਤ ਲੋੜ ਹੈ ਕਿ ਗੁਰੂ ਜੀ ਵੱਲੋਂ ਬਖਸ਼ਿਸ਼ ਕੀਤੇ ਇਸ ਸਿੱਖੀ ਸਰੂਪ ਪ੍ਰਤੀ ਜੋ ਮਾਣ ਸਨਮਾਨ ਅਤੇ ਸ਼ਰਧਾ ਆਮ ਲੋਕਾਂ ਅਤੇ ਮਜ਼ਲੂਮਾਂ ਦੇ ਦਿਲਾਂ ਵਿੱਚ ਬਣੀ ਹੋਈ ਸੀ ਉਸ ਨੂੰ ਬਰਕਰਾਰ ਰਖਿਆ ਜਾਵੇ।

# ਯੁਵਕ ਸੇਵਾਵਾਂ ਕਲੱਬ ਖੈਰਪੁਰ ਵੱਲੋਂ ਡਾਕਟਰ ਭੀਮ ਰਾਓ ਅੰਬੇਡਕਰ ਜੀ ਦਾ ਜਨਮ ਦਿਵਸ ਮਨਾਇਆ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 12 ਅਪਰੈਲ
INTERNATIONAL PAPER, 9463601616
hardipchumber57@gmail.com

ਮੋਰਿੰਡਾ 12 ਅਪ੍ਰੈਲ,(ਪਤਰ ਪ੍ਰੇਰਕ,) ਅੱਜ ਮੋਰਿੰਡਾ ਵਿਖੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਸਾਹਿਬ ਜੀ ਦਾ ਜਨਮ ਦਿਵਸ ਮਨਾਇਆ ਗਿਆ l ਇਸ ਮੌਕੇ ਯੁਵਕ ਸੇਵਾਵਾਂ ਕਲੱਬ ਖੈਰਪੁਰ ( ਆਫ ਰੈਡ ਰਿਵਨ ਕਲੱਬ ) ਦੇ ਪ੍ਰਧਾਨ ਬਿਕਰਮਜੀਤ ਸਿੰਘ ਵਿੱਕੀ ਖੈਰਪੁਰ ਨੇ ਦੱਸਿਆ ਕਿ ਡਾ.ਅੰਬੇਡਕਰ ਸਾਹਿਬ ਜੀ ਦਾ ਜਨਮ ਦਿਵਸ ਜੀ ਐਸ ਕਲੀਨਿਕ ਵਿਖੇ ਮਨਾਇਆ ਗਿਆ | ਇਸ ਮੌਕੇ ਡਾ. ਗੁਰਦਰਸ਼ਨ ਸਿੰਘ ਜੀ ਨੇ ਕਿਹਾ ਕਿ ਸਾਨੂੰ ਸਭ ਨੂੰ ਬਾਬਾ ਸਾਹਿਬ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਹੀ ਚੱਲਣਾ ਚਾਹੀਦਾ ਹੈ l ਉਹਨਾਂ ਦੀ ਜੀਵਨੀ ਤੋਂ ਸਾਨੂੰ ਸਭ ਨੂੰ ਸੇਧ ਲੈਣੀ ਚਾਹੀਦੀ ਹੈ ਕਿ ਕਿਵੇਂ ਉਹ ਇਹ ਗਰੀਬ ਪਰਿਵਾਰ ਦੇ ਵਿੱਚ ਪੈਦਾ ਹੋਏ ਅਤੇ ਵੱਡੇ ਹੋ ਕੇ ਉਹਨਾ ਭਾਰਤ ਦੇਸ਼ ਦਾ ਸੰਵਿਧਾਨ ਲਿਖਿਆ | ਉਨਾਂ ਨੇ ਔਰਤਾਂ ਨੂੰ ਬਰਾਬਰਤਾ ਦਾ ਅਧਿਕਾਰ ਦਿੱਤਾ । ਇਸ ਤੋਂ ਇਲਾਵਾ ਉਹਨਾਂ ਨੇ ਅਨੇਕਾਂ ਹੀ ਯਤਨ ਗਰੀਬਾਂ ਨੂੰ ਉੱਚਾ ਚੁੱਕਣ ਦੇ ਲਈ ਕੀਤੇ । ਇਸ ਮੌਕੇ ਗੁਰਚਰਨ ਸਿੰਘ ਬਮਨਾੜਾ , ਕਾਲਾ ਬਮਨਾੜਾ ,ਦਿਲਪ੍ਰੀਤ ਮੋਰਿੰਡਾ, ਸੁਖੀ ਸੰਗਰੂਰ (ਮੈਨੇਜਰ ਆਈ ਆਈ ਐਫ ਐਲ ਮੋਰਿੰਡਾ) ,ਸੁੱਖਚੈਨ ਮੋਰਿੰਡਾ , ਮਨਪ੍ਰੀਤ ਸੈਣੀ ,ਮੋਹਿਤ ਨੰਦਾ, ਕਰਨਵੀਰ ਮੋਰਿੰਡਾ, ਹਰਜੀਤ ਸਿੰਘ ਰੰਗੀ ,ਕੁਲਦੀਪ ਸਿੰਘ ਆਦਿ ਹਾਜ਼ਰ ਸਨ




# ਦੁਕਾਨ, ਹੋਟਲ, ਰੈਸਟੋਰੈਂਟ, ਹੁੱਕਾ ਬਾਰਾਂ ਅਤੇ ਪਬਲਿਕ ਥਾਵਾਂ *ਤੇ ਹੁੱਕਾ ਪੀਣ *ਤੇ ਮੁਕੰਮਲ ਪਾਂਬਦੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 12 ਅਪਰੈਲ
INTERNATIONAL PAPER, 9463601616
hardipchumber57@gmail.com

ਮਾਨਸਾ, 12 ਅਪ੍ਰੈਲ :( ਆਤਮਾ ਸਿੰਘ ਪਮਾਰ)

ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਸ੍ਰੀ ਆਕਾਸ਼ ਬਾਂਸਲ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਮਾਨਸਾ ਦੀ ਹਦੂਦ ਅੰਦਰ ਕਿਸੇ ਵੀ ਦੁਕਾਨ, ਹੋਟਲ, ਰੈਸਟੋਰੈਂਟ, ਹੁੱਕਾ ਬਾਰਾਂ ਅਤੇ ਪਬਲਿਕ ਸਥਾਨਾਂ *ਤੇ ਹੁੱਕਾਂ ਪੀਣ *ਤੇ ਪੂਰਨ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ।

ਉਨ੍ਹਾਂ ਕਿਹਾ ਕਿ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਪੰਜਾਬ (ਤੰਬਾਕੂ ਕੰਟਰੋਲ ਸੈਲ ਪੰਜਾਬ) ਦੇ ਪੱਤਰ ਰਾਹੀਂ ਮਾਨਯੋਗ ਅਦਾਲਤ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਹੁਕਮਾਂ ਦੀ ਪਾਲਣਾ ਹਿੱਤ ਜ਼ਿਲ੍ਹੇ ਵਿੱਚ ਹੁੱਕਾ ਬਾਰਾਂ *ਤੇ ਪਾਬੰਦੀ ਸਬੰਧੀ ਧਿਆਨ ਵਿੱਚ ਲਿਆਂਦਾ ਹੈ।

ਇਸ ਲਈ ਲੋਕ ਹਿੱਤ ਅਤੇ ਆਮ ਲੋਕਾਂ ਦੀ ਸਿਹਤ ਨੂੰ ਮੁੱਖ ਰੱਖਦਿਆਂ ਜ਼ਿਲ੍ਹੇ ਦੀ ਹਦੂਦ ਅੰਦਰ ਹੁੱਕਾਂ ਬਾਰਾਂ *ਤੇ ਇਹ ਹੁਕਮ ਸਖ਼ਤੀ ਨਾਲ ਲਾਗੂ ਕਰਵਾਉਣਾ ਅਤਿ ਜ਼ਰੂਰੀ ਹੈ।ਇਹ ਹੁਕਮ 31 ਮਈ 2025 ਤੱਕ ਲਾਗੂ ਰਹੇਗਾ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 12 ਅਪਰੈਲ
INTERNATIONAL PAPER, 94636 01616
hardipchumber57@gmail.com

# ਵਿਸਾਖੀ ਦਾ ਤਿਉਹਾਰ 13 ਅਪ੍ਰੈਲ 2025 ਖੁਸ਼ੀ ਅਤੇ ਖੁਸ਼ਹਾਲੀ ਦਾ ਪ੍ਰਤੀਕ- ਖਾਲਸਾ ਪੰਥ ਦੀ ਸਥਾਪਨਾ ਅਤੇ ਨਵੀਂ ਫਸਲ ਦੀ ਕਟਾਈ ਦਾ ਪ੍ਰਤੀਕ



**ਵਿਸਾਖੀ ਦਾ ਤਿਉਹਾਰ ਖੇਤੀਬਾੜੀ, ਸਮਾਜ ਅਤੇ ਧਰਮ ਦੇ ਸੰਗਮ ਦਾ ਪ੍ਰਤੀਕ ਹੈ। ;ਵਿਸਾਖੀ ਦੇ ਦਿਹਾੜੇ 'ਤੇ ਗੁਰਦੁਆਰਿਆਂ 'ਚ ਵਿਸ਼ੇਸ਼ ਪੂਜਾ, ਅਰਦਾਸ, ਭਜਨ ਕੀਰਤਨ ਅਤੇ ਪ੍ਰਭਾਤਫੇਰੀ ਕਾਨ੍ਹ ਪ੍ਰਸ਼ਾਦ ਦਾ ਵਿਸ਼ੇਸ਼ ਮਹੱਤਵ - ਐਡਵੋਕੇਟ ਕਿਸ਼ਨ ਸਨਮੁਖਦਾਸ ਭਵਨਾਨੀ ਗੋਂਦੀਆ ਮਹਾਰਾਸ਼ਟਰ**

ਗੋਂਡੀਆ - ਵਿਸ਼ਵ ਪੱਧਰ 'ਤੇ, ਭਾਰਤ ਨੂੰ ਧਾਰਮਿਕ ਸਦਭਾਵਨਾ ਦਾ ਸੰਪੂਰਨ ਪ੍ਰਤੀਕ ਮੰਨਿਆ ਜਾਂਦਾ ਹੈ, ਕਿਉਂਕਿ ਇੱਥੇ ਹਰ ਕੋਈ ਹਰ ਧਰਮ ਦੇ ਤਿਉਹਾਰਾਂ ਦਾ ਇਕੱਠੇ ਆਨੰਦ ਮਾਣਦਾ ਹੈ। ਵਿਦੇਸ਼ੀ ਸੈਲਾਨੀ ਵੀ ਇਸ ਤਿਉਹਾਰ ਦਾ ਆਨੰਦ ਲੈਣ ਆਉਂਦੇ ਹਨ ਅਤੇ ਪੂਰੀ ਤਰ੍ਹਾਂ ਪ੍ਰਭਾਵਿਤ ਅਤੇ ਸੰਤੁਸ਼ਟ ਹੋ ਕੇ ਵਾਪਸ ਚਲੇ ਜਾਂਦੇ ਹਨ। ਹੁਣੇ ਅਸੀਂ ਮਹਾਂਕੁੰਭ ਤਿਉਹਾਰਾਂ, ਛੇਤਰੀਚੰਦਰ, ਈਦ, ਰਾਮਨਵਮੀ, ਜੋ ਕਿ ਵੱਖ-ਵੱਖ ਜਾਤਾਂ, ਧਰਮਾਂ ਅਤੇ ਭਾਈਚਾਰਿਆਂ ਦੇ ਤਿਉਹਾਰ ਹਨ, ਦਾ ਉਤਸ਼ਾਹ ਦੇਖਿਆ ਹੈ, ਪਰ ਅਸੀਂ ਦੇਖਿਆ ਕਿ ਸਾਰਿਆਂ ਨੇ ਇਕੱਠੇ ਮਿਲ ਕੇ ਇਨ੍ਹਾਂ ਨੂੰ ਮਨਾਇਆ, ਜੋ ਕਿ ਸਾਡੀ ਸਮਾਜਿਕ ਅਤੇ ਰਾਸ਼ਟਰੀ ਏਕਤਾ ਦਾ ਪ੍ਰਤੀਕ ਹੈ। ਇਸ ਕੜੀ ਵਿੱਚ, 13 ਅਪ੍ਰੈਲ 2025 ਨੂੰ ਇੱਕ ਹੋਰ ਅਧਿਆਇ ਜੋੜਿਆ ਗਿਆ ਹੈ, ਕਿਉਂਕਿ ਇਹ ਦਿਨ ਪੂਰੇ ਭਾਰਤ ਵਿੱਚ, ਖਾਸ ਕਰਕੇ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਉਤਰਾਖੰਡ, ਹਿਮਾਚਲ ਪ੍ਰਦੇਸ਼, ਜੰਮੂ ਅਤੇ ਕਸ਼ਮੀਰ ਸਮੇਤ ਕਈ ਰਾਜਾਂ ਵਿੱਚ ਮਨਾਇਆ ਜਾ ਰਿਹਾ ਹੈ। ਸਾਡੇ ਸ਼ਹਿਰ ਗੋਂਦੀਆ ਵਿੱਚ ਵੀ ਵਿਸਾਖੀ ਦਾ ਤਿਉਹਾਰ ਬਹੁਤ ਧੂਮਧਾਮ ਨਾਲ ਮਨਾਇਆ ਜਾਂਦਾ ਹੈ, ਇਸ ਦਿਨ ਮੈਂ ਖੁਦ ਗੁਰਦੁਆਰੇ ਜਾਂਦਾ ਹਾਂ ਅਤੇ ਦਰਸ਼ਨਾਂ ਦਾ ਲਾਭ ਉਠਾਉਂਦਾ ਹਾਂ, ਪ੍ਰਭਾਤ ਫੇਰੀ ਸਮੇਤ ਕਈ ਪ੍ਰੋਗਰਾਮ ਅੰਮ੍ਰਿਤ ਵੇਲਾ ਤੋਂ ਪ੍ਰਭਾਤੀ ਵੇਲਾ ਤੱਕ ਸ਼ੁਰੂ ਹੁੰਦੇ ਹਨ, ਜਿੱਥੇ ਮੈਂ ਵੀ ਭਗਤਾਂ ਦੀਆਂ ਭਾਵਨਾਵਾਂ ਦੇਖ ਕੇ ਭਾਵੁਕ ਹੋ ਜਾਂਦਾ ਹਾਂ। ਭਾਵੇਂ ਇਹ ਖਾਸ ਤੌਰ 'ਤੇ ਸਿੱਖ ਭਾਈਚਾਰੇ ਅਤੇ ਕਿਸਾਨਾਂ ਦਾ ਤਿਉਹਾਰ ਹੈ, ਪਰ ਇਹ ਸਮੁੱਚੇ ਮਨੁੱਖੀ ਸਮਾਜ ਦੁਆਰਾ ਮਨਾਇਆ ਜਾਂਦਾ ਹੈ। ਕਿਉਂਕਿ ਵਿਸਾਖੀ ਦਾ ਤਿਉਹਾਰ ਸਮਾਜ ਅਤੇ ਧਰਮ ਦੇ ਸੰਗਮ ਦਾ ਪ੍ਰਤੀਕ ਹੈ, ਇਸ ਲਈ ਅੱਜ ਅਸੀਂ ਮੀਡੀਆ ਵਿੱਚ ਉਪਲਬਧ ਜਾਣਕਾਰੀ ਦੀ ਮਦਦ ਨਾਲ ਇਸ ਲੇਖ ਰਾਹੀਂ ਚਰਚਾ ਕਰਾਂਗੇ, ਵਿਸਾਖੀ ਦਾ ਤਿਉਹਾਰ 13 ਅਪ੍ਰੈਲ 2025, ਖੁਸ਼ੀ ਅਤੇ ਖੁਸ਼ਹਾਲੀ ਦਾ ਪ੍ਰਤੀਕ ਹੈ, ਇਹ ਖਾਲਸਾ ਪੰਥ ਦੀ ਸਥਾਪਨਾ ਅਤੇ ਨਵੀਂ ਫ਼ਸਲ ਦੀ ਸ਼ੁਰੂਆਤ ਦਾ ਪ੍ਰਤੀਕ ਹੈ ਅਤੇ ਵਿਸਾਖੀ ਵਾਲੇ ਦਿਨ ਗੁਰਦੁਆਰਿਆਂ ਵਿੱਚ ਵਿਸ਼ੇਸ਼ ਪੂਜਾ, ਅਰਦਾਸ, ਭਜਨ ਕੀਰਤਨ ਅਤੇ ਪ੍ਰਭਾਤ ਫੇਰੀ ਕਾਨ੍ਹ ਪ੍ਰਸਾਦ ਦਾ ਵਿਸ਼ੇਸ਼ ਮਹੱਤਵ ਹੈ।

ਦੋਸਤੋ, ਜੇਕਰ ਅਸੀਂ ਭਾਰਤ ਵਿੱਚ ਵਿਸਾਖੀ ਦੇ ਤਿਉਹਾਰ ਨੂੰ ਮਨਾਉਣ ਦੀ ਗੱਲ ਕਰੀਏ, ਤਾਂ ਵਿਸਾਖੀ ਦੇ ਤਿਉਹਾਰ ਨੂੰ ਵਿਸਾਖੀ ਵੀ ਕਿਹਾ ਜਾਂਦਾ ਹੈ। ਵਿਸਾਖੀ ਦਾ ਤਿਉਹਾਰ ਲਗਭਗ ਪੂਰੇ ਭਾਰਤ ਵਿੱਚ ਬਹੁਤ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਹਰ ਸਾਲ ਵਿਸਾਖੀ 13 ਜਾਂ 14 ਅਪ੍ਰੈਲ ਨੂੰ ਮਨਾਈ ਜਾਂਦੀ ਹੈ। ਹਰ ਸਾਲ ਵਿਸਾਖੀ ਵਾਲੇ ਦਿਨ, ਸੂਰਜ ਮੇਸ਼ ਰਾਸ਼ੀ ਵਿੱਚ ਪ੍ਰਵੇਸ਼ ਕਰਦਾ ਹੈ ਅਤੇ ਇਸ ਸਾਲ ਇਹ ਤਿਉਹਾਰ 13 ਅਪ੍ਰੈਲ ਯਾਨੀ ਅੱਜ ਮਨਾਇਆ ਜਾ ਰਿਹਾ ਹੈ। ਪੰਜਾਬ ਅਤੇ ਹਰਿਆਣਾ ਦੇ ਇਲਾਕਿਆਂ ਵਿੱਚ ਵਿਸਾਖੀ ਦੇ ਤਿਉਹਾਰ ਨਾਲ ਫ਼ਸਲਾਂ ਦੀ ਕਟਾਈ ਸ਼ੁਰੂ ਹੋ ਜਾਂਦੀ ਹੈ। ਵਿਸਾਖੀ ਦੇ ਤਿਉਹਾਰ ਨੂੰ ਵਿਸਾਖੀ ਵੀ ਕਿਹਾ ਜਾਂਦਾ ਹੈ। ਵਿਸਾਖੀ ਦਾ ਤਿਉਹਾਰ ਪੰਜਾਬ ਅਤੇ ਹਰਿਆਣਾ ਵਿੱਚ ਬਹੁਤ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਹਰ ਸਾਲ ਵਿਸਾਖੀ 13 ਜਾਂ 14 ਅਪ੍ਰੈਲ ਨੂੰ ਮਨਾਈ ਜਾਂਦੀ ਹੈ। ਹਰ ਸਾਲ ਵਿਸਾਖੀ ਵਾਲੇ ਦਿਨ, ਸੂਰਜ ਮੇਸ਼ ਰਾਸ਼ੀ ਵਿੱਚ ਪ੍ਰਵੇਸ਼ ਕਰਦਾ ਹੈ ਅਤੇ ਇਸ ਸਾਲ, ਇਹ ਤਿਉਹਾਰ 13 ਅਪ੍ਰੈਲ ਨੂੰ ਹੀ ਮਨਾਇਆ ਜਾ ਰਿਹਾ ਹੈ। ਵਿਸਾਖੀ ਦਾ ਤਿਉਹਾਰ ਪੰਜਾਬ ਅਤੇ ਹਰਿਆਣਾ ਸਮੇਤ ਕੁਝ ਰਾਜਾਂ ਵਿੱਚ ਫਸਲਾਂ ਦੀ ਵਾਢੀ ਦੀ ਸ਼ੁਰੂਆਤ ਨੂੰ ਦਰਸਾਉਂਦਾ ਹੈ। ਵਿਸਾਖੀ ਵਾਲੇ ਦਿਨ ਗੁਰਦੁਆਰਿਆਂ ਨੂੰ ਸਜਾਇਆ ਜਾਂਦਾ ਹੈ। ਸਿੱਖ ਭਾਈਚਾਰੇ ਦੇ ਲੋਕ ਗੁਰੂਵਾਣੀ ਸੁਣਦੇ ਹਨ। ਲੋਕ ਇਸ ਦਿਨ ਘਰ ਵਿੱਚ ਵਿਸ਼ੇਸ਼ ਪ੍ਰਾਰਥਨਾਵਾਂ ਅਤੇ ਪੂਜਾ ਵੀ ਕਰਦੇ ਹਨ। ਖੀਰ, ਸ਼ਰਬਤ ਆਦਿ ਪਕਵਾਨ ਤਿਆਰ ਕੀਤੇ ਜਾਂਦੇ ਹਨ। ਇਸ ਦਿਨ, ਸ਼ਾਮ ਨੂੰ, ਘਰ ਦੇ ਬਾਹਰ ਲੱਕੜਾਂ ਸਾੜੀਆਂ ਜਾਂਦੀਆਂ ਹਨ। ਬਲਦੀ ਹੋਈ ਲੱਕੜ ਦਾ ਚੱਕਰ ਬਣਾ ਕੇ, ਲੋਕ ਆਪਣੀ ਖੁਸ਼ੀ ਦਾ ਪ੍ਰਗਟਾਵਾ ਕਰਨ ਲਈ ਗਿੱਧਾ ਅਤੇ ਭੰਗੜਾ ਪਾਉਂਦੇ ਹਨ। ਲੋਕ ਇੱਕ ਦੂਜੇ ਨੂੰ ਜੱਫੀ ਪਾਉਂਦੇ ਹਨ ਅਤੇ ਇੱਕ ਦੂਜੇ ਨੂੰ ਵਿਸਾਖੀ ਦੀਆਂ ਮੁਬਾਰਕਾਂ ਦਿੰਦੇ ਹਨ। ਤੁਹਾਨੂੰ ਦੱਸ ਦੇਈਏ ਕਿ ਵਿਸਾਖੀ ਦੇ ਸਮੇਂ ਅਸਮਾਨ ਵਿੱਚ ਵਿਸ਼ਾਖਾ ਨਕਸ਼ਤਰ ਹੁੰਦਾ ਹੈ, ਵਿਸ਼ਾਖਾ ਨਕਸ਼ਤਰ ਪੂਰਨਮਾਸ਼ੀ ਵਿੱਚ ਹੋਣ ਕਾਰਨ, ਇਸ ਮਹੀਨੇ ਨੂੰ ਵਿਸਾਖ ਕਿਹਾ ਜਾਂਦਾ ਹੈ, ਵਿਸਾਖ ਮਹੀਨੇ ਦੇ ਪਹਿਲੇ ਦਿਨ ਨੂੰ ਵਿਸਾਖੀ ਕਿਹਾ ਜਾਂਦਾ ਹੈ। ਇਸ ਦਿਨ, ਸੂਰਜ ਮੇਸ਼ ਰਾਸ਼ੀ ਵਿੱਚ ਪ੍ਰਵੇਸ਼ ਕਰਦਾ ਹੈ, ਇਸੇ ਕਰਕੇ ਇਸਨੂੰ ਮੇਸ਼ ਸੰਕ੍ਰਾਂਤੀ ਵੀ ਕਿਹਾ ਜਾਂਦਾ ਹੈ। ਵਿਸਾਖੀ ਨੂੰ ਪੋਇਲਾ, ਬੋਸ਼ਾਖ, ਵਿਸ਼ੂ ਅਤੇ ਬੀਹੂ ਵਰਗੇ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ। ਇਸ ਸਾਲ ਵਿਸਾਖੀ ਦਾ ਤਿਉਹਾਰ 14 ਅਪ੍ਰੈਲ ਨੂੰ ਮਨਾਇਆ ਜਾ ਰਿਹਾ ਹੈ। ਵਿਸਾਖੀ ਸਿੱਖਾਂ ਦਾ ਇੱਕ ਮਹੱਤਵਪੂਰਨ ਤਿਉਹਾਰ ਹੈ। ਅੱਜ ਦੇ ਦਿਨ 1699 ਵਿੱਚ, ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਥਾਪਨਾ ਕੀਤੀ ਸੀ। ਵਿਸ਼ਵਾਸ ਅਨੁਸਾਰ, ਇਸ ਸੰਪਰਦਾ ਦੀ ਸਥਾਪਨਾ ਦਾ ਉਦੇਸ਼ ਧਰਮ ਅਤੇ ਚੰਗਿਆਈ ਦੇ ਮਾਰਗ 'ਤੇ ਚੱਲਣਾ ਸੀ। ਕਿਸਾਨ ਇਸ ਤਿਉਹਾਰ ਨੂੰ ਆਪਣੀਆਂ ਫ਼ਸਲਾਂ ਦੀ ਕਟਾਈ ਦੀ ਖੁਸ਼ੀ ਵਿੱਚ ਮਨਾਉਂਦੇ ਹਨ, ਜਦੋਂ ਕਿ ਪੰਜਾਬ ਵਿੱਚ ਇਸ ਦਿਨ ਗਿੱਧਾ-ਭੰਗੜਾ ਕੀਤਾ ਜਾਂਦਾ ਹੈ, ਇਸ ਦਿਨ ਨੂੰ ਸਿੱਖਾਂ ਦੇ ਨਵੇਂ ਸਾਲ ਵਜੋਂ ਵੀ ਮਨਾਇਆ ਜਾਂਦਾ ਹੈ। ਇਸ ਦਿਨ ਨਗਰ ਕੀਰਤਨ ਕੱਢੇ ਜਾਂਦੇ ਹਨ ਅਤੇ ਸਮਾਜ ਵਿੱਚ ਭਾਈਚਾਰੇ ਦਾ ਸੰਦੇਸ਼ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ, ਲੋਕ ਇਸ ਦਿਨ ਨਵੀਂ ਫ਼ਸਲ ਦੇ ਆਉਣ ਦਾ ਜਸ਼ਨ ਮਨਾਉਣ ਲਈ ਇੱਕ ਦੂਜੇ ਨੂੰ ਵਧਾਈਆਂ ਦਿੰਦੇ ਹਨ ਅਤੇ ਰਵਾਇਤੀ ਗੀਤ ਗਾਉਂਦੇ ਹਨ।






ਦੋਸਤੋ, ਜੇਕਰ ਅਸੀਂ ਵਿਸਾਖੀ ਦੇ ਤਿਉਹਾਰ ਦੀ ਮਹੱਤਤਾ ਬਾਰੇ ਗੱਲ ਕਰੀਏ, ਤਾਂ ਵਿਸਾਖੀ ਦੇ ਤਿਉਹਾਰ ਦਾ ਸਿੱਖ ਧਰਮ ਵਿੱਚ ਵਿਸ਼ੇਸ਼ ਧਾਰਮਿਕ ਮਹੱਤਵ ਹੈ। ਇਹ ਦਿਨ ਦਸਵੇਂ ਸਿੱਖ ਗੁਰੂ, ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖਾਲਸਾ ਪੰਥ ਦੀ ਸਥਾਪਨਾ ਦਾ ਪ੍ਰਤੀਕ ਹੈ। ਗੁਰੂ ਜੀ ਨੇ ਇਸ ਦਿਨ ਸਾਰੇ ਜਾਤੀ ਭੇਦਭਾਵ ਨੂੰ ਖਤਮ ਕੀਤਾ ਸੀ ਅਤੇ ਏਕਤਾ ਦਾ ਸੰਦੇਸ਼ ਦਿੱਤਾ ਸੀ। ਇਹ ਤਿਉਹਾਰ ਇੱਕ ਨਵੇਂ ਅਧਿਆਇ, ਸਿੱਖਾਂ ਲਈ ਇੱਕ ਨਵੀਂ ਸ਼ੁਰੂਆਤ ਅਤੇ ਧਾਰਮਿਕ ਸਿਧਾਂਤਾਂ ਦੀ ਪਾਲਣਾ ਕਰਨ ਦੇ ਦਿਨ ਨੂੰ ਦਰਸਾਉਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਅਗਵਾਈ ਹੇਠ ਖਾਲਸਾ ਪੰਥ ਦੀ ਸਥਾਪਨਾ ਨੇ ਸਮਾਜ ਨੂੰ ਇਕਜੁੱਟ ਕਰਨ ਵੱਲ ਇੱਕ ਮਜ਼ਬੂਤ ਕਦਮ ਚੁੱਕਿਆ। ਵਿਸਾਖੀ 'ਤੇ, ਸਿੱਖ ਸ਼ਰਧਾਲੂ ਗੁਰਦੁਆਰਿਆਂ ਵਿੱਚ ਵਿਸ਼ੇਸ਼ ਪੂਜਾ ਅਤੇ ਅਰਦਾਸ ਕਰਦੇ ਹਨ। ਇਸ ਦਿਨ, ਖਾਸ ਕਰਕੇ ਗੁਰਦੁਆਰਿਆਂ ਵਿੱਚ ਭਜਨ-ਕੀਰਤਨ ਦਾ ਆਯੋਜਨ ਕੀਤਾ ਜਾਂਦਾ ਹੈ ਅਤੇ ਨਗਰ ਕੀਰਤਨ ਦੀ ਪਰੰਪਰਾ ਨੂੰ ਜਾਰੀ ਰੱਖਿਆ ਜਾਂਦਾ ਹੈ। ਲੋਕ ਇਸ ਦਿਨ ਨੂੰ ਆਪਣੇ ਪਵਿੱਤਰ ਫਰਜ਼ਾਂ ਨੂੰ ਯਾਦ ਕਰਨ, ਗੁਰੂ ਦੁਆਰਾ ਦਰਸਾਏ ਮਾਰਗ 'ਤੇ ਚੱਲਣ ਅਤੇ ਧਰਮ ਵਿੱਚ ਆਪਣੀ ਨਿਹਚਾ ਨੂੰ ਡੂੰਘਾ ਕਰਨ ਦਾ ਮੌਕਾ ਮੰਨਦੇ ਹਨ। ਵਿਸਾਖੀ ਦਾ ਤਿਉਹਾਰ ਸਿੱਖਾਂ ਲਈ ਆਪਣੇ ਗੁਰੂ ਦੀਆਂ ਸਿੱਖਿਆਵਾਂ ਅਤੇ ਖਾਲਸਾ ਪੰਥ ਦੀ ਮਹੱਤਤਾ ਦੀ ਪਾਲਣਾ ਕਰਦੇ ਹੋਏ ਇੱਕਜੁੱਟ ਹੋਣ ਅਤੇ ਸਮਾਜ ਵਿੱਚ ਸ਼ਾਂਤੀ, ਭਾਈਚਾਰਾ ਅਤੇ ਸਮਾਨਤਾ ਦਾ ਪ੍ਰਚਾਰ ਕਰਨ ਦਾ ਸਮਾਂ ਹੈ। ਵਿਸਾਖੀ ਦਾ ਤਿਉਹਾਰ ਭਾਰਤੀ ਸਮਾਜ ਵਿੱਚ ਇੱਕ ਸੱਭਿਆਚਾਰਕ ਵਿਰਾਸਤ ਵਜੋਂ ਮਨਾਇਆ ਜਾਂਦਾ ਹੈ। ਇਹ ਤਿਉਹਾਰ ਖੇਤੀਬਾੜੀ ਸਮਾਜ ਲਈ ਵਿਸ਼ੇਸ਼ ਤੌਰ 'ਤੇ ਮਹੱਤਵਪੂਰਨ ਹੈ, ਕਿਉਂਕਿ ਵਿਸਾਖੀ ਵਾਲੇ ਦਿਨ ਨਵੀਆਂ ਫਸਲਾਂ ਦੀ ਕਟਾਈ ਕੀਤੀ ਜਾਂਦੀ ਹੈ। ਇਹ ਦਿਨ ਕਿਸਾਨਾਂ ਲਈ ਖੁਸ਼ੀ ਅਤੇ ਖੁਸ਼ਹਾਲੀ ਦਾ ਪ੍ਰਤੀਕ ਹੈ ਕਿਉਂਕਿ ਉਨ੍ਹਾਂ ਨੂੰ ਆਪਣੀ ਮਿਹਨਤ ਦਾ ਫਲ ਮਿਲ ਰਿਹਾ ਹੈ। ਖਾਸ ਕਰਕੇ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਉਤਰਾਖੰਡ ਅਤੇ ਹਿਮਾਚਲ ਪ੍ਰਦੇਸ਼ ਵਿੱਚ, ਇਹ ਤਿਉਹਾਰ ਕਈ ਰਾਜਾਂ ਵਿੱਚ ਬਹੁਤ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਕਿਸਾਨ ਇਸ ਦਿਨ ਨੂੰ ਆਪਣੀ ਨਵੀਂ ਫ਼ਸਲ ਤੋਂ ਖੁਸ਼ੀ ਦੇ ਪ੍ਰਤੀਕ ਵਜੋਂ ਮਨਾਉਂਦੇ ਹਨ ਅਤੇ ਰਵਾਇਤੀ ਤਰੀਕੇ ਨਾਲ ਖੇਤਾਂ ਵਿੱਚ ਕੰਮ ਕਰਦੇ ਹੋਏ ਬਹੁਤ ਮਸਤੀ ਕਰਦੇ ਹਨ। ਸਮਾਜ ਦੇ ਲੋਕ ਇਕੱਠੇ ਹੁੰਦੇ ਹਨ ਅਤੇ ਨਾਚ, ਸੰਗੀਤ ਅਤੇ ਵੱਖ-ਵੱਖ ਸੱਭਿਆਚਾਰਕ ਪ੍ਰੋਗਰਾਮਾਂ ਦਾ ਆਯੋਜਨ ਕਰਦੇ ਹਨ। ਪੰਜਾਬ ਵਿੱਚ 'ਭੰਗੜਾ' ਅਤੇ 'ਗਿੱਧਾ' ਵਰਗੇ ਰਵਾਇਤੀ ਨਾਚ ਹਨ, ਜੋ ਨਾ ਸਿਰਫ਼ ਖੁਸ਼ੀ ਦਾ ਸਰੋਤ ਹਨ ਬਲਕਿ ਏਕਤਾ ਅਤੇ ਭਾਈਚਾਰੇ ਨੂੰ ਵੀ ਵਧਾਉਂਦੇ ਹਨ। ਇਹ ਦਿਨ ਖੁਸ਼ੀ ਅਤੇ ਏਕਤਾ ਦਾ ਪ੍ਰਤੀਕ ਹੈ ਜਦੋਂ ਲੋਕ ਇੱਕ ਦੂਜੇ ਨਾਲ ਖੁਸ਼ੀ ਸਾਂਝੀ ਕਰਨ ਅਤੇ ਜੀਵਨ ਦੇ ਇੱਕ ਨਵੇਂ ਚੱਕਰ ਦੀ ਸ਼ੁਰੂਆਤ ਦਾ ਸਵਾਗਤ ਕਰਨ ਲਈ ਇਕੱਠੇ ਹੁੰਦੇ ਹਨ। ਵਿਸਾਖੀ ਦਾ ਸਿੱਖ ਭਾਈਚਾਰੇ ਦੇ ਲੋਕਾਂ ਵਿੱਚ ਧਾਰਮਿਕ ਅਤੇ ਇਤਿਹਾਸਕ ਮਹੱਤਵ ਹੈ। ਉਹ ਇਸ ਤਿਉਹਾਰ ਨੂੰ ਬਹੁਤ ਖੁਸ਼ੀ ਅਤੇ ਖੇੜੇ ਨਾਲ ਮਨਾਉਂਦੇ ਹਨ। ਇਹ ਤਿਉਹਾਰ ਪੰਜਾਬੀ ਨਵੇਂ ਸਾਲ ਦੀ ਸ਼ੁਰੂਆਤ ਨੂੰ ਦਰਸਾਉਂਦਾ ਹੈ, ਵਿਸਾਖੀ ਦਾ ਤਿਉਹਾਰ ਰਵਾਇਤੀ ਰੀਤੀ-ਰਿਵਾਜਾਂ ਨਾਲ ਮਨਾਇਆ ਜਾਂਦਾ ਹੈ। ਵਿਸਾਖੀ ਸਿੱਖ ਭਾਈਚਾਰੇ ਦੀ ਫ਼ਸਲ, ਨਵੀਂ ਸ਼ੁਰੂਆਤ ਅਤੇ ਅਮੀਰ ਸੱਭਿਆਚਾਰਕ ਵਿਰਾਸਤ ਦਾ ਜਸ਼ਨ ਹੈ। ਇਸ ਮਹੀਨੇ, ਹਾੜ੍ਹੀ ਦੀਆਂ ਫ਼ਸਲਾਂ ਪੂਰੀ ਤਰ੍ਹਾਂ ਪੱਕ ਜਾਂਦੀਆਂ ਹਨ ਅਤੇ ਉਨ੍ਹਾਂ ਦੀ ਕਟਾਈ ਵੀ ਸ਼ੁਰੂ ਹੋ ਜਾਂਦੀ ਹੈ। ਇਸੇ ਲਈ ਵਿਸਾਖੀ ਨੂੰ ਫ਼ਸਲਾਂ ਦੇ ਪੱਕਣ ਅਤੇ ਸਿੱਖ ਧਰਮ ਦੀ ਸਥਾਪਨਾ ਵਜੋਂ ਮਨਾਇਆ ਜਾਂਦਾ ਹੈ।

ਦੋਸਤੋ, ਜੇਕਰ ਅਸੀਂ ਵਿਸਾਖੀ ਦੇ ਇਤਿਹਾਸ ਦੀ ਗੱਲ ਕਰੀਏ ਤਾਂ ਵਿਸਾਖੀ ਦਾ ਇਤਿਹਾਸ ਇਹ ਹੈ ਕਿ 30 ਮਾਰਚ, 1699 ਨੂੰ ਸਿੱਖਾਂ ਦੇ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਥਾਪਨਾ ਕੀਤੀ ਸੀ। ਉਸਨੇ ਸਿੱਖ ਭਾਈਚਾਰੇ ਦੇ ਮੈਂਬਰਾਂ ਨੂੰ ਗੁਰੂ ਅਤੇ ਪਰਮਾਤਮਾ ਲਈ ਆਪਣੇ ਆਪ ਨੂੰ ਕੁਰਬਾਨ ਕਰਨ ਲਈ ਅੱਗੇ ਆਉਣ ਲਈ ਕਿਹਾ, ਜੋ ਅੱਗੇ ਆਏ ਉਨ੍ਹਾਂ ਨੂੰ ਪੰਜ ਪਿਆਰੇ ਕਿਹਾ ਜਾਂਦਾ ਸੀ, ਜਿਸਦਾ ਅਰਥ ਸੀ ਗੁਰੂ ਜੀ ਦੇ ਪੰਜ ਪਿਆਰੇ। ਬਾਅਦ ਵਿੱਚ, ਮਹਾਰਾਜਾ ਰਣਜੀਤ ਸਿੰਘ ਨੂੰ ਵਿਸਾਖੀ ਵਾਲੇ ਦਿਨ ਸਿੱਖ ਸਾਮਰਾਜ ਦੀ ਕਮਾਨ ਸੌਂਪੀ ਗਈ। ਮਹਾਰਾਜਾ ਰਣਜੀਤ ਸਿੰਘ ਨੇ ਫਿਰ ਇੱਕ ਏਕੀਕ੍ਰਿਤ ਰਾਜ ਸਥਾਪਿਤ ਕੀਤਾ, ਜਿਸ ਕਾਰਨ ਇਸ ਦਿਨ ਨੂੰ ਵਿਸਾਖੀ ਵਜੋਂ ਮਨਾਇਆ ਜਾਣ ਲੱਗਾ। ਵਿਸਾਖੀ ਸਪੈਸ਼ਲ ਕਾਨ੍ਹ ਪ੍ਰਸਾਦ-ਭਾਰਤ ਵਿੱਚ ਕੋਈ ਵੀ ਤਿਉਹਾਰ ਮਠਿਆਈਆਂ ਤੋਂ ਬਿਨਾਂ ਨਹੀਂ ਮਨਾਇਆ ਜਾਂਦਾ। ਵਿਸਾਖੀ 'ਤੇ ਪੰਜਾਬੀ ਵਿਸ਼ੇਸ਼ ਤੌਰ 'ਤੇ ਕਾਨ੍ਹ ਪ੍ਰਸ਼ਾਦ (ਗੁੜ ਅਤੇ ਆਟੇ ਦਾ ਹਲਵਾ) ਤਿਆਰ ਕਰਦੇ ਹਨ।

ਇਸ ਲਈ, ਜੇਕਰ ਅਸੀਂ ਉਪਰੋਕਤ ਵੇਰਵਿਆਂ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰੀਏ, ਤਾਂ ਸਾਨੂੰ ਪਤਾ ਲੱਗੇਗਾ ਕਿ 13 ਅਪ੍ਰੈਲ 2025 ਨੂੰ ਵਿਸਾਖੀ ਦਾ ਤਿਉਹਾਰ ਖੁਸ਼ੀ ਅਤੇ ਖੁਸ਼ਹਾਲੀ ਦਾ ਪ੍ਰਤੀਕ ਹੈ - ਖਾਲਸਾ ਪੰਥ ਦੀ ਸਥਾਪਨਾ ਅਤੇ ਨਵੀਆਂ ਫਸਲਾਂ ਦੀ ਕਟਾਈ ਦਾ ਪ੍ਰਤੀਕ। ਵਿਸਾਖੀ ਦਾ ਤਿਉਹਾਰ ਖੇਤੀਬਾੜੀ, ਸਮਾਜ ਅਤੇ ਧਰਮ ਦੇ ਸੰਗਮ ਦਾ ਪ੍ਰਤੀਕ ਹੈ। ਵਿਸਾਖੀ ਵਾਲੇ ਦਿਨ ਗੁਰਦੁਆਰਿਆਂ ਵਿੱਚ ਵਿਸ਼ੇਸ਼ ਪੂਜਾ, ਅਰਦਾਸ, ਭਜਨ ਕੀਰਤਨ ਅਤੇ ਪ੍ਰਭਾਤਫੇਰੀ ਕਾਨ੍ਹ ਪ੍ਰਸਾਦ ਦਾ ਵਿਸ਼ੇਸ਼ ਮਹੱਤਵ ਹੈ।

-ਕੰਪਾਈਲਰ ਲੇਖਕ - ਕਾਰ ਮਾਹਿਰ ਕਾਲਮਨਵੀਸ ਸਾਹਿਤਕਾਰ ਅੰਤਰਰਾਸ਼ਟਰੀ ਲੇਖਕ ਚਿੰਤਕ ਕਵੀ ਸੰਗੀਤ ਮਾਧਿਅਮ ਸੀਏ(ਏ.ਟੀ.ਸੀ) ਐਡਵੋਕੇਟ ਕਿਸ਼ਨ ਸੰਮੁਖਦਾਸ ਭਵਨਾਨੀ ਗੋਂਡੀਆ ਮਹਾਰਾਸ਼ਟਰ 9284141425

# ਪਰਜਾ ਮੰਡਲ ਲਹਿਰ ਦੀ ਸੰਗਰਾਮਣ ਮਾਤਾ ਧਰਮ ਕੌਰ ਲੌਂਗੋਵਾਲ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 12 ਅਪਰੈਲ
INTERNATIONAL PAPER, 94636 01616
hardipchumber57@gmail.com

ਆਪਣੇ ਜੀਵਨ ਦੇ ਸੁਨਹਿਰੀ 30 ਵਰ੍ਹੇ ਰਜਵਾੜਾਸ਼ਾਹੀ ਅਤੇ ਬਰਤਾਨਵੀ ਸਾਮਰਾਜ ਵਿਰੁੱਧ ਲੜਦਿਆਂ ਜੇਲ੍ਹਾਂ ਦੀਆਂ ਕਾਲ ਕੋਠੜੀਆਂ, ਜਲਾਵਤਨੀਆਂ ਅਤੇ ਰੂਪੋਸ਼ੀਆਂ ਵਿੱਚ ਬਿਤਾਉਣ ਵਾਲੇ ਪਰਜਾ ਮੰਡਲ ਰਿਆਸਤ ਪਟਿਆਲਾ ਦੇ ਜਨਰਲ ਸਕੱਤਰ ਭਗਵਾਨ ਸਿੰਘ ਲੌਂਗੋਵਾਲ ਦੀ ਪਤਨੀ ਧਰਮ ਕੌਰ ਦਾ ਜਨਮ 1902 ਵਿੱਚ ਬਿਗੜਵਾਲ (ਸੁਨਾਮ ਕੇਲ) ਵਿਖੇ ਪ੍ਰਤਾਪ ਸਿੰਘ ਅਤੇ ਸਮਾ ਕੌਰ ਦੇ ਘਰ ਹੋਇਆ। ਆਪ ਦਾ ਵਿਆਹ ਚੌਦਾਂ ਸਾਲ ਦੀ ਉਮਰ ਵਿੱਚ ਹਮੀਰ ਸਿੰਘ (ਭਗਵਾਨ ਸਿੰਘ ਦੇ ਛੋਟੇ ਭਰਾ) ਨਾਲ ਹੋਇਆ। ਵਿਆਹ ਤੋਂ ਇੱਕ ਸਾਲ ਬਾਅਦ ਹੀ ਹਮੀਰ ਸਿੰਘ ਦੀ ਮੌਤ ਪਿੰਡ ਦੀ ਸਾਂਝੀ ਢਾਬ ਪੁੱਟਣ ਵੇਲੇ ਜ਼ਿਆਦਾ ਭਾਰ ਚੁੱਕਣ ਨਾਲ ਹੋ ਗਈ। ਭਗਵਾਨ ਸਿੰਘ ਉਸ ਵੇਲੇ ਅੰਮ੍ਰਿਤਸਰ ਵਿਖੇ ਪਟਿਆਲਾ ਰਿਆਸਤ ਵੱਲੋਂ ਜਲਾਵਤਨੀ ਹੰਢਾ ਰਹੇ ਸਨ। ਪਿੰਡ ਦੇ ਪਤਵੰਤੇ ਸੱਜਣਾਂ ਅਤੇ ਰਿਸ਼ਤੇਦਾਰਾਂ ਨੇ ਅੰਮ੍ਰਿਤਸਰ ਜਾ ਕੇ ਭਗਵਾਨ ਸਿੰਘ ਜੀ ਨੂੰ ਆਪ ਨਾਲ ਵਿਆਹ ਕਰਵਾਉਣ ਲਈ ਮਨਾਇਆ। ਇਸ ਤਰ੍ਹਾਂ ਆਪ ਦਾ ਉਨ੍ਹਾਂ ਦੀ ਜ਼ਿੰਦਗੀ ਵਿੱਚ ਪ੍ਰਵੇਸ਼ ਹੋਇਆ। ਆਪ ਕਈ ਵਰ੍ਹੇ ਉਨ੍ਹਾਂ ਨਾਲ ਜੇਲ੍ਹਾਂ ਵਿੱਚ ਰਹੇ। ਉਨ੍ਹਾਂ ਨਾਲ ਦਿੱਲੀ, ਬੁਢਲਾਡੇ ਅਤੇ ਅੰਮ੍ਰਿਤਸਰ ਵਿੱਚ ਜਲਾਵਤਨੀ ਦਾ ਸਮਾਂ ਬਿਤਾਇਆ। ਜਦੋਂ ਉਹ ਜੇਲ੍ਹ ਵਿੱਚ ਜਾਂ ਰੂਪੋਸ਼ ਹੁੰਦੇ ਤਾਂ ਆਪ ਖੁਦ ਉਨ੍ਹਾਂ ਦੀ ਥਾਂ ਪਰਜਾ ਮੰਡਲ ਦੀਆਂ ਕਾਨਫਰੰਸਾਂ ਵਿੱਚ ਜਾਂਦੇ। ਆਪ ਨੇ ਭੁੱਖੇ ਤਿਹਾਏ ਆਪਣੇ ਪਿੰਡੇ 'ਤੇ ਘਰ ਅਤੇ ਜਾਇਦਾਦ ਦੀ ਕੁਰਕੀ ਨੂੰ ਹੰਢਾਇਆ। ਬਹੁਤ ਸਾਰੀਆਂ ਕਾਨਫਰੰਸਾਂ ਵਿੱਚ ਭਗਵਾਨ ਸਿੰਘ ਜੀ ਦੇ ਨਾਲ ਸ਼ਾਮਿਲ ਹੋਣ ਕਰਕੇ ਆਪ ਸੈਂਕੜੇ ਵਾਰ ਗ੍ਰਿਫਤਾਰ ਹੋਏ। ਜਦੋਂ ਆਪ ਜਲਾਵਤਨੀ ਬਾਅਦ 1935 ਵਿੱਚ ਆਪਣੇ ਪਤੀ ਸਮੇਤ ਸੁਨਾਮ ਰੇਲਵੇ ਸਟੇਸ਼ਨ 'ਤੇ ਪਹੁੰਚੇ ਤਾਂ ਹਜ਼ਾਰਾਂ ਲੋਕਾਂ ਨੇ ਆਪ ਦਾ ਸਵਾਗਤ ਕੀਤਾ। ਸਨਮਾਨ ਵਜੋਂ ਭਾਰੀ ਇਕੱਠ ਲੌਂਗੋਵਾਲ ਵਿਖੇ ਆਪ ਨੂੰ ਛੱਡ ਕੇ ਗਿਆ। ਪਰਜਾ ਮੰਡਲ ਲਹਿਰ ਦੀ ਇਹ ਸੰਗਰਾਮਣ 15 ਅਪਰੈਲ 2004 ਨੂੰ ਇਸ ਸੰਸਾਰ ਨੂੰ ਅਲਵਿਦਾ ਕਹਿ ਗਈ।



ਮਾਸਟਰ ਬਲਵੀਰ ਚੰਦ
ਲੌਂਗੋਵਾਲ (ਸੰਗਰੂਰ)

# ਟੈਗੋਰ ਵਿਦਿਆਲਿਆ ਦਾ ਨਤੀਜਾ ਸ਼ਾਨਦਾਰ ਰਿਹਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 12 ਅਪਰੈਲ
INTERNATIONAL PAPER, 94636 01616
hardipchumber57@gmail.com

ਲੌਂਗੋਵਾਲ,12 ਅਪ੍ਰੈਲ (ਜਗਸੀਰ ਸਿੰਘ) - ਇਲਾਕੇ ਦੀ ਨਾਮਵਰ ਟੈਗੋਰ ਵਿਦਿਆਲਿਆ ਸੀਨੀਅਰ ਸੈਕੰਡਰੀ ਲੌਂਗੋਵਾਲ ਦਾ ਪੰਜਵੀਂ ਜਮਾਤ ਦਾ ਨਤੀਜਾ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਸ਼ਾਨਦਾਰ ਰਿਹਾ ,ਸਕੂਲ ਦੀਆਂ ਵਿਦਿਆਰਥਣਾਂ ਲਗਨਪ੍ਰੀਤ ਕੌਰ ਪੁੱਤਰੀ ਸੇਵਕ ਸਿੰਘ ਨੇ 99.8 ਫੀਸਦੀ ਅੰਕ ਪ੍ਰਾਪਤ ਅੰਕ ਪ੍ਰਾਪਤ ਕਰਕੇ ਪਹਿਲਾ ਕਮਲਪ੍ਰੀਤ ਕੌਰ ਪੁੱਤਰੀ ਸਤਿਗੁਰ ਸਿੰਘ ਨੇ 98.8 ਫੀਸਦੀ ਅੰਕ ਪ੍ਰਾਪਤ ਕਰਕੇ ਦੂਸਰਾ ਅਤੇ ਸੁਮਨਪ੍ਰੀਤ ਕੌਰ ਪੁੱਤਰੀ ਸੰਦੀਪ ਸਿੰਘ ਨੇ 98.6 ਫੀਸਦੀ ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਹਾਸਲ ਕੀਤਾ । ਇਸ ਤੋਂ ਇਲਾਵਾ ਸਕੂਲ ਦੇ ਵਿਦਿਆਰਥੀ ਨਮਨ ਗਰਗ ਪੁੱਤਰ ਰਮਨਦੀਪ , ਸਹਿਜਪ੍ਰੀਤ ਸਿੰਘ ਪੁੱਤਰ ਗਗਨਦੀਪ ਸਿੰਘ (98 ) (98.2 )ਅਤੇ ਗੁਰਨੂਰ ਕੌਰ ਪੁੱਤਰੀ ਕੁਲਦੀਪ ਸਿੰਘ 97.8 ਨੇ ਅੰਕ ਪ੍ਰਾਪਤ ਕੀਤੇ ਇਸ ਤੋਂ ਇਲਾਵਾ ਜਮਾਤ ਦੇ ਬਹੁਤ ਸਾਰੇ ਵਿਦਿਆਰਥੀਆਂ ਨੇ 90 ਫੀਸਦੀ ਤੋਂ ਵੱਧ ਅੰਕ ਪ੍ਰਾਪਤ ਕੀਤੇ ਹਨ। ਸਕੂਲ ਦੀ ਇਸ ਵੱਡੀ ਸਫਲਤਾ ਤੋਂ ਪ੍ਰਸੰਨ ਹੋ ਕੇ ਸੰਸਥਾ ਦੇ ਪ੍ਰਿੰਸੀਪਲ ਮੈਡਮ ਜਸਵਿੰਦਰ ਕੌਰ ਚੇਅਰਮੈਨ ਮੈਂਬਰ ਸ.ਕੁਲਦੀਪ ਸਿੰਘ ਮੰਡੇਰ ,ਸ. ਗੋਬਿੰਦ ਸਿੰਘ ਗਿੱਲ ਅਤੇ ਸ੍ਰੀ ਜਤਿੰਦਰ ਰਿਸ਼ੀ ਵੱਲੋਂ ਸਮੂਹ ਸਕੂਲ ਸਟਾਫ ਅਤੇ ਵਿਦਿਆਰਥੀਆਂ ਨੂੰ ਸ਼ਾਨਦਾਰ ਨਤੀਜੇ ਦੀ ਵਧਾਈ ਦਿੰਦਿਆਂ ਉਨ੍ਹਾਂ ਦਾ ਸਨਮਾਨ ਕੀਤਾ ਗਿਆ।



"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 12 ਅਪਰੈਲ
INTERNATIONAL PAPER, 94636 01616
hardipchumber57@gmail.com

# ਸਮੁੱਚੇ ਵਿਸ਼ਵ ਵਿੱਚ ਮਨੁੱਖੀ ਅਧਿਕਾਰਾਂ ਦੇ ਮੋਢੀ- ਸ਼੍ਰੀ ਗੁਰੂ ਤੇਗ ਬਹਾਦਰ ਜੀ, ਹਿੰਦ ਕੀ ਚਾਦਰ



ਡਾ. ਸੰਦੀਪ ਘੰਡ
ਸੇਵਾਮੁਕਤ, ਅਧਿਕਾਰੀ (ਭਾਰਤ ਸਰਕਾਰ)
ਮਾਨਸਾ-ਪੰਜਾਬ-9815139576

ਗੁਰੂ ਤੇਗ ਬਹਾਦਰ ਸਾਹਿਬ ਦੀ ਵਿਚਾਰਧਾਰਾ ਅਤੇ ਸ਼ਹਾਦਤ ਨੂੰ ਮਨੁੱਖੀ ਅਧਿਕਾਰਾਂ ਦੀ ਇੱਕ ਬਹੁਮੁੱਲੀ ਉਦਾਹਰਣ ਹੈ। ਲੰਡਨ ਵਿੱਚ ਸਥਿਤ ਮਨੁੱਖੀ ਅਧਿਕਾਰਾਂ ਦੀ ਸੰਸਥਾ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਦਿਆਂ ਸ਼ਹੀਦ ਹੋਣ ਵਾਲੇ ਮੋਢੀ ਵੱਜੋਂ ਮਾਨਤਾ ਦਿੱਤੀ ਗਈ ਹੈ।ਮਨੁੱਖੀ ਅਧਿਕਾਰਾਂ ਦੀ ਇਹ ਵਿਲੱਖਣ ਸ਼ਹਾਦਤ ਵਿੱਚ ਕੇਵਲ ਗੁਰੂ ਜੀ ਹੀ ਨਹੀ ਉਹਨਾਂ ਦੇ ਤਿੰਨ ਸਾਥੀਆਂ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲ ਦਾਸ ਵੱਲੋਂ ਦਿੱਤੀ ਗਈ ਸ਼ਹਾਦਤ ਨੂੰ ਜਿਥੇ ਬਹੁਤ ਸਤਿਕਾਰ ਦਿੱਤਾ ਜਾਦਾਂ ਉਥੇ ਇਹਨਾਂ ਸਹਾਦਤਾਂ ਨੂੰ ਮੁਗਲ ਰਾਜ ਦੀ ਦਮਨਕਾਰੀ ਸ਼ਕਤੀ ਦਾ ਵਿਰੋਧ ਕਰਨ ਅਤੇ ਵਿਸ਼ਵ ਪੱਧਰ ਤੇ ਮਨੁੱਖੀ ਅਧਿਕਾਰ ਅੰਦੋਲਨ ਦੀ ਸ਼ੁਰੂਆਤ ਕਿਹਾ ਜਾ ਸਕਦਾ।

ਗੁਰੂ ਤੇਗ ਬਹਾਦਰ ਜੀ ਦਾ ਜਨਮ 1 ਅਪ੍ਰੈਲ 1621 ਨੂੰ ਹੋਇਆ ਸੀ। ਉਨ੍ਹਾਂ ਨੂੰ 16 ਅਪ੍ਰੈਲ 1664 ਨੂੰ ਗੁਰੂ ਵਜੋਂ ਨਿਯੁਕਤ ਕੀਤਾ ਗਿਆ ਸੀ। ਉਹ ਸਿੱਖ ਸੰਤਾਂ ਦੇ ਵੰਸ਼ ਵਿੱਚ ਨੌਵੇਂ ਗੁਰੂ ਹਨ। ਉਨ੍ਹਾਂ ਨੂੰ ਹਿੰਦ ਦੀ ਚਾਦਰ, ਜਾਂ ਭਾਰਤ ਦੀ ਢਾਲ ਵੀ ਕਿਹਾ ਜਾਂਦਾ ਹੈ। ਉਨ੍ਹਾਂ ਨੇ ਉਨ੍ਹਾਂ ਲੋਕਾਂ ਦੇ ਹੱਕਾਂ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ ਜੋ ਉਨ੍ਹਾਂ ਦੇ ਧਰਮ ਦੇ ਵੀ ਨਹੀਂ ਸਨ। 1675 ਵਿੱਚ ਮੁਗਲ ਬਾਦਸ਼ਾਹ ਔਰੰਗਜ਼ੇਬ ਦੇ ਹੁਕਮ 'ਤੇ ਉਨ੍ਹਾਂ ਦਾ ਸਿਰ ਕਲਮ ਕਰ ਦਿੱਤਾ ਗਿਆ ਸੀ। ਉਨ੍ਹਾਂ ਨੂੰ ਦਿੱਲੀ ਵਿੱਚ ਚਾਂਦਨੀ ਚੌਕ ਵਿਖੇ ਸ਼ਹੀਦ ਕੀਤਾ ਗਿਆ ਸੀ ਅਤੇ 11 ਨਵੰਬਰ 1675 ਨੂੰ ਸ਼ਹੀਦ ਕੀਤਾ ਗਿਆ ਸੀ। ਗੁਰਦੁਆਰਾ ਸੀਸ ਗੰਜ ਸਾਹਿਬ ਉਨ੍ਹਾਂ ਦੀ ਫਾਂਸੀ ਦੀ ਜਗ੍ਹਾ ਨੂੰ ਦਰਸਾਉਂਦਾ ਹੈ ਜਦੋਂ ਕਿ ਗੁਰਦੁਆਰਾ ਰਕਾਬ ਗੰਜ ਸਾਹਿਬ ਉਨ੍ਹਾਂ ਦੀ ਫਾਂਸੀ ਦੀ ਜਗ੍ਹਾ ਨੂੰ ਦਰਸਾਉਂਦਾ ਹੈ।

ਆਪਣੇ ਜੀਵਨ ਕਾਲ ਦੌਰਾਨ, ਉਸਨੇ ਭਾਰਤ ਦੇ ਕਈ ਹਿੱਸਿਆਂ ਦੀ ਯਾਤਰਾ ਕੀਤੀ ਅਤੇ ਮਨਾਲੀ ਵਿੱਚ ਗੋਬਿੰਦ ਸਹਾਲੀ ਦੇ ਕਹਿਣ 'ਤੇ ਬਹੁਤ ਸਾਰੇ ਸਿੱਖ ਮੰਦਰਾਂ ਦੀ ਉਸਾਰੀ ਕਰਵਾਈ। ਜਿਨ੍ਹਾਂ ਥਾਵਾਂ 'ਤੇ ਉਸਨੇ ਦੌਰਾ ਕੀਤਾ ਉਹ ਬਾਅਦ ਵਿੱਚ ਸਿੱਖ ਮੰਦਰਾਂ ਦੇ ਸਥਾਨ ਬਣ ਗਏ ਜੋ ਅੱਜ ਵੀ ਸਤਿਕਾਰੇ ਜਾਂਦੇ ਹਨ। ਉਸਨੇ ਅਸਾਮ, ਬਿਹਾਰ, ਬੰਗਾਲ, ਢਾਕਾ ਅਤੇ ਕਸ਼ਮੀਰ ਦੇ ਕੁਝ ਹਿੱਸਿਆਂ ਦੀ ਯਾਤਰਾ ਵੀ ਕੀਤੀ ਸੀ। ਉਸਨੇ ਹਿਮਾਲਿਆ ਦੀਆਂ ਤਲਹਟੀਆਂ 'ਤੇ ਇੱਕ ਸ਼ਹਿਰ ਵੀ ਸਥਾਪਿਤ ਕੀਤਾ ਜਿਸਦਾ ਨਾਮ ਉਸਨੇ ਆਨੰਦਪੁਰ ਸਾਹਿਬ ਰੱਖਿਆ।

ਜਦੋਂ ਸੇਵਾ ਦੀ ਗੱਲ ਆਈ, ਤਾਂ ਉਸਨੇ ਉਦਾਰਤਾ ਨਾਲ ਅਜਿਹਾ ਕੀਤਾ, ਬਿਲਕੁਲ ਮੋਹਰੀ ਸੀ। ਗੁਰੂ ਤੇਗ਼ ਬਹਾਦਰ ਜੀ ਦੇ ਸਨਮਾਨ ਵਿੱਚ ਕਈ ਸਿੱਖ ਮੰਦਰ ਬਣਾਏ ਗਏ ਹਨ। ਪੰਜਾਬ ਵਿੱਚ ਗੁਰਦੁਆਰਾ ਸੀਸਗੰਜ ਸਾਹਿਬ ਉਸ ਜਗ੍ਹਾ 'ਤੇ ਬਣਾਇਆ ਗਿਆ ਸੀ ਜਿੱਥੇ ਔਰੰਗਜ਼ੇਬ ਦੇ ਹੁਕਮਾਂ ਦੀ ਉਲੰਘਣਾ ਕਰਦੇ ਹੋਏ, ਗੁਰੂ ਜੀ ਦਾ ਸਿਰ ਦਿੱਲੀ ਤੋਂ ਲਿਆਂਦਾ ਗਿਆ ਸੀ, ਅਤੇ ਸਸਕਾਰ ਕੀਤਾ ਗਿਆ ਸੀ। ਗੁਰੂ ਜੀ ਦੀ ਫਾਂਸੀ ਨੇ ਖਾਲਸਾ ਪਛਾਣ ਦੀ ਮਜ਼ਬੂਤੀ ਵੱਲ ਅਗਵਾਈ ਕੀਤੀ, ਜਿਸਦੀ ਸ਼ੁਰੂਆਤ ਉਨ੍ਹਾਂ ਦੇ ਪੁੱਤਰ ਦੁਆਰਾ ਕੀਤੀ ਗਈ ਸੀ, ਜੋ ਉਸ ਸਮੇਂ ਸਿਰਫ਼ 9 ਸਾਲ ਦਾ ਸੀ। ਗੁਰੂ ਤੇਗ਼ ਬਹਾਦਰ ਜੀ ਦੇ ਸਨਮਾਨ ਵਿੱਚ ਕਈ ਹਸਪਤਾਲ, ਸਕੂਲ, ਯੂਨੀਵਰਸਿਟੀਆਂ ਅਤੇ ਤਕਨਾਲੋਜੀ ਸੰਸਥਾਵਾਂ ਬਣਾਈਆਂ ਗਈਆਂ ਹਨ ਅਤੇ ਉਨ੍ਹਾਂ ਦੇ ਨਾਮ ਰੱਖੇ ਗਏ ਹਨ।

ਕਿਉਂਕਿ ਅਕਾਲ ਪੁਰਖ ਸਾਰਿਆਂ ਵਿੱਚ ਬਰਾਬਰ ਵੱਸਦਾ ਹੈ, ਇਸ ਲਈ ਦੁਸ਼ਮਣ ਅਤੇ ਦੋਸਤ ਨਾਲ ਇੱਕੋ ਜਿਹਾ ਵਰਤਾਓ ਕੀਤਾ ਜਾਣਾ ਚਾਹੀਦਾ ਹੈ। ਕੋਈ ਵੀ ਦੁਸ਼ਮਣੀ ਨਹੀਂ ਹੋਣੀ ਚਾਹੀਦੀ, ਸਿਰਫ਼ ਇਸ ਕਰਕੇ ਕਿ ਕੋਈ ਕੌਣ ਹੈ। ਸਿਰਫ਼ ਅਜਿਹਾ ਵਿਅਕਤੀ ਹੀ ਸੱਚਮੁੱਚ ਗਿਆਨਵਾਨ ਹੁੰਦਾ ਹੈ, ਜੋ ਨਾ ਤਾਂ ਕਿਸੇ ਨੂੰ ਮਜਬੂਰ ਕਰਦਾ ਹੈ ਅਤੇ ਨਾ ਹੀ ਧਮਕੀਆਂ ਦੁਆਰਾ ਗੁਲਾਮ ਹੁੰਦਾ ਹੈ।



ਉਨ੍ਹਾਂ ਦੀਆਂ ਬਾਣੀਆਂ ਅਤੇ ਸਲੋਕ ਦਰਸਾਉਂਦੇ ਹਨ ਕਿ ਗੁਰੂ ਜੀ ਬਹੁਤ ਹੀ ਧੀਰਜਵਾਨ, ਮਾਫ਼ ਕਰਨ ਵਾਲੇ, ਨਿਡਰ, ਦ੍ਰਿੜ ਸਨ, ਅਤੇ ਦੁਨੀਆਂ ਵਿੱਚ ਬੇਮਿਸਾਲ ਲੀਡਰਸ਼ਿਪ ਗੁਣਾਂ ਵਾਲੇ ਸਨ, ਅੰਤ ਵਿੱਚ ਸਾਰਿਆਂ ਦੀ ਆਜ਼ਾਦੀ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ। ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਉਨ੍ਹਾਂ ਦੀ ਰਚਨਾ ਬਹੁਤ ਸਤਿਕਾਰਯੋਗ ਹੈ, ਖਾਸ ਕਰਕੇ ਉਹ ਸਲੋਕ ਜੋ ਅੰਤਮ ਸਮਾਪਤੀ ਭਾਗ ਵਿੱਚ ਪ੍ਰਗਟ ਹੁੰਦੇ ਹਨ ਅਤੇ ਸਾਰਿਆਂ ਦੁਆਰਾ ਗਾਏ ਜਾਂਦੇ ਹੇ

ਉਨ੍ਹਾਂ ਦੀ ਸ਼ਹਾਦਤ ਦਾ ਦੋ ਪਹਿਲੂਆਂ 'ਤੇ ਅਧਿਐਨ ਕਰਨ ਦੀ ਲੋੜ ਹੈ: ਇੱਕ, ਸੱਚ ਲਈ ਖੜ੍ਹੇ ਹੋਣ ਅਤੇ ਵਿਅਕਤੀਗਤ ਸਵੈ ਦੀ ਸੀਮਤ ਭਾਵਨਾ ਤੋਂ ਪਰੇ ਦੂਜਿਆਂ ਦੀ ਭਲਾਈ ਲਈ ਆਵਾਜ਼ ਬੁਲੰਦ ਕਰਨ ਦੀ ਵਿਆਪਕ ਅਤੇ ਸਮੁੱਚੀ ਮਹੱਤਤਾ; ਅਤੇ ਦੂਜਾ, ਹਿੰਦੂ ਭਾਈਚਾਰੇ ਦੀ ਰੱਖਿਆ ਲਈ ਆਪਣੀ ਜਾਨ ਦੇਣ ਦੀ ਵਿਸ਼ੇਸ਼ਤਾ ਦਾ ਅਧਿਐਨ ਕਰਕੇ ਜੋ ਮੁਗਲਾਂ ਦੇ ਹੱਥੋਂ ਜ਼ਬਰਦਸਤੀ ਧਰਮ ਪਰਿਵਰਤਨ, ਕਤਲੇਆਮ ਅਤੇ ਅੱਤਿਆਚਾਰਾਂ ਦਾ ਸਾਹਮਣਾ ਕਰ ਰਿਹਾ ਸੀ। ਇੱਕ ਗੱਲ ਜੋ ਸਪੱਸ਼ਟ ਤੌਰ 'ਤੇ ਸਮਝਣ ਦੀ ਲੋੜ ਹੈ ਉਹ ਇਹ ਹੈ ਕਿ ਇਹ ਇੱਕ ਭਾਈਚਾਰੇ ਦੀ ਦੂਜੇ ਭਾਈਚਾਰੇ ਵਿਰੁੱਧ ਲੜਾਈ ਨਹੀਂ ਸੀ, ਸਗੋਂ ਇਹ ਗਲਤ ਦੇ ਵਿਰੁੱਧ ਸਹੀ, ਝੂਠ ਦੇ ਵਿਰੁੱਧ ਸੱਚ ਅਤੇ ਅਸੰਤੁਸ਼ਟੀ ਦੇ ਵਿਰੁੱਧ ਧਾਰਮਿਕਤਾ ਦੀ ਲੜਾਈ ਸੀ। ਇਸ ਤੋਂ ਇਲਾਵਾ, ਉਨ੍ਹਾਂ ਦਾ ਮੁਗਲਾਂ ਦਾ ਜ਼ੁਲਮ ਦਿਨੋ-ਦਿਨ ਵਧਦਾ ਜਾ ਰਿਹਾ ਸੀ। ਖੇਤੀਬਾੜੀ ਸਥਿਤੀ ਵਿੱਚ ਅਸਥਿਰਤਾ ਸੀ। ਗਰੀਬ ਕਿਸਾਨਾਂ ਅਤੇ ਕਾਸ਼ਤਕਾਰਾਂ ਦਾ ਲਗਾਤਾਰ ਸ਼ੋਸ਼ਣ ਹੋ ਰਿਹਾ ਸੀ।

ਗੁਰੂ ਤੇਗ਼ ਬਹਾਦਰ ਜੀ ਨੇ ਗ੍ਰੰਥ ਸਾਹਿਬ ਦੇ ਪਵਿੱਤਰ ਗ੍ਰੰਥ ਨੂੰ ਭਜਨਾਂ ਅਤੇ ਦੋਹੇ ਦੇ ਰੂਪ ਵਿੱਚ ਲਿਖਿਆ, ਜਿਸ ਵਿੱਚ ਅੰਤ ਤੱਕ ਸ਼ਲੋਕ ਵੀ ਸ਼ਾਮਲ ਸਨ। ਉਨ੍ਹਾਂ ਦੀਆਂ 700 ਤੋਂ ਵੱਧ ਰਚਨਾਵਾਂ ਸਿੱਖ ਧਰਮ ਵਿੱਚ "ਬਾਣੀ" ਦਾ ਹਿੱਸਾ ਹਨ। ਉਨ੍ਹਾਂ ਦੀਆਂ ਰਚਨਾਵਾਂ ਵਿੱਚ 15 ਵੱਖ-ਵੱਖ ਰਾਗਾਂ ਵਿੱਚ 59 ਸ਼ਬਦ ਅਤੇ 57 ਸ਼ਲੋਕ ਸ਼ਾਮਲ ਹਨ। ਉਹ ਰਾਗ ਜੈਜਾਵੰਤੀ ਦੀ ਵਰਤੋਂ ਕਰਨ ਵਾਲੇ ਇਕੱਲੇ ਸਨ।

ਵਿਸ਼ਵ ਮਨੁੱਖੀ ਅਧਿਕਾਰ ਲਹਿਰ ਗੁਰੂ ਤੇਗ ਬਹਾਦਰ ਜੀ ਨੂੰ ਆਪਣੇ ਸੰਸਥਾਪਕਾਂ ਵਿੱਚੋਂ ਇੱਕ ਵਜੋਂ ਸਵੀਕਾਰ ਕਰ ਰਹੀ ਹੈ।ਗੁਰੂ ਤੇਗ਼ ਬਹਾਦਰ ਜੀ ਗੁਰੂ ਨਾਨਕ ਤੋਂ ਬਾਅਦ ਦੂਜੇ ਗੁਰੂ ਸਨ ਜੋ ਗੁਰੂ ਨਾਨਕ ਮਿਸ਼ਨ ਦੇ ਪ੍ਰਚਾਰਕ ਵਜੋਂ ਭਾਰਤ ਦੇ ਸਾਰੇ ਹਿੱਸਿਆਂ ਵਿੱਚ ਗਏ ਉਨ੍ਹਾਂ ਦੀ ਆਖਰੀ ਗ੍ਰਿਫ਼ਤਾਰੀ ਰੋਪੜ ਦੇ ਨੇੜੇ ਹੋਈ ਸੀ ਜਦੋਂ ਉਹ ਕਸ਼ਮੀਰੀ ਪੰਡਤਾਂ ਦੀਆਂ ਭਿਆਨਕ ਕਹਾਣੀਆਂ ਸੁਣਨ ਤੋਂ ਬਾਅਦ ਆਨੰਦਪੁਰ ਸਾਹਿਬ ਤੋਂ ਦਿੱਲੀ ਲਈ ਰਵਾਨਾ ਹੋਏ ਸਨ। ਸਰਹਿੰਦ ਅਤੇ ਹੋਰ ਥਾਵਾਂ 'ਤੇ ਗੁਰੂ ਜੀ ਦੀ ਨਜ਼ਰਬੰਦੀ ਦਾ ਵਿਸਤ੍ਰਿਤ ਵੇਰਵਾ ਦਿੱਤਾ ਗਿਆ ਹੈ ਅਤੇ ਇਹ ਵੀ ਦੱਸਿਆ ਗਿਆ ਹੈ ਕਿ ਉਨ੍ਹਾਂ ਨੂੰ ਕਿਵੇਂ ਤਸੀਹੇ ਦਿੱਤੇ ਗਏ ਸਨ ਅਤੇ ਲੋਹੇ ਦੇ ਪਿੰਜਰੇ ਵਿੱਚ ਕਿਵੇਂ ਰੱਖਿਆ ਗਿਆ ਸੀ।

ਗੁਰੂ ਤੇਗ਼ ਬਹਾਦਰ ਜੀ ਨੇ ਧਰਮ ਦੀ ਆਜ਼ਾਦੀ ਲਈ ਆਪਣੀ ਜਾਨ ਕਿਵੇਂ ਕੁਰਬਾਨ ਕੀਤੀ। ਗੁਰੂ ਜੀ ਕਦੇ ਵੀ ਲਾਲਚ ਜਾਂ ਧਮਕੀ ਦੇ ਅਧੀਨ ਧਰਮ ਪਰਿਵਰਤਨ ਲਈ ਸਹਿਮਤ ਨਹੀਂ ਹੋਏ। ਗੁਰੂ ਜੀ ਚਾਹੁੰਦੇ ਸਨ ਕਿ ਹਰ ਕੋਈ ਆਪਣੀ ਪੂਜਾ ਦਾ ਤਰੀਕਾ ਚੁਣ ਸਕੇ ਅਤੇ ਜ਼ਮੀਰ ਦੀ ਆਜ਼ਾਦੀ ਹੋਵੇ।ਮੁਗਲ ਬਾਦਸ਼ਾਹ ਔਰੰਗਜ਼ੇਬ ਦਿੱਲੀ ਵਿੱਚ ਸੀ ਅਤੇ ਉਸਨੇ ਗੁਰੂ ਤੇਗ਼ ਬਹਾਦਰ ਜੀ ਨੂੰ ਫਾਂਸੀ ਦੇਣ ਦਾ ਹੁਕਮ ਜਾਰੀ ਕੀਤਾ ਸੀ। ਔਰੰਗਜ਼ੇਬ ਕਿਸੇ ਵੀ ਵਿਅਕਤੀ ਨੂੰ ਬਰਦਾਸ਼ਤ ਨਹੀਂ ਕਰ ਸਕਦਾ ਸੀ ਜੋ ਧਾਰਮਿਕ ਆਜ਼ਾਦੀ ਦਾ ਰਾਖਾ ਸੀ।

ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿੱਚ ਜ਼ਿਕਰ ਕੀਤਾ ਹੈ ਕਿ ਬਾਬਰ ਦਹਿਸ਼ਤ ਪੈਦਾ ਕਰਨ ਅਤੇ ਖੂਨ-ਖਰਾਬਾ ਕਰਨ ਅਤੇ ਮਾਸੂਮ ਲੋਕਾਂ ਨੂੰ ਮਾਰਨ ਲਈ ਜ਼ਿੰਮੇਵਾਰ ਸੀ। ਬਾਦਸ਼ਾਹ ਜਹਾਂਗੀਰ ਨੇ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਹੁਕਮ ਜਾਰੀ ਕੀਤਾ। ਔਰੰਗਜ਼ੇਬ ਨੇ ਆਪਣੇ ਪਿਤਾ ਨੂੰ ਜੇਲ੍ਹ ਵਿੱਚ ਸੁੱਟ ਦਿੱਤਾ, ਉਸਦੇ ਭਰਾ ਨੂੰ ਮਾਰ ਦਿੱਤਾ ਅਤੇ ਉਸਦੀ ਭੈਣ ਨੂੰ ਬੇਦਖਲ ਕਰ ਦਿੱਤਾ ਅਤੇ ਚਾਹੁੰਦਾ ਸੀ ਕਿ ਸਾਰਾ ਭਾਰਤ ਇਸਲਾਮ ਵਿੱਚ ਤਬਦੀਲ ਹੋ ਜਾਵੇ।

ਪੂਰਬੀ ਭਾਰਤ ਦੇ ਮੁੱਲਾਂ ਅਤੇ ਬ੍ਰਾਹਮਣਾਂ ਦੀ ਭੂਮਿਕਾ ਦੀ ਨਿੰਦਾ ਕੀਤੀ ਗਈ ਹੈ ਜੋ ਗੁਰੂ ਤੇਗ ਬਹਾਦਰ ਜੀ ਦੇ ਪ੍ਰਚਾਰ ਤੋਂ ਨਾਖੁਸ਼ ਸਨ। ਇਹ ਬਹੁਤ ਸੁਭਾਵਿਕ ਸੀ ਕਿਉਂਕਿ ਗੁਰੂ ਨਾਨਕ ਦੇਵ ਜੀ ਅਤੇ ਹੋਰ ਸਾਰੇ ਸਿੱਖ ਗੁਰੂ ਸਾਰੇ ਧਾਰਮਿਕ ਸਥਾਨਾਂ 'ਤੇ ਪੁਜਾਰੀਆਂ ਦੁਆਰਾ ਕੀਤੀਆਂ ਜਾ ਰਹੀਆਂ ਰਸਮਾਂ ਦੇ ਵਿਰੁੱਧ ਸਨ। ਇਸ ਦੇ ਨਤੀਜੇ ਵਜੋਂ ਉਨ੍ਹਾਂ ਸਾਰਿਆਂ ਦੀ ਆਮਦਨ ਅਤੇ ਪ੍ਰਸਿੱਧੀ ਦਾ ਨੁਕਸਾਨ ਹੋਇਆ। ਗੁਰੂ ਨਾਨਕ ਦੇਵ ਜੀ ਦੀ ਹਰਿਦੁਆਰ ਫੇਰੀ ਇਸ ਦਾ ਇੱਕ ਵੱਡਾ ਪ੍ਰਮਾਣ ਹੈ ਕਿਉਂਕਿ ਉਨ੍ਹਾਂ ਨੇ ਉਲਟ ਦਿਸ਼ਾ ਵਿੱਚ ਪਾਣੀ ਸੁੱਟਣਾ ਸ਼ੁਰੂ ਕਰ ਦਿੱਤਾ ਜਿਸ ਨਾਲ ਹਿੰਦੂ ਪੁਜਾਰੀਆਂ ਨੂੰ ਪਰੇਸ਼ਾਨੀ ਹੋਈ। ਸਾਨੂੰ ਇਹ ਅਹਿਸਾਸ ਹੋਣਾ ਚਾਹੀਦਾ ਹੈ ਕਿ ਔਰੰਗਜ਼ੇਬ ਇੱਕ ਤਾਨਾਸ਼ਾਹ ਸੀ ਅਤੇ ਉਸਨੇ ਪਹਿਲੇ ਦਿਨ ਤੋਂ ਹੀ ਜ਼ੁਲਮ ਰਾਹੀਂ ਇਸਲਾਮ ਫੈਲਾਉਣ ਦਾ ਫੈਸਲਾ ਕੀਤਾ। ਜਹਾਂਗੀਰ ਨੇ ਆਪਣੀ ਆਤਮਕਥਾ- ਤੁਜ਼ਕੇ ਜਹਾਂਗੀਰੀ ਵਿੱਚ ਵੀ ਜ਼ਿਕਰ ਕੀਤਾ ਹੈ ਕਿ ਉਸਨੇ ਗੁਰੂ ਅਰਜੁਨ ਨੂੰ ਫਾਂਸੀ ਦੇਣ ਦਾ ਹੁਕਮ ਦਿੱਤਾ ਸੀ। ਅਸੀਂ ਸਾਰਾ ਦੋਸ਼ ਚੰਦੂ 'ਤੇ ਲਾਉਂਦੇ ਰਹੇ ਹਾਂ।

ਮੁਸਲਿਮ ਇਤਿਹਾਸਕਾਰਾਂ ਨੇ ਹਮੇਸ਼ਾ ਮੁਗਲ ਬਾਦਸ਼ਾਹਾਂ ਨੂੰ ਲੋਕਾਂ ਦੇ ਦਾਨੀ ਵਜੋਂ ਉਜਾਗਰ ਕੀਤਾ ਹੈ ਅਤੇ ਇਸਨੇ ਇਤਿਹਾਸ ਨੂੰ ਵਿਗਾੜਿਆ ਹੈ। ਉਨ੍ਹਾਂ ਨੇ ਕਦੇ ਵੀ ਮੁਸਲਿਮ ਰਾਜ ਦੀ ਹਿੰਦੂ ਵਿਰੋਧੀ ਭੂਮਿਕਾ ਦੀ ਆਲੋਚਨਾ ਨਹੀਂ ਕੀਤੀ।ਗੁਰੂ ਜੀ ਬਚਪਨ ਤੋਂ ਹੀ ਸੰਤ ਸਰੂਪ ਅਡੋਲ ਚਿੱਤ ਗੰਭੀਰ ਤੇ ਨਿਰਭੈ ਸੁਭਾਅ ਦੇ ਮਾਲਕ ਸਨ ਗੁਰੂ ਜੀ ਕਈ ਕਈ ਘੰਟੇ ਸਮਾਧੀ ਵਿੱਚ ਲੀਨ ਹੋਏ ਬੈਠੇ ਰਹਿੰਦੇ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਤੇ ਬਾਅਦ ਆਪ ਪਿੰਡ ਬਕਾਲਾ ਆ ਕੇ ਉਥੇ 20 ਸਾਲ ਭੋਰੇ ਵਿੱਚ ਬੈਠ ਕੇ ਸਿਮਰਨ ਕਰਦੇ ਰਹੇ।ਬਾਬਾ ਬਕਾਲੇ ਤੋਂ ਬਾਅਦ ਆਪ ਕੀਰਤਪੁਰ ਪੁੱਜੇ ਤੇ ਫਿਰ ਕਹਿਲੂਰ ਦੇ ਰਾਜੇ ਤੋ ਜਮੀਨ ਖਰੀਦ ਕੇ ਆਨੰਦਪੁਰ ਸਾਹਿਬ ਸਹਿਰ ਵਸਾਇਆ ਤੇ ਫਿਰ ਉਸ ਜਗਾ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ॥

ਅੱਜ 21ਵੀਂ ਸਦੀ ਦੇ ਸੰਦਰਭ ਵਿੱਚ ਇਸ ਸ਼ਹਾਦਤ ਦੀ ਮਹੱਤਤਾ ਹੋਰ ਵੀ ਦ੍ਰਿੜ੍ਹ ਹੋ ਜਾਂਦੀ ਹੈ ਕਿਉਂਕਿ ਅੱਜ ਫਿਰ ਸਾਡਾ ਸਮਾਜ ਭਾਸ਼ਾ ਦੇ ਨਾਂ 'ਤੇ, ਧਰਮ ਦੇ ਨਾਂ 'ਤੇ ਅਣਗਿਣਤ ਹਿੱਸਿਆਂ ਵਿੱਚ ਵੰਡਿਆ ਹੋਇਆ ਹੈ। ਗੁਰੂ ਜੀ ਦੀ ਲਾਸਾਨੀ ਸ਼ਹਾਦਤ ਦੀ ਰੋਸ਼ਨੀ ਹੀ ਇਨ੍ਹਾਂ ਕੱਟੜਤਾ ਦੇ ਨਸ਼ੇ ਵਿੱਚ ਅੰਨ੍ਹੇ ਹੋਏ ਹਿੰਸਾਵਾਦੀਆਂ ਨੂੰ ਚਾਨਣ ਦੀ ਕਿਰਨ ਪ੍ਰਦਾਨ ਕਰ ਸਕਦੀ ਹੈ।

ਅੱਜ ਦੇ ਦਿਨ ਉਸ ਮਹਾਨ ਸ਼ਹੀਦ ਨੂੰ ਸਾਡੀ ਸ਼ਰਧਾਂਜਲੀ ਇਹੀ ਹੋਵੇਗੀ ਕਿ ਅਸੀਂ ਮਨੁੱਖ ਦੇ ਬਣਾਏ ਧਰਮ ਤੋਂ ਉੱਪਰ ਉੱਠ ਕੇ ਸਰਬ-ਸਾਂਝੇ ਧਰਮ ਅਰਥਾਤ ਮਾਨਵਤਾ, ਅਹਿੰਸਾ, ਦਇਆ, ਅਮਨ ਅਤੇ ਅਖੰਡਤਾ ਦੇ ਰਸਤੇ ਉੱਪਰ ਕਦਮ ਧਰੀਏ

# ਗੌਰਮਿੰਟ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਵੱਲੋਂ ਸਨਮਾਨ ਸਮਾਰੋਹ ਦਾ ਆਯੋਜਨ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 12 ਅਪਰੈਲ
INTERNATIONAL PAPER, 94636 01616
hardipchumber57@gmail.com





ਸੰਗਰੂਰ,12 ਅਪ੍ਰੈਲ (ਜਗਸੀਰ ਲੌਂਗੋਵਾਲ)- ਸਥਾਨਕ ਤਹਿਸੀਲ ਕੰਪਲੈਕਸ ਵਿਖੇ ਸਥਿਤ ਜ਼ਿਲਾ ਪੈਨਸ਼ਨਰਜ਼ ਦਫ਼ਤਰ ਵਿਖੇ ਗੌਰਮਿੰਟ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਵੱਲੋਂ ਵਿਸ਼ੇਸ਼ ਸਨਮਾਨ ਸਮਾਰੋਹ ਅਤੇ ਸਭਿਆਚਾਰਕ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਸੰਸਥਾ ਦੇ ਪ੍ਰਧਾਨ ਭੁਪਿੰਦਰ ਸਿੰਘ ਜੱਸੀ ਦੀ ਅਗਵਾਈ ਵਿੱਚ ਹੋਏ ਇਸ ਪ੍ਰੋਗ੍ਰਾਮ ਦੀ ਪ੍ਰਧਾਨਗੀ ਮੰਡਲ ਵਿੱਚ ਜੀਤ ਸਿੰਘ ਢੀਂਡਸਾ, ਰਵਿੰਦਰ ਸਿੰਘ ਗੁੱਡੂ ਸਰਪ੍ਰਸਤ, ਰਾਜ ਕੁਮਾਰ ਅਰੋੜਾ ਜ਼ਿਲ੍ਹਾ ਪ੍ਰਧਾਨ, ਦਰਸ਼ਨ ਸਿੰਘ ਨੌਰਥ ਜ਼ਿਲ੍ਹਾ ਸਕੱਤਰ, ਜਗਜੀਤ ਇੰਦਰ ਸਿੰਘ ਚੇਅਰਮੈਨ, ਗੁਰਦੀਪ ਸਿੰਘ ਮੰਗਵਾਲ ਸੀਨੀਅਰ ਮੀਤ ਪ੍ਰਧਾਨ ਸ਼ਾਮਲ ਹੋਏ। ਅਵਿਨਾਸ਼ ਸ਼ਰਮਾ ਜਨਰਲ ਸਕੱਤਰ ਨੇ ਸਮਾਗਮ ਵਿੱਚ ਪਹੁੰਚੇ ਸਾਥੀਆਂ ਦਾ ਸਵਾਗਤ ਕੀਤਾ ਅਤੇ ਸਟੇਜ ਦਾ ਸੰਚਾਲਨ ਬਾਖੂਬੀ ਕੀਤਾ। ਸਤਪਾਲ ਸਿੰਗਲਾ, ਨੰਦ ਲਾਲ ਮਲਹੋਤਰਾ, ਲਾਭ ਸਿੰਘ ਖਜਾਨਚੀ, ਪੀ ਸੀ ਬਾਘਾ, ਹਰਪਾਲ ਸਿੰਘ ਸੰਗਰੂਰਵੀ, ਹਰਵਿੰਦਰ ਸਿੰਘ ਭੱਠਲ ਦੀ ਦੇਖ ਰੇਖ ਹੇਠ ਹੋਏ ਇਸ ਸਮਾਗਮ ਵਿੱਚ ਵਿਸਾਖੀ ਅਤੇ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਸ਼ਾਨਦਾਰ ਸਭਿਆਚਾਰਕ ਪ੍ਰੋਗਰਾਮ ਵਿੱਚ ਪੀ ਪੀ ਸ਼ਰਮਾ, ਡਾਕਟਰ ਇਕਬਾਲ ਸਿੰਘ ਸਕਰੌਦੀ, ਸੁਰਿੰਦਰ ਪਾਲ ਸਿੰਘ ਸਿਦਕੀ, ਗੁਰਦੇਵ ਸਿੰਘ ਲੂੰਬਾ, ਮਹੇਸ਼ ਜੌਹਰ, ਮਲਕੀਤ ਸਿੰਘ ਮੀਤ ਸਕਰੌਦੀ, ਪਵਿੱਤਰ ਕੌਰ ਗਰੇਵਾਲ, ਕ੍ਰਿਸ਼ਨਾ ਦੇਵੀ ਆਦਿ ਨੇ ਵਿਸਾਖੀ ਤੇ ਖਾਲਸਾ ਸਾਜਨਾ ਦਿਵਸ ਸਬੰਧੀ ਗੀਤ ਸੰਗੀਤ ਦੀ ਮਹਿਫਲ ਰਾਹੀਂ ਸਰੋਤਿਆਂ ਨੂੰ ਆਨੰਦ ਭਰਪੂਰ ਕਰ ਦਿੱਤਾ। ਨੈਸ਼ਨਲ ਐਵਾਰਡੀ ਸੱਤਦੇਵ ਸ਼ਰਮਾ, ਦਰਸ਼ਨ ਸਿੰਘ ਨੌਰਥ, ਰਵਿੰਦਰ ਸਿੰਘ ਗੁੱਡੂ , ਗੁਰਦੀਪ ਸਿੰਘ ਗੰਧਾਰਾ,ਰਾਜ ਕੁਮਾਰ ਅਰੋੜਾ ਨੇ ਸੰਵਿਧਾਨ ਦੇ ਨਿਰਮਾਤਾ ਡਾ ਭੀਮ ਰਾਓ ਅੰਬੇਦਕਰ ਦੇ ਜਨਮ ਦਿਨ ਅਤੇ ਹਨੂੰਮਾਨ ਜੈਅੰਤੀ ਦੀਆਂ ਵਧਾਈਆਂ ਦਿੱਤੀਆਂ ਅਤੇ ਪੈਨਸ਼ਨਰਜ਼ ਸਾਥੀਆਂ ਦੀਆਂ ਮੰਗਾਂ ਸਬੰਧੀ ਬਜਟ ਵਿੱਚ ਜਿਕਰ ਨਾ ਹੋਣ ਤੇ ਪੰਜਾਬ ਸਰਕਾਰ ਦੀ ਮੁਲਾਜ਼ਮਾਂ ਪ੍ਰਤੀ ਵਤੀਰੇ ਦੀ ਨਿਖੇਧੀ ਕੀਤੀ ਅਤੇ ਅਗਲੇ ਸੰਘਰਸ਼ ਦੀ ਜਾਣਕਾਰੀ ਦਿੱਤੀ।ਜੀਤ ਸਿੰਘ ਢੀਂਡਸਾ ਨੇ ਸੰਸਥਾ ਵੱਲੋਂ ਕੀਤੀ ਧਾਰਮਿਕ ਯਾਤਰਾ ਦਾ ਜ਼ਿਕਰ ਕੀਤਾ ਅਤੇ ਯਾਦਾਂ ਸਾਂਝੀਆਂ ਕੀਤੀਆਂ। ਭੁਪਿੰਦਰ ਸਿੰਘ ਜੱਸੀ ਨੇ ਸੰਸਥਾ ਨੂੰ ਮਿਲ ਰਹੇ ਸਹਿਯੋਗ ਅਤੇ ਸਮਾਗਮ ਵਿੱਚ ਸ਼ਾਮਲ ਹੋਏ ਪੁਰਸ਼ ਮੈਂਬਰਾਂ ਦੇ ਨਾਲ ਇਸਤਰੀ ਮੈਂਬਰਾਂ ਦਾ ਵਿਸ਼ੇਸ਼ ਧੰਨਵਾਦ ਕੀਤਾ। ਸਮੂਹ ਬੁਲਾਰਿਆਂ ਵਲੋਂ ਅਪ੍ਰੈਲ ਮਹੀਨੇ ਵਿੱਚ ਜਨਮੇ ਮੈਂਬਰਾਂ ਨੂੰ ਵਧਾਈਆਂ ਦਿੱਤੀਆਂ ਅਤੇ ਉਨ੍ਹਾਂ ਦੀ ਸਿਹਤਮੰਦ ਉਮਰ ਅਤੇ ਪਰਿਵਾਰ ਵਿੱਚ ਸੁਖ ਸ਼ਾਂਤੀ ਦੀ ਕਾਮਨਾ ਕੀਤੀ। ਉਪਰੰਤ ਜਨਮ ਦਿਨ ਵਾਲੇ ਮੈਂਬਰ ਜਰਨੈਲ ਸਿੰਘ ਲੁਬਾਣਾ, ਹਰਬੰਸ ਰਾਏ ਸਿੰਗਲਾ, ਸ਼ਮਿੰਦਰ ਸਿੰਘ, ਸੁਰਿੰਦਰ ਪਾਲ ਗਰਗ, ਹਰਦੀਪ ਸਿੰਘ, ਜਗਦੀਪ ਸਿੰਘ ਗੰਧਾਰਾ, ਅਜੀਤ ਸਿੰਘ, ਨਾਹਰ ਸਿੰਘ, ਜਰਨੈਲ ਸਿੰਘ, ਹੰਸਾ ਸਿੰਘ, ਬਲਬੀਰ ਸਿੰਘ, ਸੁਰਿੰਦਰ ਪ੍ਰਕਾਸ਼, ਮਨਮੋਹਨ ਸਿੰਘ,ਅਮਰੀਕ ਸਿੰਘ, ਭਾਨਾ ਰਾਮ ਜਿੰਦਲ, ਅਮਰ ਕੁਮਾਰ, ਸਾਧੂ ਸਿੰਘ ਦੇ ਨਾਲ ਬੀਬੀ ਸੁਰਿੰਦਰ ਕੌਰ, ਗੁਰਸ਼ਰਨ ਕੌਰ, ਜਸਵੰਤ ਕੌਰ ਆਦਿ ਨੂੰ ਹਾਰ ਪਾ ਕੇ ਅਤੇ ਗਿਫਟ ਦੇ ਕੇ ਪ੍ਰਧਾਨ ਭੁਪਿੰਦਰ ਸਿੰਘ ਜੱਸੀ, ਪ੍ਰਧਾਨਗੀ ਮੰਡਲ ਅਤੇ ਰਾਮ ਸਰੂਪ ਸਿੰਘ ਅਲੀਸ਼ੇਰ, ਦਵਿੰਦਰ ਜਿੰਦਲ, ਕਰਨੈਲ ਸਿੰਘ ਸ਼ੇਖੋਂ, ਸੁਰਿੰਦਰ ਸਿੰਘ ਸੋਢੀ, ਮੋਹਨ ਸਿੰਘ, ਜਸਪਾਲ ਸ਼ਰਮਾ, ਚਮਕੌਰ ਸਿੰਘ, ਬਲਦੇਵ ਸਿੰਘ ਰਤਨ, ਸੁਖਦੇਵ ਚੰਦ, ਵੈਦ ਹਾਕਮ ਸਿੰਘ, ਦਵਿੰਦਰ ਸ਼ਰਮਾ, ਪਵਨ ਕੁਮਾਰ ਜੇਗਾਵਾਲ, ਰਾਮ ਪ੍ਰਕਾਸ਼ ਸਿੰਘ ਅਤੇ ਇਸਤਰੀ ਮੈਂਬਰਾਂ ਅਤੇ ਹੋਰਾਂ ਨੇ ਸਨਮਾਨਿਤ ਕੀਤਾ। ਇਸ ਮੌਕੇ ਵੱਡੀ ਗਿਣਤੀ ਵਿੱਚ ਹਾਜ਼ਰ ਪੈਨਸ਼ਨਰਜ਼ ਸਾਥੀਆਂ ਨੂੰ ਜਨਮ ਦਿਨ ਵਾਲੇ ਮੈਂਬਰ ਅਜੀਤ ਸਿੰਘ, ਨਾਹਰ ਸਿੰਘ ਵੱਲੋਂ ਮਿਠਿਆਈਆਂ ਅਤੇ ਸੰਸਥਾ ਵੱਲੋਂ ਰਿਫਰੈਸ਼ਮੈਂਟ ਦਿੱਤੀ ਗਈ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 12 ਅਪਰੈਲ
INTERNATIONAL PAPER, 94636 01616
hardipchumber57@gmail.com

# ਅਪ੍ਰੈਲ - ਦਲਿਤ ਇਤਿਹਾਸ ਮਹੀਨਾ ਦੀ ਮਹੱਤਤਾ

ਐਡਵੋਕੇਟ ਕੁਲਦੀਪ ਚੰਦ ਦੋਬੇਟਾ ਨੇੜੇ ਸਰਕਾਰੀ ਪ੍ਰਾਇਮਰੀ ਸਕੂਲ ਦੋਬੇਟਾ
ਤਹਿਸੀਲ ਨੰਗਲ ਜ਼ਿਲ੍ਹਾ ਰੂਪਨਗਰ ਪੰਜਾਬ 9417563054



**ਦਲਿਤਾਂ ਲਈ ਅਪ੍ਰੈਲ ਇੱਕ ਮਹੱਤਵਪੂਰਨ ਮਹੀਨਾ ਹੈ ਅਤੇ ਇਸ ਵਿੱਚ ਡਾਕਟਰ ਅੰਬੇਡਕਰ, ਮਹਾਤਮਾ ਜੋਤੀਰਾਓ ਫੂਲੇ, ਬਾਬੂ ਮੰਗੂ ਰਾਮ ਮੁਗੋਵਾਲੀਆ ਅਤੇ ਲੋਕ ਕਵੀ ਸੰਤ ਰਾਮ ਉਦਾਸੀ ਆਦਿ ਵਰਗੇ ਮਹੱਤਵਪੂਰਨ ਦਲਿਤ ਨੇਤਾਵਾਂ ਅਤੇ ਸਮਾਜ ਸੁਧਾਰਕਾਂ ਦੇ ਜਨਮ ਦਿਨ ਅਤੇ ਬਰਸੀ ਸ਼ਾਮਲ ਹਨ। 13 ਅਪ੍ਰੈਲ 1919 ਨੂੰ ਵਾਪਰੀ ਜਲ੍ਹਿਆਂਵਾਲਾ ਬਾਗ ਦੀ ਘਟਨਾ ਅਤੇ 02 ਅਪ੍ਰੈਲ 2018 ਨੂੰ ਭਾਰਤ ਵਿੱਚ ਹੋਏ ਇਤਿਹਾਸਕ ਦਲਿਤ ਅੰਦੋਲਨ ਕਾਰਨ ਇਸ ਮਹੀਨੇ ਦੀ ਮਹੱਤਤਾ ਹੋਰ ਵੀ ਵੱਧ ਗਈ ਹੈ।**

ਦਲਿਤ ਇਤਿਹਾਸ ਮਹੀਨਾ ਅਪ੍ਰੈਲ ਵਿੱਚ ਮਨਾਇਆ ਜਾਂਦਾ ਹੈ। ਵਿਸ਼ਵ ਪੱਧਰ ਤੇ ਮਾਨਤਾ ਪ੍ਰਾਪਤ ਬਲੈਕ ਹਿਸਟਰੀ ਮਹੀਨੇ ਦੇ ਬਾਅਦ ਤਿਆਰ ਕੀਤਾ ਗਿਆ ਦਲਿਤ ਇਤਿਹਾਸ ਮਹੀਨਾ ਹਰ ਸਾਲ ਹਾਸ਼ੀਏ ਤੇ ਪਈਆਂ ਜਾਤੀਆਂ ਦੇ ਇਤਿਹਾਸ, ਰਾਜਨੀਤਿਕ ਵਿਚਾਰਾਂ ਅਤੇ ਸੱਭਿਆਚਾਰ ਨੂੰ ਉਜਾਗਰ ਕਰਨ ਲਈ ਆਯੋਜਿਤ ਕੀਤਾ ਜਾਂਦਾ ਹੈ। ਦਲਿਤ ਜਿਸਨੂੰ ਪਹਿਲਾਂ ਅਛੂਤ ਵੀ ਕਿਹਾ ਜਾਂਦਾ ਸੀ ਅਖੌਤੀ ਜਾਤੀ ਪ੍ਰਥਾ ਅਨੁਸਾਰ ਦਾ ਸਭ ਤੋਂ ਹੇਠਲਾ ਪੱਧਰ ਹੈ। ਦਲਿਤਾਂ ਨੂੰ ਵਰਣ ਪ੍ਰਣਾਲੀ ਅਨੁਸਾਰ ਪੰਜਵੇਂ ਵਰਣ ਦੇ ਰੂਪ ਵਿਚ ਦੇਖਿਆ ਗਿਆ ਜਿਨ੍ਹਾਂ ਨੂੰ ਛੂਹਣਾ ਵੀ ਪਾਪ ਮੰਨਿਆਂ ਜਾਂਦਾ ਸੀ। ਇਨ੍ਹਾਂ ਨੂੰ ਵੱਖ ਵੱਖ ਨਾਮ ਜਿਵੇਂ ਮੂਲ ਨਿਵਾਸੀ, ਆਦਿਧਰਮੀ, ਭਾਰਤ ਦੇ ਮੋਢੀ ਆਦਿ ਨਾਮ ਦਿਤੇ ਗਏ ਹਨ ਦੀ ਦਿਨ ਪ੍ਰਤੀ ਦਿਨ ਵਿਗੜਦੀ ਦਸ਼ਾ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ। ਇਨ੍ਹਾਂ ਦਲਿਤਾਂ ਨੂੰ ਅੰਗਰੇਜੀ ਹਕੂਮਤ ਵੇਲੇ ਦੱਬੇ ਕੁਚਲੇ ਨਾਮ ਦਿਤਾ ਗਿਆ ਅਤੇ ਭਾਰਤੀ ਸੰਵਿਧਾਨ ਵਿੱਚ ਅਨੁਸੂਚਿਤ ਜਾਤਾਂ, ਅਨੁਸੂਚਿਤ ਜਨਜਾਤੀਆਂ ਦਾ ਦਰਜਾ ਦਿਤਾ ਗਿਆ ਹੈ। ਦਲਿਤ ਹਿੰਦੂ ਧਰਮ, ਬੁੱਧ ਧਰਮ, ਸਿੱਖ ਧਰਮ, ਇਸਾਈ ਧਰਮ ਅਤੇ ਇਸਲਾਮ ਸਮੇਤ ਵੱਖ-ਵੱਖ ਧਰਮਾਂ ਵਿੱਚ ਵਿਸ਼ਵਾਸ ਰਖਦੇ ਹਨ ਪਰ ਬਹੁਤੇ ਧਰਮਾਂ ਵਿੱਚ ਅਜੇ ਤੱਕ ਵੀ ਜਾਤ ਅਧਾਰਿਤ ਵਿਤਕਰਾ ਫੈਲਿਆ ਹੋਇਆ ਹੈ। ਹਜ਼ਾਰਾਂ ਸਾਲਾਂ ਤੋਂ ਦਲਿਤਾਂ, ਬਹੁਜਨਾਂ, ਆਦਿਵਾਸੀਆਂ ਅਤੇ ਹੋਰ ਹਾਸ਼ੀਏ ਵਾਲੀਆਂ ਜਾਤੀਆਂ ਨੂੰ ਵੱਖ-ਵੱਖ ਰੂਪਾਂ ਵਿੱਚ ਯੋਜਨਾਬੱਧ ਤਰੀਕਿਆਂ ਨਾਲ ਅੱਤਿਆਚਾਰਾਂ ਦਾ ਸ਼ਿਕਾਰ ਬਣਾਇਆ ਗਿਆ ਹੈ। ਇਹ ਜ਼ੁਲਮ ਅਤੇ ਅੱਤਿਆਚਾਰ ਅਕਾਦਮਿਕ ਅਦਾਰਿਆਂ ਤੋਂ ਲੈ ਕੇ ਕਾਰਪੋਰੇਟਸ ਤੱਕ ਸੰਸਥਾਗਤ ਪੱਧਰ ਤੱਕ ਨਜ਼ਰ ਆਂਦੇ ਹਨ। ਵੱਖ-ਵੱਖ ਸਰਕਾਰਾਂ ਦੁਆਰਾ ਵੱਖ-ਵੱਖ ਸੰਵਿਧਾਨਕ ਸੁਧਾਰਾਂ ਅਤੇ ਨੀਤੀਆਂ ਦੇ ਬਾਵਜੂਦ ਅੱਜ ਵੀ ਦਲਿਤ ਭਾਈਚਾਰਾ ਖ਼ਤਰੇ ਅਤੇ ਹਿੰਸਾ ਦਾ ਸਾਹਮਣਾ ਕਰ ਰਿਹਾ ਹੈ। ਦੇਸ਼ ਵਿੱਚ ਜਾਤ-ਪਾਤ ਇੰਨੀ ਜਕੜ ਚੁੱਕੀ ਹੈ ਕਿ ਭਾਰਤੀ ਜੇਲ੍ਹਾਂ ਵਿੱਚ ਵੀ ਇਸ ਦਾ ਅਭਿਆਸ ਕੀਤਾ ਜਾਂਦਾ ਹੈ। ਦਲਿਤ ਭਾਰਤੀ ਆਬਾਦੀ ਦਾ ਲੱਗਭੱਗ 25% ਅਤੇ ਵਿਸ਼ਵ ਦੀ ਆਬਾਦੀ ਦਾ 5% ਹਿੱਸਾ ਹਨ। ਇਹ ਵੀ ਕੌੜਾ ਸੱਚ ਹੈ ਕਿ ਦਲਿਤਾਂ ਨੂੰ ਬਹੁਤੇ ਜਨਤਕ ਅਦਾਰਿਆਂ ਇੱਥੋਂ ਤੱਕ ਕਿ ਪੀਣ ਵਾਲੇ ਪਾਣੀ ਅਤੇ ਹੋਰ ਬੁਨਿਆਦੀ ਸਹੂਲਤਾਂ ਤੱਕ ਪਹੁੰਚ ਦੀ ਘਾਟ ਦਾ ਸਾਹਮਣਾ ਕਰਨਾ ਪੈਂਦਾ ਹੈ। ਦਲਿਤ ਨੌਕਰਸ਼ਾਹਾਂ ਲਈ ਰਾਖਵੇਂਕਰਨ ਰਾਹੀਂ ਸਿਸਟਮ ਵਿੱਚ ਦਾਖਲਾ ਯਕੀਨੀ ਬਣਾਇਆ ਜਾਂਦਾ ਹੈ ਪਰ ਉਨ੍ਹਾਂ ਨੂੰ ਵੀ ਅਕਸਰ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ ਹੈ। ਫੈਸਲੇ ਲੈਣ ਦੇ ਪੱਧਰ ਤੇ ਅਕਸਰ ਹੀ ਗੈਰ ਦਲਿਤਾਂ ਦਾ ਦਬਦਬਾ ਬਣਿਆ ਰਹਿੰਦਾ ਹੈ। ਦਲਿਤਾਂ ਨਾਲ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਪੱਧਰ ਤੇ ਅਕਸਰ ਹੀ ਵਿਤਕਰਾ ਵੇਖਣ ਨੂੰ ਮਿਲਦਾ ਹੈ। ਦਲਿਤ ਇਤਿਹਾਸ ਮਹੀਨਾ ਜਨਤਕ ਥਾਵਾਂ ਤੇ ਦਲਿਤਾਂ ਦਾ ਸਾਹਮਣਾ ਅਤੇ ਵਿਰੋਧ ਕਰਨ ਵਾਲੀ ਰੋਜ਼ਾਨਾ ਹਿੰਸਾ, ਇਤਿਹਾਸ ਜੋ ਮਿਟਿਆ ਜਾਪਦਾ ਹੈ ਅਤੇ ਸਮਾਜਿਕ, ਰਾਜਨੀਤਕ ਅਤੇ ਆਰਥਿਕ ਖੇਤਰਾਂ ਵਿੱਚ ਪ੍ਰਤੀਨਿਧਤਾ ਜੋ ਪ੍ਰਾਪਤ ਕਰਨਾ ਬਾਕੀ ਹੈ ਬਾਰੇ ਚਰਚਾ ਕਰਨ ਦਾ ਮੌਕਾ ਪ੍ਰਦਾਨ ਕਰਦਾ ਹੈ।

ਅਪ੍ਰੈਲ ਮਹੀਨੇ ਨੂੰ ਦਲਿਤ ਇਤਿਹਾਸ ਦੇ ਮਹੀਨੇ ਵਜੋਂ ਮਾਨਤਾ ਦਿੱਤੀ ਗਈ ਹੈ। ਕਾਲਾ ਇਤਿਹਾਸ ਮਹੀਨੇ ਤੋਂ ਪ੍ਰੇਰਿਤ ਹੋਕੇ ਨੌਜਵਾਨ ਦਲਿਤ ਔਰਤਾਂ ਦੇ ਇੱਕ ਸਮੂਹ ਨੇ 2013 ਵਿੱਚ ਦਲਿਤ ਇਤਿਹਾਸ ਮਹੀਨਾ ਸ਼ੁਰੂ ਕੀਤਾ ਸੀ। ਸੰਘਪਾਲੀ ਅਰੁਣਾ ਅਤੇ ਥਨਮੋਜ਼ੀ ਸੁੰਦਰਰਾਜਨ ਨੇ ਸ਼ਿਕਾਗੋ ਵਿੱਚ ਕਲਰ ਆਫ਼ ਵਾਇਲੈਂਸ ਕਾਨਫਰੰਸ ਵਿੱਚ ਵਿਚਾਰ ਵਟਾਂਦਰੇ ਦੌਰਾਨ ਇਹ ਵਿਚਾਰ ਪੇਸ਼ ਕੀਤੇ ਸਨ। ਦਲਿਤ ਇਤਿਹਾਸ ਮਹੀਨਾ ਪਹਿਲੀ ਵਾਰ ਸੰਯੁਕਤ ਰਾਜ ਅਮਰੀਕਾ ਵਿੱਚ ਅਪ੍ਰੈਲ 2014 ਵਿੱਚ ਮਨਾਇਆ ਗਿਆ ਸੀ। ਇਸ ਪਹਿਲਕਦਮੀ ਦੀ ਅਗਵਾਈ ਦਲਿਤ ਪਿਛੋਕੜ ਵਾਲੇ ਕਾਰਕੁੰਨਾਂ, ਵਿਦਵਾਨਾਂ ਅਤੇ ਕਲਾਕਾਰਾਂ ਦੁਆਰਾ ਕੀਤੀ ਗਈ ਸੀ। ਇਸਦਾ ਉਦੇਸ਼ ਦਲਿਤ ਭਾਈਚਾਰਿਆਂ ਦੀਆਂ ਆਵਾਜ਼ਾਂ ਨੂੰ ਸਵੀਕਾਰ ਕਰਨ ਅਤੇ ਉਤਸ਼ਾਹਿਤ ਕਰਨ ਲਈ ਇੱਕ ਪਲੇਟਫਾਰਮ ਤਿਆਰ ਕਰਨਾ ਸੀ ਜਿਨ੍ਹਾਂ ਨੇ ਇਤਿਹਾਸਕ ਤੌਰ ਤੇ ਜਾਤੀ-ਅਧਾਰਤ ਹਿੰਸਾ ਅਤੇ ਪ੍ਰਣਾਲੀਗਤ ਜ਼ੁਲਮ ਦਾ ਸਾਹਮਣਾ ਕਰਨ ਵਿੱਚ ਬਹੁਤ ਜ਼ਿਆਦਾ ਲਚਕੀਲੇਪਣ ਅਤੇ ਏਜੰਸੀ ਦਾ ਪ੍ਰਦਰਸ਼ਨ ਕੀਤਾ ਹੈ। ਦਲਿਤ ਇਤਿਹਾਸ ਮਹੀਨੇ ਦਾ ਉਦੇਸ਼ ਦਲਿਤਾਂ ਦੀਆਂ ਕਹਾਣੀਆਂ ਅਤੇ ਪ੍ਰਾਪਤੀਆਂ ਨੂੰ ਲੋਕਾਂ ਸਾਹਮਣੇ ਲਿਆਉਣਾ ਹੈ ਜੋ ਅਕਸਰ ਮੁੱਖ ਧਾਰਾ ਦੇ ਇਤਿਹਾਸਕ ਬਿਰਤਾਂਤ ਵਿੱਚ ਹਾਸ਼ੀਏ ਤੇ ਜਾਂ ਨਜ਼ਰਅੰਦਾਜ਼ ਕੀਤੇ ਜਾਂਦੇ ਹਨ। ਇਸਦਾ ਉਦੇਸ਼ ਅਕਾਦਮਿਕ ਖੋਜ ਅਤੇ ਮੀਡੀਆ ਵਿੱਚ ਦਲਿਤ ਪ੍ਰਤੀਨਿਧਤਾ ਦੀ ਕਮੀ ਨੂੰ ਵੀ ਘਟਾਉਣਾ ਹੈ। ਦਲਿਤ ਇਤਿਹਾਸ ਮਹੀਨੇ ਨੇ ਸੰਯੁਕਤ ਰਾਜ ਤੋਂ ਬਾਹਰ ਆਪਣੀ ਪਹੁੰਚ ਦਾ ਵਿਸਤਾਰ ਕੀਤਾ ਹੈ ਅਤੇ ਵੱਖ-ਵੱਖ ਦੇਸ਼ਾਂ ਦੇ ਨਾਲ ਇਸ ਯਾਦਗਾਰ ਵਿੱਚ ਸ਼ਾਮਲ ਹੋਏ। ਦਲਿਤ ਭਾਈਚਾਰਿਆਂ ਲਈ ਅਪ੍ਰੈਲ ਇੱਕ ਮਹੱਤਵਪੂਰਨ ਮਹੀਨਾ ਹੈ ਅਤੇ ਇਸ ਵਿੱਚ ਡਾਕਟਰ ਅੰਬੇਡਕਰ, ਮਹਾਤਮਾ ਜੋਤੀਰਾਓ ਫੂਲੇ, ਬਾਬੂ ਮੰਗੂ ਰਾਮ ਮੁਗੋਵਾਲੀਆ ਅਤੇ ਲੋਕ ਕਵੀ ਸੰਤ ਰਾਮ ਉਦਾਸੀ ਵਰਗੇ ਮਹੱਤਵਪੂਰਨ ਦਲਿਤ ਨੇਤਾਵਾਂ ਅਤੇ ਸਮਾਜ ਸੁਧਾਰਕਾਂ ਦੇ ਜਨਮ ਅਤੇ ਬਰਸੀ ਸ਼ਾਮਲ ਹੈ। ਬ੍ਰਿਟਿਸ਼ ਕੋਲੰਬੀਆ ਦੀ ਘੋਸ਼ਣਾ ਨਾ ਸਿਰਫ਼ ਇਹਨਾਂ ਵਿਅਕਤੀਆਂ ਨੂੰ ਮਾਨਤਾ ਦਿੰਦੀ ਹੈ ਸਗੋਂ ਮੁਸ਼ਕਿਲਾਂ ਤੇ ਕਾਬੂ ਪਾਉਣ ਅਤੇ ਸਮਾਜਿਕ ਨਿਆਂ ਅਤੇ ਸਾਰਿਆਂ ਲਈ ਬਰਾਬਰੀ ਦੀ ਵਕਾਲਤ ਕਰਨ ਵਿੱਚ ਦਲਿਤ ਭਾਈਚਾਰੇ ਦੀ ਤਾਕਤ ਅਤੇ ਲਚਕੀਲੇਪਣ ਨੂੰ ਵੀ ਸਵੀਕਾਰ ਕਰਦੀ ਹੈ। ਭਾਰਤ ਵਿੱਚ ਦਲਿਤ ਅੰਦੋਲਨ ਦੇ ਜਨਮ ਸਥਾਨ ਅਪ੍ਰੈਲ ਦਾ ਮਹੀਨਾ ਦਲਿਤ ਸਰਗਰਮੀਆਂ, ਸੱਭਿਆਚਾਰਕ ਸਮਾਗਮਾਂ ਅਤੇ ਅਕਾਦਮਿਕ ਚਰਚਾਵਾਂ ਲਈ ਇੱਕ ਮੌਕੇ ਵਜੋਂ ਕੰਮ ਕਰਦਾ ਹੈ। ਇਸੇ ਤਰ੍ਹਾਂ ਯੂਨਾਈਟਿਡ ਕਿੰਗਡਮ, ਕੈਨੇਡਾ, ਨੇਪਾਲ ਅਤੇ ਅਸਟਰੇਲੀਆ ਸਮੇਤ ਹੋਰ ਦੇਸ਼ਾਂ ਵਿੱਚ ਦਲਿਤ ਭਾਈਚਾਰਿਆਂ ਨੇ ਆਪਣੇ ਬਿਰਤਾਂਤ ਨੂੰ ਮੁੜ ਦਾਅਵਾ ਕਰਨ ਅਤੇ ਆਪਣੀ ਮੌਜੂਦਗੀ ਦਾ ਦਾਅਵਾ ਕਰਨ ਲਈ ਇਸ ਤਿਉਹਾਰ ਨੂੰ ਅਪਣਾਇਆ ਹੈ। ਵਿਕਟੋਰੀਆ ਵਿੱਚ ਐਨਡੀਪੀ ਸਰਕਾਰ ਨੇ ਅਪ੍ਰੈਲ ਨੂੰ ਦਲਿਤ ਇਤਿਹਾਸ ਦੇ ਮਹੀਨੇ ਵਜੋਂ ਮਾਨਤਾ ਦਿੱਤੀ ਹੈ। ਰੈਡੀਕਲ ਦੇਸੀ ਦੁਆਰਾ ਭੇਜੀ ਗਈ ਇੱਕ ਅਰਜ਼ੀ ਦੇ ਜਵਾਬ ਵਿੱਚ ਇੱਕ ਆਨਲਾਈਨ ਮੈਗਜ਼ੀਨ ਜੋ ਵਿਕਲਪਕ ਰਾਜਨੀਤੀ ਨੂੰ ਕਵਰ ਕਰਦੀ ਹੈ ਸੂਬਾਈ ਅਟਾਰਨੀ ਜਨਰਲ ਅਤੇ ਲੈਫਟੀਨੈਂਟ ਗਵਰਨਰ ਨੇ ਅਪ੍ਰੈਲ 2022 ਨੂੰ ਦਲਿਤ ਇਤਿਹਾਸ ਮਹੀਨਾ ਘੋਸ਼ਿਤ ਕਰਨ ਵਾਲੇ ਘੋਸ਼ਣਾ ਪੱਤਰ ਤੇ ਦਸਤਖਤ ਕੀਤੇ ਹਨ। ਦਲਿਤ ਇਤਿਹਾਸ ਮਹੀਨਾ ਦਰਪੇਸ਼ ਪ੍ਰਣਾਲੀਗਤ ਜ਼ੁਲਮ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਉਹਨਾਂ ਦੇ ਅਧਿਕਾਰਾਂ ਅਤੇ ਸਨਮਾਨ ਦੀ ਵਕਾਲਤ ਕਰਨ ਦਾ ਇੱਕ ਮੌਕਾ ਪੇਸ਼ ਕਰਦਾ ਹੈ। ਇਹ ਭਾਰਤ ਅਤੇ ਵਿਸ਼ਵ ਭਰ ਵਿੱਚ ਹਾਸ਼ੀਏ ਤੇ ਰਹਿ ਰਹੇ ਭਾਈਚਾਰਿਆਂ ਵਿੱਚ ਏਕਤਾ ਨੂੰ ਵਧਾਉਣ, ਜਾਤ ਨਾਲ ਜੁੜੇ ਰੂੜ੍ਹੀਵਾਦੀ ਵਿਚਾਰਾਂ ਅਤੇ ਪੱਖਪਾਤਾਂ ਨੂੰ ਚੁਣੌਤੀ ਦੇਣ ਦੀ ਕੋਸ਼ਿਸ਼ ਵੀ ਕਰਦਾ ਹੈ। ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿਚ ਨਿਊ ਡੈਮੋਕ੍ਰੇਟਿਕ ਪਾਰਟੀ ਦੀ ਸਰਕਾਰ ਨੇ ਇੱਕ ਇਤਿਹਾਸਕ ਕਦਮ ਚੁੱਕਦਿਆਂ ਅਪ੍ਰੈਲ ਮਹੀਨੇ ਨੂੰ ਦਲਿਤ ਇਤਿਹਾਸ ਮਹੀਨੇ ਵਜੋਂ ਮਾਨਤਾ ਦਿੱਤੀ ਹੈ। ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਨੇ ਕਿਹਾ ਕਿ ਉਹ ਰੰਗ ਅਧਾਰਿਤ ਅਤੇ ਆਦਿਵਾਸੀ ਲੋਕਾਂ ਵਿਰੁੱਧ ਭੇਦਭਾਵ ਅਤੇ ਨਸਲਵਾਦ ਦੁਆਰਾ ਪ੍ਰੇਰਿਤ ਵਿਤਕਰੇ ਨੂੰ ਸਵੀਕਾਰ ਕਰਨ ਅਤੇ ਉਨ੍ਹਾਂ ਵਿਰੁੱਧ ਲੜਨ ਅਤੇ ਸਾਰਿਆਂ ਲਈ ਨਿਆਂ ਅਤੇ ਸਮਾਨਤਾ ਲਿਆਉਣ ਲਈ ਅਪ੍ਰੈਲ ਮਹੀਨਾ ਮਨਾ ਰਹੀ ਹੈ। ਬਰਲਿੰਗਟਨ ਸ਼ਹਿਰ ਦੀ ਮੇਅਰ ਮਾਰੀਅਨ ਮੀਡ ਵਾਰਡ ਦੁਆਰਾ ਜਾਰੀ ਘੋਸ਼ਣਾ ਵਿੱਚ ਲਿਖਿਆ ਹੈ ਕਿ ਜਦੋਂ ਕਿ ਅਪ੍ਰੈਲ ਦਾ ਮਹੀਨਾ ਦਲਿਤ ਭਾਈਚਾਰਿਆਂ ਲਈ ਮਹੱਤਵਪੂਰਨ ਮਹੱਤਵ ਰੱਖਦਾ ਹੈ ਜਿਸ ਵਿੱਚ ਡਾਕਟਰ ਭੀਮ ਰਾਓ ਅੰਬੇਡਕਰ ਅਤੇ ਜੋਤੀਰਾਓ ਫੂਲੇ ਵਰਗੇ ਜਾਤੀ ਅਧਾਰਤ ਵਿਤਕਰੇ ਦੇ ਵਿਰੁੱਧ ਅੰਦੋਲਨ ਵਿੱਚ ਪ੍ਰਮੁੱਖ ਦਲਿਤ ਨੇਤਾਵਾਂ ਅਤੇ ਸਮਾਜ ਸੁਧਾਰਕਾਂ ਦੇ ਜਨਮ ਅਤੇ ਮੌਤ ਦੀ ਵਰ੍ਹੇਗੰਢ ਸ਼ਾਮਲ ਹੈ ਇਸ ਲਈ ਬਰਲਿੰਗਟਨ ਸ਼ਹਿਰ ਵਿੱਚ ਅਪ੍ਰੈਲ 2024 ਨੂੰ ਦਲਿਤ ਇਤਿਹਾਸ ਮਹੀਨਾ ਵਜੋਂ ਘੋਸ਼ਣਾ ਕੀਤੀ ਜਾਂਦੀ ਹੈ। ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਨੇ ਅਪ੍ਰੈਲ ਨੂੰ "ਦਲਿਤ ਇਤਿਹਾਸ ਮਹੀਨਾ"ਵਜੋਂ ਮਨੋਨੀਤ ਕਰਨ ਵਾਲਾ ਉੱਤਰੀ ਅਮਰੀਕਾ ਦਾ ਪਹਿਲਾ ਸੂਬਾ ਬਣ ਕੇ ਇਤਿਹਾਸ ਰਚਿਆ ਸੀ। ਇਸੇ ਤਰ੍ਹਾਂ ਬ੍ਰਿਟਿਸ਼ ਕੋਲੰਬੀਆ ਦੇ ਇੱਕ ਸ਼ਹਿਰ ਬਰਨਬੀ ਨੇ ਸੁਰੱਖਿਅਤ ਸ਼੍ਰੇਣੀਆਂ ਦੀ ਸੂਚੀ ਵਿੱਚ ਜਾਤੀ ਨੂੰ ਜੋੜ ਕੇ ਮਹੱਤਵਪੂਰਨ ਕਦਮ ਚੁੱਕੇ ਹਨ ਸ਼ਹਿਰ ਦੇ ਅੰਦਰ ਜਾਤ-ਆਧਾਰਿਤ ਵਿਤਕਰੇ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੋਕਿਆ ਹੈ। ਇਹ ਕਦਮ ਅਮਰੀਕਾ ਦੇ ਗੁਆਂਢੀ ਦੇਸ਼ ਸੀਏਟਲ ਦੀ ਸਿਟੀ ਕੌਂਸਲ ਵੱਲੋਂ ਅਜਿਹਾ ਕਰਨ ਤੋਂ ਦੋ ਮਹੀਨੇ ਬਾਅਦ ਕੀਤਾ ਗਿਆ ਹੈ। ਅਪ੍ਰੈਲ ਮਹੀਨਾ ਦਲਿਤ ਨੇਤਾ ਅਤੇ ਵਿਸ਼ਵ ਪ੍ਰਸਿੱਧ ਵਿਦਵਾਨ ਡਾਕਟਰ ਭੀਮ ਰਾਓ ਅੰਬੇਡਕਰ, ਦਲਿਤਾਂ ਅਤੇ ਮਹਿਲਾਵਾਂ ਲਈ ਸਿੱਖਿਆ ਦੇ ਦਰਵਾਜ਼ੇ ਖੋਲਣ ਵਾਲੇ ਮਹਾਤਮਾ ਜੋਤੀਰਾਓ ਫੂਲੇ, ਗਦਰੀ ਆਗੂ ਬਾਬੂ ਮੰਗੂ ਰਾਮ ਮੁਗੋਵਾਲੀਆ ਅਤੇ ਲੋਕ ਕਵੀ ਸੰਤ ਰਾਮ ਉਦਾਸੀ ਆਦਿ ਨਾਲ ਵੀ ਸਬੰਧਿਤ ਹੈ। ਬਾਬਾ ਸਾਹਿਬ ਡਾਕਟਰ ਅੰਬੇਡਕਰ ਅਤੇ ਮਹਾਤਮਾ ਜੋਤੀਰਾਓ ਫੂਲੇ ਦੋਵੇਂ ਮਹਾਰਾਸ਼ਟਰ ਵਿੱਚ ਪੈਦਾ ਹੋਏ ਜਦਕਿ ਗਦਰੀ ਆਗੂ ਬਾਬੂ ਮੰਗੂ ਰਾਮ ਮੁਗੋਵਾਲੀਆ ਅਤੇ ਲੋਕ ਕਵੀ ਸੰਤ ਰਾਮ ਉਦਾਸੀ ਪੰਜਾਬ ਨਾਲ ਸਬੰਧਿਤ ਹਨ। ਅਪ੍ਰੈਲ ਮਹੀਨੇ ਨਾਲ ਕਈ ਇਤਿਹਾਸਕ ਘਟਨਾਵਾਂ ਜੁੜੀਆਂ ਹੋਈਆਂ ਹਨ। ਦਲਿਤ ਇਤਿਹਾਸ ਮਹੀਨਾ ਦਲਿਤਾਂ ਦੇ ਇਤਿਹਾਸ ਵਿੱਚ ਮਹੱਤਵਪੂਰਨ ਲੋਕਾਂ ਅਤੇ ਘਟਨਾਵਾਂ ਨੂੰ ਯਾਦ ਕਰਨ ਦੇ ਇੱਕ ਢੰਗ ਵਜੋਂ ਦੁਨੀਆ ਭਰ ਵਿੱਚ ਮਨਾਇਆ ਜਾਂਦਾ ਹੈ। ਬਾਬਾ ਸਾਹਿਬ ਡਾਕਟਰ ਅੰਬੇਡਕਰ ਦੀ ਸਲਾਹ ਤੇ 01 ਅਪ੍ਰੈਲ 1935 ਨੂੰ ਰਿਜਰਵ ਬੈਂਕ ਦੀ ਸਥਾਪਨਾ ਹੋਈ ਸੀ।

ਅਨੁਸੂਚਿਤ ਜਾਤੀਆਂ/ਅਨੁਸੂਚਿਤ ਜਨਜਾਤੀਆਂ (ਅੱਤਿਆਚਾਰ ਨਿਰੋਧਕ) ਐਕਟ 1989 ਸਬੰਧੀ ਮਾਣਯੋਗ ਸੁਪਰੀਮ ਕੌਰਟ ਵਲੋਂ 20 ਮਾਰਚ ਨੂੰ ਦਿੱਤੇ ਗਏ ਇੱਕ ਫੈਸਲੇ ਦੇ ਵਿਰੋਧ ਵਿੱਚ 02 ਅਪ੍ਰੈਲ 2018 ਨੂੰ ਹੋਏ ਦਲਿਤ ਅੰਦੋਲਨ ਕਾਰਨ ਇਸ ਮਹੀਨੇ ਦੀ ਮਹੱਤਤਾ ਹੋਰ ਵੀ ਵੱਧ ਗਈ ਹੈ। ਦਲਿਤਾਂ ਨੇ ਭਾਰਤ ਵਿੱਚ ਹੀ ਨਹੀਂ ਸਗੋਂ ਵਿਦੇਸ਼ਾਂ ਵਿੱਚ ਵੀ ਵੱਡੇ ਪੱਧਰ ਤੇ ਰੋਸ ਪ੍ਰਦਰਸ਼ਨ ਕੀਤਾ। ਇਸ ਰੋਸ ਪ੍ਰਦਰਸ਼ਨ ਦੀ ਖਾਸੀਅਤ ਇਹ ਸੀ ਕਿ ਇਸਦੀ ਅਗਵਾਈ ਕਿਸੇ ਇੱਕ ਰਾਜਨੀਤਿਕ ਪਾਰਟੀ ਜਾਂ ਆਗੂ ਨੇ ਨਹੀਂ ਕੀਤੀ ਸੀ ਸਗੋਂ ਵੱਖ ਵੱਖ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਸੰਗਠਨਾਂ ਨੇ ਇਕੱਠੇ ਹੋਕੇ ਇਹ ਪ੍ਰਦਰਸ਼ਨ ਕੀਤਾ ਸੀ ਜਿਸ ਤੋਂ ਬਾਦ ਭਾਰਤ ਸਰਕਾਰ ਨੇ ਇਸ ਐਕਟ ਵਿੱਚ ਸੋਧ ਨਾਂ ਕਰਨ ਦਾ ਫੈਸਲਾ ਕੀਤਾ। 05 ਅਪ੍ਰੈਲ 1908 ਨੂੰ ਦਲਿਤ ਆਗੂ ਸਾਬਕਾ ਉੱਪ ਪ੍ਰਧਾਨ ਮੰਤਰੀ ਸਵਰਗੀ ਬਾਬੂ ਜਗਜੀਵਨ ਦਾ ਜਨਮ ਹੋਇਆ ਸੀ। ਬਾਬੂ ਜਗਜੀਵਨ ਰਾਮ ਨੇ ਅਛੂਤਾਂ ਲਈ ਸਮਾਨਤਾ ਪ੍ਰਾਪਤ ਕਰਨ ਲਈ ਸਮਰਪਿਤ ਇੱਕ ਸੰਗਠਨ ''ਆਲ ਇੰਡੀਆ ਡੀਪ੍ਰੈੱਸਡ ਕਲਾਸ ਲੀਗ'ਦੀ ਸਥਾਪਨਾ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ। ਉਸਨੇ ਪੇਂਡੂ ਕਿਰਤੀ ਲਹਿਰ ਨੂੰ ਜਥੇਬੰਦ ਕੀਤਾ। ਉਹ ਜਵਾਹਰ ਲਾਲ ਨਹਿਰੂ ਦੀ ਅੰਤਰਿਮ ਸਰਕਾਰ ਵਿੱਚ ਭਾਰਤ ਦੇ ਪਹਿਲੇ ਮੰਤਰੀ ਮੰਡਲ ਵਿੱਚ ਲੇਬਰ ਮੰਤਰੀ ਦੇ ਤੌਰ ਤੇ ਸਭ ਤੋਂ ਘੱਟ ਉਮਰ ਦੇ ਮੰਤਰੀ ਬਣ ਗਿਆ ਸੀ ਅਤੇ ਭਾਰਤ ਦੀ ਸੰਵਿਧਾਨ ਸਭਾ ਦਾ ਮੈਂਬਰ ਵੀ ਸੀ ਜਿੱਥੇ ਉਸ ਨੇ ਯਕੀਨੀ ਬਣਾਇਆ ਕਿ ਸਮਾਜਿਕ ਨਿਆਂ ਨੂੰ ਸੰਵਿਧਾਨ ਵਿੱਚ ਸ਼ਾਮਲ ਕੀਤਾ ਜਾਵੇ। ਕਾਂਗਰਸ ਪਾਰਟੀ ਦੇ ਕੁੱਝ ਆਗੂਆਂ ਦੀ ਕੋਝੀ ਸਾਜਿਸ਼ ਕਾਰਨ ਪ੍ਰਧਾਨ ਮੰਤਰੀ ਬਣਨ ਤੋਂ ਬਾਂਝਾ ਰਹੇ ਬਾਬੂ ਜਗਜੀਵਨ ਰਾਮ ਲੱਗਭੱਗ 50 ਸਾਲ ਰਾਜਨੀਤੀ ਵਿੱਚ ਕਾਮਯਾਬ ਰਹੇ।

11 ਅਪ੍ਰੈਲ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਿਤ ਮਹਾਨ ਸਮਾਜ ਸੁਧਾਰਕ ਮਹਾਤਮਾ ਜੋਤੀਰਾਓ ਫੂਲੇ ਨਾਲ ਸਬੰਧਿਤ ਹੈ। ਜਾਤ ਅਧਾਰਿਤ ਛੂਤ-ਛਾਤ ਦੀ ਨਿਖੇਧੀ ਕਰਨ ਵਾਲੇ ਸਨਮਾਨਯੋਗ ਸਮਾਜ ਸੁਧਾਰਕ ਫੂਲੇ ਦਾ ਜਨਮ 11 ਅਪ੍ਰੈਲ 1827 ਨੂੰ ਹੋਇਆ ਸੀ। ਉਹ ਇੱਕ ਸਿੱਖਿਅਕ ਵਜੋਂ ਜਾਣੇ ਜਾਂਦੇ ਸਨ ਜੋ ਵਿਗਿਆਨਕ ਸੋਚ ਅਤੇ ਮਹਿਲਾ ਸਸ਼ਕਤੀਕਰਨ ਵਿੱਚ ਵਿਸ਼ਵਾਸ ਰੱਖਦੇ ਸਨ। ਉਸਦਾ ਕੰਮ ਛੂਤ-ਛਾਤ ਅਤੇ ਜਾਤ-ਪਾਤ ਦੇ ਖਾਤਮੇ, ਔਰਤਾਂ ਅਤੇ ਦੱਬੇ-ਕੁਚਲੇ ਲੋਕਾਂ ਨੂੰ ਸਿੱਖਿਅਤ ਕਰਨ ਦੇ ਯਤਨਾਂ ਸਮੇਤ ਕਈ ਖੇਤਰਾਂ ਵਿੱਚ ਫੈਲਿਆ ਹੋਇਆ ਸੀ। ਉਹ ਅਤੇ ਉਸਦੀ ਪਤਨੀ ਸਾਵਿਤਰੀਬਾਈ ਫੂਲੇ ਭਾਰਤ ਵਿੱਚ ਔਰਤਾਂ ਦੀ ਸਿੱਖਿਆ ਦੇ ਮੋਢੀ ਸਨ। ਉਸਨੇ ਨੀਵੀਆਂ ਜਾਤਾਂ ਦੇ ਲੋਕਾਂ ਲਈ ਬਰਾਬਰ ਅਧਿਕਾਰ ਪ੍ਰਾਪਤ ਕਰਨ ਲਈ ਸੱਤਿਆਸ਼ੋਧਕ ਸਮਾਜ ਦੀ ਸਥਾਪਨਾ ਕੀਤੀ। ਡਾਕਟਰ ਅੰਬੇਡਕਰ ਨੇ ਵੀ ਮਹਾਤਮਾ ਜੋਤੀਰਾਓ ਫੂਲੇ ਨੂੰ ਅਪਣਾ ਇੱਕ ਗੁਰੂ ਮੰਨਿਆ ਹੈ।

13 ਅਪ੍ਰੈਲ ਦਾ ਦਿਨ ਉਹ ਕਾਲਾ ਦਿਨ ਹੈ ਜਦੋਂ ਸਾਲ 1919 ਵਿੱਚ ਕੁੱਝ ਸਿੱਖ ਆਗੂਆਂ ਦੀ ਮਿਲੀਭੁਗਤ ਨਾਲ ਅੰਗਰੇਜੀ ਹਕੂਮਤ ਨੇ ਜਲ੍ਹਿਆਂਵਾਲਾ ਬਾਗ ਵਿੱਚ ਸ਼ਾਂਤਮਈ ਰੋਸ ਪ੍ਰਦਰਸ਼ਨ ਕਰ ਰਹੇ ਨਿਹੱਥੇ ਲੋਕਾਂ ਤੇ ਗੋਲੀ ਚਲਾਈ ਜਿਸ ਵਿੱਚ ਲੱਗਭੱਗ 379 ਵਿਅਕਤੀ ਸ਼ਹੀਦ ਹੋਏ ਅਤੇ 1200 ਦੇ ਕਰੀਬ ਜ਼ਖਮੀ ਹੋਏ ਸਨ। ਇਸ ਕਤਲੇਆਮ ਦਾ ਬਦਲਾ ਪੰਜਾਬੀ ਸੂਰਮੇ ਸ਼ਹੀਦ ਉਧਮ ਸਿੰਘ ਨੇ 13 ਮਾਰਚ 1940 ਨੂੰ ਲੰਡਨ ਵਿੱਚ ਜਲ੍ਹਿਆਂਵਾਲੇ ਬਾਗ ਦੇ ਘਿਨੌਣੇ ਸਾਕੇ ਦੇ ਦੋਸ਼ੀ ਮਾਈਕਲ ਓਡਵਾਇਰ ਜੋ ਉਸ ਸਮੇਂ ਪੰਜਾਬ ਦਾ ਗਵਰਨਰ ਸੀ ਨੂੰ ਮਾਰਕੇ ਲਿਆ।

14 ਅਪ੍ਰੈਲ ਦਾ ਦਿਨ ਡਾਕਟਰ ਭੀਮ ਰਾਓ ਅੰਬੇਡਕਰ ਨਾਲ ਸਬੰਧਿਤ ਹੈ। 14 ਅਪ੍ਰੈਲ 1891 ਨੂੰ ਮਹਾਰਾਸ਼ਟਰ ਵਿੱਚ ਡਾਕਟਰ ਭੀਮ ਰਾਓ ਅੰਬੇਡਕਰ ਦਾ ਜਨਮ ਹੋਇਆ ਸੀ। ਡਾਕਟਰ ਅੰਬੇਡਕਰ ਅਜਾਦ ਭਾਰਤ ਵਿੱਚ ਕਨੂੰਨ ਮੰਤਰੀ ਬਣੇ ਅਤੇ ਆਪ ਨੇ ਭਾਰਤੀ ਸੰਵਿਧਾਨ ਤਿਆਰ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਅਤੇ ਉਨ੍ਹਾਂ ਨੇ ਜਾਤ ਆਧਾਰਿਤ ਵਿਤਕਰੇ ਦਾ ਵਿਰੋਧ ਕੀਤਾ। ਡਾਕਟਰ ਅੰਬੇਡਕਰ ਨੇ ਜਨਤਕ ਥਾਵਾਂ ਤੇ ਦਲਿਤਾਂ ਦੇ ਦਾਖਲੇ ਲਈ ਸੰਘਰਸ਼ ਕੀਤਾ ਅਤੇ ਦਲਿਤਾਂ ਲਈ ਸਿੱਖਿਆ ਅਤੇ ਰੋਜ਼ਗਾਰ ਦੇ ਦਰਵਾਜੇ ਖੋਲੇ। ਉਨ੍ਹਾਂ ਨੇ ਸਮਾਜ ਵਿੱਚ ਫੈਲੀਆਂ ਕੁਪ੍ਰਥਾਵਾਂ ਨੂੰ ਖਤਮ ਕਰਨ ਲਈ ਮੁਹਿੰਮ ਚਲਾਈ ਅਤੇ ਦਲਿਤਾਂ ਲਈ ਕਲਿਆਣਕਾਰੀ ਯੋਜਨਾਵਾਂ ਸ਼ੁਰੂ ਕਰਵਾਈਆਂ। ਡਾਕਟਰ ਅੰਬੇਡਕਰ ਇੱਕ ਭਾਰਤੀ ਕਾਨੂੰਨਸਾਜ਼, ਅਰਥਸ਼ਾਸਤਰੀ, ਰਾਜਨੀਤੀਵਾਨ ਅਤੇ ਸਮਾਜ ਸੁਧਾਰਕ ਸਨ ਜਿਨ੍ਹਾਂ ਨੇ ਦਲਿਤ ਲਹਿਰ ਨੂੰ ਪ੍ਰੇਰਿਤ ਕੀਤਾ ਅਤੇ ਸਮਾਜਿਕ ਭੇਦਭਾਵ ਦੇ ਖਿਲਾਫ ਪ੍ਰਚਾਰ ਕੀਤਾ।

20 ਅਪ੍ਰੈਲ ਦਾ ਦਿਨ ਪੰਜਾਬ ਵਿੱਚ ਜਨਮੇ ਲੋਕ ਕਵੀ ਸੰਤ ਰਾਮ ਉਦਾਸੀ ਨਾਲ ਸਬੰਧਿਤ ਹੈ। ਲੋਕ ਕਵੀ ਸੰਤ ਰਾਮ ਉਦਾਸੀ ਇੱਕ ਕ੍ਰਾਂਤੀਕਾਰੀ ਕਵੀ ਸੀ ਜਿਸਦਾ ਜਨਮ 20 ਅਪ੍ਰੈਲ 1939 ਨੂੰ ਹੋਇਆ ਸੀ। ਉਹ ਗਰੀਬ ਮਜ਼ਦੂਰ ਜਮਾਤ ਦੇ ਹੱਕਾਂ ਲਈ ਅਤੇ ਜ਼ੁਲਮ ਦਾ ਵਿਰੋਧ ਕਰਨ ਵਾਲਿਆਂ ਲਈ ਇੱਕ ਪ੍ਰੇਰਣਾ ਸਰੋਤ ਬਣਿਆ ਹੈ। ਉਸ ਵੇਲੇ ਦਲਿਤ ਲੋਕ ਸਿਰਫ਼ ਮਜ਼ਦੂਰੀ ਕਰ ਕੇ ਹੀ ਗੁਜ਼ਾਰਾ ਕਰਦੇ ਸਨ। ਸੰਤ ਰਾਮ ਉਦਾਸੀ ਦੀਆਂ ਕਵਿਤਾਵਾਂ ਨੇ ਕਿਸਾਨਾਂ ਅਤੇ ਮਜ਼ਦੂਰਾਂ ਦੇ ਹੱਕਾਂ ਲਈ ਲੜ੍ਹਣ ਵਾਲੇ ਲੋਕਾਂ ਵਿਚ ਨਵੀਂ ਰੂਹ ਭਰ ਦਿੱਤੀ। ਸੰਤ ਰਾਮ ਉਦਾਸੀ ਦੀਆਂ ਕਵਿਤਾਵਾਂ ਹਕੂਮਤ ਨੂੰ ਵੰਗਾਰਨ ਵਾਲੀਆਂ ਸਨ ਜਿਹੜੀਆਂ ਸਰਕਾਰ ਨੂੰ ਹਜ਼ਮ ਨਹੀਂ ਹੋ ਰਹੀਆਂ ਸਨ। ਉਦਾਸੀ ਨੇ ਮਜ਼ਦੂਰਾਂ ਅਤੇ ਕਾਮਿਆਂ ਦੇ ਦੁੱਖ ਨੂੰ ਅਣਗਿਣਤ ਕਵਿਤਾਵਾਂ ਵਿਚ ਖੁੱਲ੍ਹ ਕੇ ਬਿਆਨ ਕੀਤਾ ਹੈ। ਸੰਤ ਰਾਮ ਉਦਾਸੀ ਕੰਮੀਆਂ ਦੇ ਵਿਹੜੇ ਦੀ ਗੱਲ ਕਰਦਾ ਹੋਇਆ ਸੂਰਜ ਨੂੰ ਕਹਿੰਦਾ ਹੈ ਤੂੰ ਕੰਮੀਆਂ ਦੇ ਵਿਹੜੇ ਸਦਾ ਮੱਘਦਾ ਹੋਇਆ ਸੰਘਰਸ਼ ਅਤੇ ਇਨਕਲਾਬ ਦਾ ਸੁਨੇਹਾ ਦਿੰਦਾ ਰਹੀ ਇਹ ਉਦਾਸੀ ਦੀ ਹਰਮਨ ਪਿਆਰੀ ਰਚਨਾ ਸੀ।

21 ਅਪ੍ਰੈਲ ਨੂੰ ਮਹਾਨ ਸਿੱਖ ਸਕਾਲਰ ਗਿਆਨੀ ਦਿੱਤ ਸਿੰਘ ਦਾ ਜਨਮ ਦਿਨ ਹੈ। ਗਿਆਨੀ ਦਿੱਤ ਸਿੰਘ ਇੱਕ ਇਤਿਹਾਸਕਾਰ, ਵਿਦਵਾਨ, ਕਵੀ, ਸੰਪਾਦਕ ਅਤੇ ਇੱਕ ਉੱਘੇ ਸਿੰਘ ਸਭਾ ਸੁਧਾਰਕ ਸਨ। ਉਨ੍ਹਾਂ ਨੇ ਸਿੱਖ ਧਰਮ ਤੇ 70 ਤੋਂ ਵੱਧ ਕਿਤਾਬਾਂ ਲਿਖੀਆਂ ਜਿਨ੍ਹਾਂ ਵਿਚੋਂ ਸਭ ਤੋਂ ਮਸ਼ਹੂਰ ਖਾਲਸਾ ਅਖਬਾਰ ਹੈ। ਆਪ ਦੇ ''ਦਯਾਨੰਦ ਨਾਲ ਮੇਰਾ ਸੰਵਾਦ' ਅਤੇ ''ਦੁਰਗਾ ਪਰਬੋਧ'ਸਿੱਖ ਫਲਸਫੇ ਦੇ ਪ੍ਰਮੁੱਖ ਗ੍ਰੰਥ ਮੰਨੇ ਜਾਂਦੇ ਹਨ। ਸਿੰਘ ਸਭਾ ਲਾਹੌਰ ਅਤੇ ਖ਼ਾਲਸਾ ਕਾਲਜ ਅੰਮ੍ਰਿਤਸਰ ਦਾ ਮੋਢੀ ਬਣਨ ਦੇ ਨਾਲ-ਨਾਲ ਉਹਨਾਂ ਆਪਣੀ ਵਿਦਵਤਾ ਦੇ ਬਲਬੂਤੇ ਆਰੀਆ ਸਮਾਜ ਦੇ ਮੁਖੀ ਸਵਾਮੀ ਦਯਾਨੰਦ ਨੂੰ ਲਗਾਤਾਰ ਤਿੰਨ ਧਾਰਮਿਕ ਬਹਿਸਾਂ ਵਿੱਚ ਮਾਤ ਦਿੱਤੀ ਸੀ। ਸਿੱਖੀ ਦੀ ਡਿੱਗ ਰਹੀ ਸਾਖ਼ ਨੂੰ ਮੁੜ ਉੱਚਾ ਚੁੱਕਣ ਦਾ ਯਤਨ ਕਰਨ ਦੇ ਬਾਕੀ ਭਾਗ ਅਗਲੇ ਸਫੇ ਤੇ



# ਖ਼ਤਰਨਾਕ ਹੈ ਔਰਤਾਂ ਦਾ ਨਸ਼ਿਆਂ ਵਿੱਚ ਪੈਣਾ







ਜਗਤਾਰ ਸਿੰਘ ਮਾਨਸਾ
9463603091

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 12 ਅਪਰੈਲ INTERNATIONAL PAPER, 94636 01616 hardipchumber57@gmail.com

ਪੰਜਾਬ ਇਸ ਵੇਲੇ ਨਸ਼ਿਆਂ ਨਸ਼ਿਆਂ ਦਾ ਵਹਿੰਦੇ ਦਰਿਆ ਵਿੱਚ ਡੁੱਬਿਆ ਹੋਇਆ ਹੈ। ਅਫੀਮ ਭੁੱਕੀ ਵਰਗੇ ਨਸ਼ੇ ਲੋਕ ਪਹਿਲਾਂ ਵੀ ਕਰਦੇ ਸੀ ਪਰ ਨਾਲ ਕੰਮ ਵੀ ਕਰਦੇ ਸੀ। ਜਦ ਹਾੜੀ ਸਾਉਣੀ ਦੇ ਕੰਮ ਦਾ ਜ਼ੋਰ ਹੋਣਾ ਹਲਕਾ ਫੁਲਕਾ ਜਿਹਾ ਕਰ ਲੈਣਾ। ਆਂਦੀ ਨਹੀਂ ਸੀ ਲੋਕ।ਪਰ ਜਦ ਦੇ ਕੈਮੀਕਲ ਨਸ਼ੇ ਆਏ ਹਨ। ਘਰ ਘਰ ਵੈਣ ਪੈਣ ਲੱਗੇ। ਪਹਿਲਾਂ ਕੁਝ ਮਤਲਬੀ ਕਹਿੰਦੇ ਹੁੰਦੇ ਸੀ ਫਲਾਣਿਆ ਦਾ ਮੁੰਡਾ ਨਸ਼ੇ ਕਰਦਾ ਹੈ। ਮਸ਼ਕਰੀਆਂ ਹੱਸਦੇ ਲਾਲਚੀ ਤੇ ਘਟੀਆ ਲੋਕ ਆਮ ਦੇਖੇ ਜਾ ਸਕਦੇ ਸੀ।ਜੋਂ ਦੂਜਿਆਂ ਦੇ ਘਰ ਬਸੰਤਰ ਦੱਸਦੇ ਸੀ।ਪਰ ਜੰਗਲ ਦੀ ਅੱਗ ਹਮੇਸ਼ਾ ਸਾਰੇ ਜੰਗਲ ਨੂੰ ਹੀ ਕਲਾਵੇ ਵਿਚ ਲੈਂਦੀ ਹੈ। ਜਦ ਹੁਣ ਘਰ ਪਹੁੰਚਣ ਲੱਗਾ ਤਾਂ ਫ਼ਿਕਰ ਪੈ ਗਈ। ਜ਼ਮੀਨਾਂ ਨਾ ਵੰਡੀਆਂ ਜਾਣ ਵਾਲੇ ਬੰਦਿਆਂ ਨੇ ਡਰਦੇ ਜ਼ਮੀਨਾਂ ਛਡਵਾ ਕੇ ਲੋਕ ਬਾਹਰ ਤੋਰ ਦਿੱਤੇ।ਖੇਤ ਦੀ ਵਾੜ ਖੇਤ ਨੂੰ ਖਾਣ ਲੱਗ ਪਈ। ਕੌਮ ਦੇ ਨੇਤਾ ਜਿਹਨਾਂ ਨੂੰ ਵੋਟਾਂ ਪਾ ਪਾ ਕੇ ਕੌਮ ਨੂੰ ਬਚਾਉਣ ਦਾ ਜ਼ਿੰਮਾ ਦਿੱਤਾ ਸੀ। ਉਹ ਆਪ ਹੀ ਚੋਰਾਂ ਨਾਲ ਰਲ਼ ਗਏ। ਪੁਲਿਸ ਅਧਿਕਾਰੀਆਂ ਦਾ ਹੱਥ ਵੀ ਸਾਬਿਤ ਹੋਣ ਲੱਗਾ।

ਪਰ ਸਭ ਤੋਂ ਜੋ ਮਾੜੀ ਗੱਲ ਹੋਈ ਉਹ ਇਹ ਹੋਈ ਕਿ ਇਸ ਵਿੱਚ ਕਿਸੇ ਮਾਂ ,ਕਿਸੇ ਦੀ ਭੈਣ ,ਕਿਸੇ ਦੀ ਪਤਨੀ ਤੇ ਕਿਸੇ ਦੀ ਧੀ ਵੀ ਸ਼ਾਮਲ ਹੋ ਗਈ। ਜਿਹਨਾਂ ਦੇ ਵੈਣ ਧਰਤੀ ਪਾੜਦੇ ਸੀ। ਉਹ ਪਤਾਂ ਨੀ ਕਿਸ ਮਜਬੂਰੀ ਬੱਸ ਇਧਰ ਤੁਰ ਪਈਆਂ। ਮਾਈ ਭਾਗੋ ਦੀਆਂ ਵਾਰਿਸ ਜਿਹਨਾਂ ਨੇ ਬਣਨਾ ਸੀ। ਉਹ ਪੱਬਾਂ ਤੇ ਕਲੱਬਾਂ ਵਿਚ ਨਸ਼ਿਆਂ ਦੇ ਸੂਟੇ ਲਾਉਣ ਲੱਗ ਪਈਆਂ। ਐਡੀ ਕੀ ਮਜਬੂਰੀ ਹੋ ਗਈ।ਸਕੂਲ ਕਾਲਜਾਂ ਯੂਨੀਵਰਸਿਟੀਆਂ ਦੀਆਂ ਕੁੜੀਆਂ ਵੱਡੀ ਪੱਧਰ ਤੇ ਇਸ ਦਾ ਸ਼ਿਕਾਰ ਹੋ ਗਈਆਂ।

ਗੱਲ ਇੱਥੇ ਹੀ ਨਹੀਂ ਰੁਕੀ ਨਸ਼ੇ ਕਰਨੇ ਤੇ ਨਸ਼ੇ ਵੇਚਣ ਦੇ ਕਾਰੋਬਾਰ ਵਿੱਚ ਵੀ ਵੱਡੀ ਪੱਧਰ ਤੇ ਔਰਤਾਂ ਦੀ ਸ਼ਮੂਲੀਅਤ ਪਾਈ ਗਈ ਹੈ। ਪਿੰਡਾਂ ਵਿੱਚ ਭੁੱਕੀ, ਸ਼ਰਾਬ ਕੱਢ ਕੇ ਵੇਚਣਾ ਆਮ ਗੱਲ ਹੈ। ਪਰ ਹੁਣ ਕੈਮੀਕਲ ਨਸ਼ੇ ਵੇਚਣ ਵਿਚ ਵੱਡੀ ਪੱਧਰ ਤੇ ਔਰਤਾਂ ਦਾ ਹੱਥ ਹੈ। ਸਰਕਾਰ ਦੇ ਨਸ਼ਿਆਂ ਵਿਰੁੱਧ ਯੁੱਧ ਨੂੰ ਲੋਕ ਚੰਗਾ ਕਹਿ ਰਹੇ ਹਨ। ਪਰ ਨਾਲ ਹੀ ਇਹ ਵੀ ਹੈ ਕਿ ਛੋਟੀਆਂ ਮੱਛੀਆਂ ਹੀ ਹੱਥ ਲੱਗੀਆਂ ਹਨ ਪਰ ਕਿਸੇ ਵੱਡੇ ਮਗਰਮੱਛ ਨੂੰ ਹੱਥ ਨਾ ਪੈਣਾ ਕਾਲੀਆਂ ਭੇਡਾਂ ਦੀ ਸ਼ਮੂਲੀਅਤ ਵੱਡੀ ਪੱਧਰ ਤੇ ਸ਼ੰਕੇ ਪੈਦਾ ਕਰਦੀ ਹੈ।

ਔਰਤਾਂ ਕਿਉਂ ਜਾਂਦੀਆਂ ਨੇ ਇਧਰ ਮਮਤਾ ਦੀ ਮੂਰਤ,ਭੈਣ ਦੀ ਰੱਖੜੀ ,ਪਤਨੀ ਦਾ ਸਮਰਪਣ ਸਭ ਕੁਝ ਵਿੱਚ ਹੀ ਰੁਲ ਗਿਆ ਹੈ।

ਹੋ ਸਕਦਾ ਹੈ ਜਿੰਨ੍ਹਾਂ ਦੇ ਪਤੀ ਇਸ ਗ਼ਲਤ ਕੰਮ ਵਿੱਚ ਸ਼ਾਮਲ ਹੁੰਦੇ ਹਨ।ਉਸ ਦੇ ਜੇਲ ਜਾ ਫੜ੍ਹੇ ਜਾਣ ਤੋਂ ਬਾਅਦ ਉਹਨਾਂ ਦੀਆਂ ਪਤਨੀਆਂ ਇਹ ਕੰਮ ਸਾਂਭ ਲੈਂਦੀਆਂ ਹਨ।

ਵੱਡੇ ਸ਼ਹਿਰਾਂ ਵਿੱਚ ਪੜ੍ਹਦੀਆਂ ਕੁੜੀਆਂ ਆਪਣੇ ਸਟੇਟਸ ਨੂੰ ਕਾਇਮ ਕਰਨ ਲਈ ਖਰਚਿਆਂ ਦੀ ਪੂਰਤੀ ਲਈ ਸ਼ਾਇਦ ਇਸ ਕੰਮ ਵਿੱਚ ਪੈ ਜਾਂਦੀਆਂ ਹੋਣ।

ਮੋਬਾਇਲ ਵੀ ਇੱਕ ਵੱਡਾ ਕਾਰਨ ਬਣਿਆ ਹੈ।ਸਾਰਾ ਦਿਨ ਇਸ ਤੇ ਗੰਦ ਮੰਦ ਨੇ ਲੋਕਾਂ ਦੇ ਮਨ, ਦਿਮਾਗ਼ ਖਰਾਬ ਕਰ ਦਿੱਤੇ ਹਨ। ਚੰਗੇ ਕੱਪੜੇ ,ਬੈਂਕ ਬੈਲੈਂਸ, ਗੱਡੀਆਂ ਖੁੱਲੇ ਖਰਚੇ, ਰੇਵ ਪਾਰਟੀਆਂ ਨੇ ਸਾਦੇਪਣ ਨੂੰ ਖਤਮ ਕਰ ਦਿੱਤਾ ਹੈ। ਹਰ ਇੱਕ ਸਹੂਲਤਾਂ ਨੂੰ ਮਾਨਣਾ ਚਾਹੀਦਾ ਹੈ। ਰੋਜ ਦੀਆਂ ਖਰੀਦਾਰੀਆਂ ਟੌਹਰ ਟੱਪਾ ਲਈ ਖੁੱਲ੍ਹਾ ਪੈਸੇ ਚਾਹੀਦਾ ਹੈ। ਕੰਮ ਕਰਨਾ ਆਪਣੀ ਸ਼ਾਨ ਦੇ ਵਿਰੁੱਧ ਸਮਝਦੇ ਨੇ ਲੋਕ।ਈਜੀ ਮਨੀ ਇਸ ਢੰਗ ਨਾਲ ਕਮਾਉਣ ਤੇ ਲੱਗ ਗਏ ਹਨ।

ਅੱਲੜ੍ਹ ਉਮਰ ਵਿਚ ਗਲਤ ਰਸਤੇ ਪਈਆਂ ਕੁੜੀਆਂ ਨਸ਼ਿਆਂ ਵਿਚ ਪੈ ਜਾਂਦੀਆਂ ਹਨ ਫਿਰ ਆਪਣੇ ਖਰਚੇ ਪੂਰੇ ਕਰਨ ਲਈ ਇਸ ਕੰਮ ਦਾ ਸਹਾਰਾ ਲੈਂਦੀਆਂ ਹਨ।

ਪੰਜਾਬੀ ਨੂੰ ਫੋਕੀ ਸ਼ੁਹਰਤ ਤੇ ਫੋਕੀ ਸਰਦਾਰੀ ਵੀ ਲੈ ਡੁੱਬੀ ਹੈ।ਹਰ ਬੰਦਾ ਚਾਹੁੰਦਾ ਵੀ ਮੇਰਾ ਦਬਦਬਾ ਹੋਵੇ। ਮੈਨੂੰ ਕੰਮ ਕੋਈ ਨਾ ਕਰਨਾ ਪਵੇ।ਹੱਥੀਂ ਕੰਮ ਕਰਨਾ ਘਟੀਆ ਹੋਣ ਦਾ ਸਿੰਬਲ ਬਣਾ ਲਿਆ ਹੈ।ਇਸ ਲਈ ਪੈਸੇ ਕਮਾਉਣ ਦਾ ਇਹ ਸੌਖਾ ਢੰਗ ਲੱਗਦਾ ਹੈ ਲੋਕਾਂ ਨੂੰ।ਪਰ ਸਮਾਜ ਲਈ ਇਹ ਮਾੜਾ ਰੁਝਾਨ ਹੈ।ਇਸ ਤਰ੍ਹਾਂ ਬਚੂ ਕਿਹੜਾ?

ਚੰਦ ਸਿੱਕਿਆਂ ਲਈ ਜਿਹੜੇ
ਲੋਕੀ ਵੇਚਣ ਸਮੈਕਾਂ
ਜਦੋਂ ਪੀਣ ਲੱਗੇ ਆਪਣੇ
ਨਿਆਣੇ ਪਤਾ ਲੱਗੂ।

ਨਸਾ ਲੈਣਾ ਬਾਅਦ ਵਿੱਚ ਮਜਬੂਰੀ ਬਣ ਜਾਂਦੀ ਹੈ। ਇਹ ਔਰਤਾਂ ਫਿਰ ਗਲਤ ਢੰਗ ਅਖਤਿਆਰ ਕਰਦੀਆਂ ਹਨ ਤੇ ਲੋਕ ਇਹਨਾਂ ਦੀ ਮਜਬੂਰੀ ਦੀ ਫਾਇਦਾ ਉਠਾਉਂਦੇ ਹਨ। ਕਈ ਜਗ੍ਹਾ ਇਹ ਹੋਇਆ ਹੈ ਕਿ ਇਹ ਔਰਤਾਂ ਪ੍ਰੈਗਨੈਂਟ ਵੀ ਹੋ ਗਈਆਂ । ਜਾ ਏਡਜ਼ ਨਾ ਦੀ ਬੀਮਾਰੀ ਫੈਲ ਗਈ।ਇਸ ਤਰ੍ਹਾਂ ਜਨਮੇ ਬੱਚਿਆਂ ਦਾ ਕੋਈ ਬਾਲੀਵਾਰਿਸ ਨਹੀਂ ਬਣਦਾ। ਘਰਾਂ ਵਿੱਚ ਕਲੇਸ਼ ਕੁੱਟ ਮਾਰ ਚਲਦੀ ਹੈ। ਜੋ ਕਿ ਸਮਾਜ ਲਈ ਮਾੜਾ ਰੁਝਾਨ ਹੈ।

ਵੱਖ ਵੱਖ ਸਰਵੇਖਣਾ ਵਿੱਚ ਨਸ਼ਾ ਤਸਕਰੀ ਵਿਚ ਪੰਜਾਬੀ ਔਰਤਾਂ ਦੀ ਗ੍ਰਿਫ਼ਤਾਰੀ ਦੇਸ਼ ਭਰ ਵਿਚ ਸਭ ਤੋਂ ਵੱਧ ਹੈ। ਇਹ ਅੰਕੜੇ ਦੱਸਦੇ ਹਨ ਕਿ ਪੰਜਾਬਣਾਂ ਦਾ ਸ਼ਾਇਦ ਸਟੇਟਸ ਸਿੰਬਲ ਬਣ ਗਿਆ ਹੈ। ਹਰ ਔਰਤਾਂ ਆਪਣੇ ਘਰ ਸਾਰੀਆਂ ਸਹੂਲਤਾਂ ਚਾਹੁੰਦੀ ਹੈ। ਇਸ ਤਰ੍ਹਾਂ ਕਰਨ ਲਈ ਬਹੁਤ ਔਰਤਾਂ ਇਸ ਪਾਸੇ ਚੱਲ ਪੈਂਦੀਆਂ ਹਨ।ਦੂਜੇ ਸ਼ਬਦਾਂ ਵਿਚ ਦੇਸ਼ ਦੇ ਦੂਜੇ ਸੂਬਿਆਂ ਨਾਲੋਂ ਪੰਜਾਬ ਦੀਆਂ ਔਰਤਾਂ ਨਸ਼ਾ ਤਸਕਰੀ ਵਿਚ ਰਿਕਾਰਡ ਉਪਰਲੀਆਂ ਸਫ਼ਾ ਵਿੱਚ ਆਉਂਦਾ ਹੈ।ਐਨਡੀਪੀਐੱਸ ਐਕਟ ਤਹਿਤ ਪਿਛਲੇ ਸਾਲ ਭਾਰਤ ਵਿਚ ਲਗਭਗ ਦਸ ਹਜ਼ਾਰ ਔਰਤਾਂ ਨਸ਼ਾ ਤਸਕਰੀ ਵਿਚ ਗ੍ਰਿਫ਼ਤਾਰ ਹੋਈਆਂ ਹਨ ਜਿਨ੍ਹਾਂ ਵਿਚ ਤੇਤੀ ਸੋ ਦੇ ਲਗਭਗ ਮਤਲਬ ਤੀਜਾ ਹਿੱਸਾ ਪੰਜਾਬ ਨਾਲ ਸਬੰਧਤ ਹਨ। ਪੰਜਾਬ ਦੇ ਦਰਜਨਾਂ ਪਿੰਡ ਅਜਿਹੇ ਹਨ ਜਿੱਥੇ ਨਸ਼ਾ ਤਸਕਰੀ ਦੇ ਜ਼ਿਆਦਾ ਕੇਸ ਆਦਮੀਆਂ ਨਾਲੋਂ ਔਰਤਾਂ ‘ਤੇ ਬਣੇ ਹੋਏ ਹਨ। ਸਾਲ 2021 ਵਿਚ 1400ਦੇ ਲਗਭਗ ਔਰਤਾਂ ਨਸ਼ਾ ਤਸਕਰੀ ਕਾਰਨ ਗ੍ਰਿਫ਼ਤਾਰ ਹੋਈਆਂ, 2022 ਵਿਚ 900 ਅਤੇ 2023 ਵਿਚ 800ਔਰਤਾਂ ਦੀ ਲਗਭਗ ਗਿਣਤੀ ਨੂੰ ਕਾਲੇ ਧੰਦੇ ਕਾਰਨ ਗ੍ਰਿਫ਼ਤਾਰ ਕੀਤਾ ਹੈ।ਇਥੇ ਹੀ ਨਹੀਂ ਰਾਜਸਥਾਨ ਵਿਚ ਬਹੁਤੇ ਭੁੱਕੀ ਦੇ ਠੇਕੇ ਪੰਜਾਬਣਾਂ ਦੇ ਨਾਮ ਹਨ। ਔਰਤਾਂ ਦਾ ਨਾਮ ਕਲੰਕਿਤ ਕਰਨ ਵਿਚ ਪੰਜਾਬਣਾਂ ਮੋਹਰੀ ਹਨ। ਪਿੰਡਾਂ ਸ਼ਹਿਰਾਂ ਵਿੱਚ ਅੱਗੇ ਨਿਕਲਣ ਦੀ ਦੌੜ ਨੇ ਆਮਦਨ ਦੇ ਗ਼ਲਤ ਢੰਗ ਅਪਣਾ ਲਏ ਹਨ। ਕੋਈ ਕਾਰਵਾਈ ਨਾ ਹੋਣ ਕਾਰਨ ਬਹੁਤੀਆਂ ਔਰਤਾਂ ਦੇਖਾ ਦੇਖੀ ਇਸ ਪਾਸੇ ਵੱਲ ਤੁਰ ਪਈਆਂ ਹਨ। ਜੇਕਰ ਸਹੀ ਕਾਰਵਾਈ ਹੋਵੇ ਤਾਂ ਗਿਣਤੀ ਕਿਤੇ ਵੱਧ ਮਿਲੇਗੀ।

ਪਿੱਛੇ ਜਿਹੇ ਇੱਕ ਚੰਗੇ ਘਰ ਦੀ ਕੁੜੀ ਦਾ ਜੋ ਯੂਨੀਵਰਸਿਟੀ ਪੜ੍ਹਦੀ ਸੀ ਨਸ਼ਿਆਂ ਵਿਚ ਫੜ੍ਹੇ ਜਾਣਾ ਚਿੰਤਾ ਦਾ ਵਿਸ਼ਾ ਹੈ। ਇਸ ਨੇ ਆਮ ਮਾਪਿਆਂ ਨੂੰ ਚਿੰਤਾ ਵਿੱਚ ਪਾ ਦਿੱਤਾ।

ਡੇਰਿਆਂ ਵਿੱਚ ਵੀ ਵੱਡੀ ਪੱਧਰ ਤੇ ਨਸ਼ਿਆਂ ਦਾ ਰੁਝਾਨ ਹੈ। ਬਠਿੰਡਾ ਇੱਕ ਮਹਿਲਾ ਕਾਂਸਟੇਬਲ ਦਾ ਫੜਿਆ ਜਾਣਾ। ਪਿੱਛੇ ਜਿਹੇ ਸਾਬਕਾ ਔਰਤ ਵਿਧਾਇਕ ਤੇ ਕਾਰਵਾਈ। ਅਗਲੀ ਪੀੜ੍ਹੀ ਲਈ ਸ਼ੁਭ ਸੰਕੇਤ ਨਹੀਂ ਹਨ। ਸਕੂਲਾਂ ਕਾਲਜਾਂ ਵਿੱਚ ਵੀ ਇਸ ਦੇ ਪੈਰ ਪਸਾਰਨੇ ਖਤਰਨਾਕ ਗੱਲ ਹੈ।

ਜੇਕਰ ਔਰਤ ਹੀ ਇਸ ਪਾਸੇ ਤੁਰ ਪਈ ਤਾਂ ਫਿਰ ਰੱਬ ਰਾਖਾ।ਇਸ ਤੇ ਗੀਤ ਭਾਵੇਂ ਇਸ ਤਰ੍ਹਾਂ ਬਣੇ ਨੇ ਕਿ;

ਚਿੱਟਾ ਕਿਵੇਂ ਬਾਡਰਾਂ ਤੋਂ ਪਾਰ
ਹੋਣਾ ਸੀ
ਜੇ ਬਾਡਰਾਂ ਤੇ ਡਿਊਟੀ ਹੁੰਦੀ
ਮਾਵਾਂ ਦੀ।

ਔਰਤਾਂ ਵਿਰੁੱਧ ਕਾਰਵਾਈ ਚੈੱਕ ਕਰਨਾ ਥੋੜ੍ਹਾ ਔਖਾ ਕਾਰਜ ਹੁੰਦਾ ਹੈ ਇਹ ਜਲਦੀ ਬਚ ਨਿਕਲਦੀਆਂ ਹਨ। ਪਰ ਸਰਕਾਰ ਨੂੰ ਇਧਰ ਧਿਆਨ ਦੇਣਾ ਚਾਹੀਦਾ ਹੈ। ਸਮਾਜਿਕ ਸੰਸਥਾਵਾਂ ਨੂੰ ਵੀ ਇਸ ਪਾਸੇ ਕੰਮ ਕਰਨਾ ਚਾਹੀਦਾ ਹੈ। ਪੁਲਿਸ ਨੂੰ ਸਖ਼ਤੀ ਕਰਨੀ ਚਾਹੀਦੀ ਹੈ। ਚੰਗੇ ਰੁਜ਼ਗਾਰ ਦੇ ਮੋਕੇ ਲੋਕਾਂ ਨੂੰ ਸਿੱਧੇ ਰਸਤੇ ਪਾਉਣਗੇ। ਪਰ ਫਿਲਹਾਲ ਔਰਤਾਂ ਨੂੰ ਇਸ ਪਾਸੇ ਸੋਚਣਾ ਚਾਹੀਦਾ ਹੈ ਜੇਕਰ ਉਹ ਹੀ ਇਸ ਰਾਸਤੇ ਚੱਲ ਪਈਆਂ ਫਿਰ ਰੱਬ ਹੀ ਭਲੀ ਕਰੂਗਾ।

## ਅਪ੍ਰੈਲ - ਦਲਿਤ ਇਤਿਹਾਸ ਮਹੀਨਾ ਦੀ ਮਹੱਤਤਾ

( ਪਿੱਛਲੇ ਸਫੇ ਦਾ ਬਾਕੀ ਭਾਗ)

ਨਾਲ ਹੀ ਗਿਆਨੀ ਦਿੱਤ ਸਿੰਘ ਨੇ ਸਮਾਜ ਵਿੱਚ ਫੈਲੀਆਂ ਅਨੇਕਾਂ ਬੁਰਾਈਆਂ ਨੂੰ ਜੜ੍ਹੋਂ ਖ਼ਤਮ ਕਰਨ ਲਈ ਸਿਰਤੋੜ ਯਤਨ ਕੀਤੇ।

22 ਅਪ੍ਰੈਲ ਦਾ ਦਿਨ ਗਦਰ ਲਹਿਰ ਦੇ ਆਗੂ ਅਤੇ ਆਦ ਧਰਮ ਮੰਡਲ ਦੇ ਸੰਸਥਾਪਕ ਬਾਬੂ ਮੰਗੂ ਰਾਮ ਮੂਗੋਵਾਲੀਆ ਨਾਲ ਸਬੰਧਿਤ ਹੈ। ਬਾਬੂ ਮੰਗੂ ਰਾਮ ਮੁੱਗੋਵਾਲੀਆ ਭਾਰਤ ਨੂੰ ਆਜ਼ਾਦ ਕਰਾਉਣ ਲਈ ਲਾਲਾ ਹਰਦਿਆਲ ਦੀ ਪ੍ਰੇਰਨਾ ਸਦਕਾ ਗ਼ਦਰ ਪਾਰਟੀ ਵਿਚ ਸ਼ਾਮਲ ਹੋ ਗਿਆ। ਬਾਬੂ ਮੁੱਗੋਵਾਲੀਆ ਨੇ ਆਪਣੇ ਪਿੰਡ ਦੇ ਆਦਿ ਧਰਮੀਆਂ ਨੂੰ ਪੜ੍ਹਾਉਣ ਲਈ ਪਿੰਡ ਵਿਚ ‘ਆਦਿ ਧਰਮ ਸਕੂਲ’ ਸਕੂਲ ਖੋਲ੍ਹਿਆ। ਆਦਿ ਧਰਮੀਆਂ ਨੂੰ ਲਾਮਬੰਦ ਕਰ ਕੇ ਸੰਘਰਸ਼ ਵਿੱਢਣ ਲਈ ਆਪਣੇ ਪਿੰਡ ਮੁੱਗੋਵਾਲ ਵਿਖੇ 11-12 ਜੂਨ 1926 ਨੂੰ ਆਦਿ ਧਰਮੀਆਂ ਦੀ ਇਕ ਕਾਨਫਰੰਸ ਬੁਲਾ ਕੇ ‘ਆਦਿ ਧਰਮ ਮੰਡਲ’ ਦੀ ਸਥਾਪਨਾ ਕੀਤੀ। ਸੰਨ 1931 ਦੀ ਮਰਦਮ-ਸ਼ੁਮਾਰੀ ਸਮੇਂ ਬਾਬੂ ਮੰਗੂ ਰਾਮ ਮੁੱਗੋਵਾਲੀਆ ਨੇ ਆਦਿ ਧਰਮੀਆਂ ਨੂੰ ਕਿਹਾ ਉਹ ਆਪਣਾ ਧਰਮ ‘ਆਦ ਧਰਮ’ ਲਿਖਵਾਉਣ। ਲੰਡਨ ਵਿਖੇ ਹੋਈਆਂ ਗੋਲਮੇਜ਼ ਕਾਨਫਰੰਸਾਂ ਦੌਰਾਨ ਬਾਬੂ ਮੰਗੂ ਰਾਮ ਮੁੱਗੋਵਾਲੀਆ ਨੇ ਆਦਿ ਧਰਮੀਆਂ ਦੇ ਹੱਕ ਵਿਚ ਡਾਕਟਰ ਅੰਬੇਡਕਰ ਦਾ ਸਾਥ ਦਿੱਤਾ। ਆਪ ਦੇ ਯਤਨਾਂ ਸਦਕਾ ਆਦਿ ਧਰਮੀਆਂ ਨੂੰ ਮਿਲੇ ਅਧਿਕਾਰਾਂ ਅਧੀਨ 1937 ਦੀ ਪੰਜਾਬ ਅਸੈਂਬਲੀ ਚੋਣ ਵਿਚ ਰਿਜ਼ਰਵ ਹੋਈਆਂ 8 ਸੀਟਾਂ ਵਿੱਚੋਂ 7 ਉੱਤੇ ‘ਆਦਿ-ਧਰਮ ਮੰਡਲ’ਦੇ ਨੁਮਾਇੰਦੇ ਚੋਣ ਜਿੱਤਣ ਵਿਚ ਸਫਲ ਹੋਏ। ‘ਦਿ ਪੰਜਾਬ ਲੈਂਡ ਐਲਾਈਨੇਸ਼ਨ ਐਕਟ’ ਅਨੁਸਾਰ ਆਦਿ ਧਰਮੀ ਜ਼ਮੀਨ ਦੇ ਮਾਲਕ ਨਹੀਂ ਸਨ ਬਣ ਸਕਦੇ ਆਪ ਨੇ ਇਹ ਕਾਨੂੰਨ ਖ਼ਤਮ ਕਰਾਇਆ ਤੇ ਆਦਿ ਧਰਮੀਆਂ ਨੂੰ ਜ਼ਮੀਨਾਂ ਦੇ ਮਾਲਕ ਬਣਨ ਦਾ ਹੱਕ ਲੈ ਕੇ ਦਿੱਤਾ। 22 ਅਪ੍ਰੈਲ 1980 ਨੂੰ ਪੀਜੀਆਈ ਚੰਡੀਗੜ੍ਹ ਵਿਖੇ ਇਹ ਆਗੂ ਸਦੀਵੀ ਵਿਛੋੜਾ ਦੇ ਗਿਆ। ਇਸ ਸਾਲ ਵੀ ਵੱਖ ਵੱਖ ਦੇਸ਼ਾਂ ਵਿੱਚ ਦਲਿਤ ਇਤਿਹਾਸ ਮਹੀਨਾ ਸਬੰਧੀ ਪ੍ਰੋਗਰਾਮ ਕਰਵਾਏ ਜਾਣਗੇ।

ਭਾਰਤ ਵਿੱਚ ਵੀ ਵੱਖ ਵੱਖ ਸੰਗਠਨਾ ਵਲੋਂ ਇਸ ਸਬੰਧੀ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਜਾਵੇਗਾ। ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਵਿੱਚ ਮਿਸ਼ਨ ਪੇਅ ਬੈਕ ਟੂ ਸੋਸਾਇਟੀ ਵਲੋਂ ਸਥਾਨਕ ਸੰਗਠਨਾ ਨਾਲ ਮਿਲਕੇ ਇਸ ਸਬੰਧੀ ਜਾਗਰੂਕਤਾ ਅਭਿਆਨ ਚਲਾਇਆ ਜਾ ਰਿਹਾ ਹੈ। ਭਾਰਤ ਨੂੰ ਅਜ਼ਾਦ ਹੋਏ 77 ਸਾਲ ਬੀਤ ਚੁੱਕੇ ਹਨ ਪਰੰਤੂ ਅਜੇ ਤੱਕ ਵੀ ਦਲਿਤਾਂ ਨਾਲ ਵਾਪਰਦੀਆਂ ਅੱਤਿਆਚਾਰ ਦੀਆਂ ਘਟਨਾਵਾਂ ਰੁਕਣ ਦਾ ਨਾਮ ਨਹੀਂ ਲੈ ਰਹੀਆਂ ਹਨ। ਸਰਕਾਰੀ ਅਤੇ ਗੈਰ ਸਰਕਾਰੀ ਸੰਗਠਨਾਂ ਨੂੰ ਮਿਲਕੇ ਦਲਿਤਾਂ ਨਾਲ ਹੋ ਰਹੇ ਵਿਤਕਰੇ ਨੂੰ ਖਤਮ ਕਰਨ ਲਈ ਕੰਮ ਕਰਨਾ ਚਾਹੀਦਾ ਹੈ ਤਾਂ ਜੋ ਸਾਡੇ ਰਹਿਵਰਾਂ ਵਲੋਂ ਵੇਖੇ ਗਏ ਸੁਪਨਿਆਂ ਵਾਲਾ ਸਮਾਜ ਬਣ ਸਕੇ ਅਤੇ ਅਪ੍ਰੈਲ ਮਹੀਨਾ ਜਿਸਨੂੰ ਦਲਿਤ ਇਤਿਹਾਸ ਮਹੀਨਾ ਘੋਸ਼ਿਤ ਕੀਤਾ ਗਿਆ ਹੈ ਦੀ ਮਹੱਤਤਾ ਕਾਇਮ ਰਹਿ ਸਕੇ।

# ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਸਟੈਚੂ ਦੀ ਬੇਅਦਬੀ ਕਰਨ ਵਾਲਿਆਂ ਨੂੰ ਮਿਲੇ ਸਖਤ ਤੋਂ ਸਖਤ ਸਜ਼ਾ-ਬਲਿਹਾਰ ਸੰਧੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 12 ਅਪਰੈਲ INTERNATIONAL PAPER, 94636 01616 hardipchumber57@gmail.com

ਫਿਲੌਰ/ਅੱਪਰਾ (ਦੀਪਾ)-ਬੀਤੇ ਦਿਨੀਂ ਕੁਝ ਸ਼ਰਾਰਤੀ ਅਨਸਰਾਂ ਵਲੋਂ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਸਟੈਚੂ ਉੱਪਰ ਕੁਝ ਸ਼ਰਾਰਤੀ ਅਨਸਰਾਂ ਵਲੋਂ ਇਤਰਾਜਯੋਗ ਸ਼ਬਦ ਲਿਖ ਕੇ ਉਨਾਂ ਦਾ ਨਿਰਾਦਰ ਕੀਤਾ ਗਿਆ ਸੀ | ਫਿਲੌਰ ਪੁਲਿਸ ਵਲੋਂ ਤਰੁੰਤ ਐਕਸ਼ਨ ਲੈਂਦੇ ਹੋਏ ਦੋ ਕਥਿਤ ਦੋਸ਼ੀਆਂ ਨੂੰ ਕਾਬੂ ਵੀ ਕਰ ਲਿਆ ਗਿਆ ਸੀ | ਇਸ ਸੰਬੰਧ ‘ਚ ਗੱਲਬਾਤ ਕਰਦਿਆਂ ਅੰਬੇਡਕਰੀ ਆਗੂ ਬਲਿਹਾਰ ਸੰਧੀ ਨੇ ਕਿਹਾ ਕਿ ਉਕਤ ਕਥਿਤ ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜਾਵਾਂ ਦੇਣੀਆਂ ਚਾਹੀਦੀਆਂ ਤਾਂ ਕਿ ਉਹ ਭਵਿੱਖ ‘ਚ ਕੋਈ ਵੀ ਅਜਿਹੀ ਕੋਝੀ ਹਰਕਤ ਨਾ ਕਰਨਾ | ਉਨਾਂ ਅੱਗੇ ਕਿਹਾ ਕਿ ਖਾਲਿਸਤਾਨੀ ਗੁਰਪੰਤ ਸਿੰਘ ਪੰਨੂੰ ਦੇ ਖਿਲਾਫ਼ ਵੀ ਕੇਂਦਰ ਸਰਕਾਰ ਨੂੰ ਸਖਤ ਐਕਸ਼ਨ ਲੈਣਾ ਚਾਹੀਦਾ ਹੈ, ਜੋ ਵਿਦੇਸ਼ ‘ਚ ਬੈਠਾ ਪੰਜਾਬ ਦਾ ਮਾਹੌਲ ਖਰਾਬ ਕਰ ਰਿਹਾ ਹੈ | ਬਲਿਹਾਰ ਸੰਧੀ ਨੇ ਕਿਹਾ ਕਿ ਭਾਰਤ ਰਤਨ ਬਾਬਾ ਸਾਹਿਬ ਉਨਾਂ ਦੇ ਬਹੁਤ ਹੀ ਸਤਿਕਾਰਤ ਰਹਿਬਰ ਹਨ | ਇਸ ਲਈ



ਉਨਾਂ ਦੇ ਖਿਲਾਫ਼ ਕੋਈ ਵੀ ਇਤਰਾਜਯੋਗ ਸ਼ਬਦਾਵਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ |

# *ਪੰਜਾਬ ਸਰਕਾਰ ਵੱਲੋਂ ਵਿਭਾਗੀ ਭਰਤੀਆਂ ਕਰਨ ਥਾਂ ਸੇਵਾ ਵਾਧੇ ਨੂੰ ਦਿੱਤੀ ਜਾ ਰਹੀ ਪਹਿਲ

## *ਨਵੇਂ ਡਾਕਟਰਾਂ ਤੇ ਪ੍ਰੋਫ਼ੈਸਰਾਂ ਦੀ ਕੀਤੀ ਜਾਵੇ ਭਰਤੀ,,* ਡੀ., ਟੀ,. ਐੱਫ.

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 12 ਅਪਰੈਲ INTERNATIONAL PAPER, 94636 01616 hardipchumber57@gmail.com

ਮਾਨਸਾ 12 ਅਪ੍ਰੈਲ (ਆਤਮਾ ਸਿੰਘ ਪਮਾਰ) ਪੰਜਾਬ ਦੀ ਆਪ ਸਰਕਾਰ ਵੱਲੋਂ ਲੋਕ ਵਿਰੋਧੀ ਫੈਸਲਿਆਂ ਨੂੰ ਲੋਕ ਪੱਖੀ ਚਾਸ਼ਣੀ ਵਿੱਚ ਡਬੋ ਕੇ ਪੇਸ਼ ਕੀਤਾ ਜਾ ਰਿਹਾ ਹੈ ਜਿਸ ਦੀ ਅਸਲੀਅਤ ਦੀ ਪੋਲ ਲੋਕਾਂ ਸਾਹਵੇਂ ਖੁੱਲ ਚੁੱਕੀ ਹੈ।ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਅਤੇ ਸੂਬਾ ਜਨਰਲ ਸਕੱਤਰ ਰੇਸ਼ਮ ਸਿੰਘ ਬਠਿੰਡਾ ਦੀ ਅਗਵਾਈ ਵਿੱਚ ਡੀ ਟੀ ਐਫ਼ ਜਿਲ੍ਹਾ ਮਾਨਸਾ ਦੇ ਪ੍ਰਧਾਨ ਕਰਮਜੀਤ ਤਾਮਕੋਟ ਅਤੇ ਹਰਜਿੰਦਰ ਅਨੂਪਗੜ੍ਹ ਨੇ ਪੰਜਾਬ ਕੈਬਨਿਟ ਵੱਲੋਂ ਹਾਲ ਹੀ ਵਿੱਚ ਮੈਡੀਕਲ ਖੇਤਰ ਵਿੱਚ ਕੀਤੇ ਗਏ ਫੈਸਲਿਆਂ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਵੱਖ-ਵੱਖ ਵਿਭਾਗਾਂ ਵਿੱਚ ਨਵੀਆਂ ਭਰਤੀਆਂ ਕਰਨ ਦੀ ਬਜਾਏ ਕੇਵਲ ਸੇਵਾ ਵਾਧਾ ਕਰਕੇ ਹੀ ਡੰਗ ਟਪਾਈ ਕਰ ਰਹੀ ਹੈ। ਉਹਨਾਂ ਕਿਹਾ ਕਿ ਮੈਡੀਕਲ ਕਾਲਜ ਦੇ ਪ੍ਰੋਫੈਸਰਾਂ ਦੀ ਸੇਵਾ ਮੁਕਤੀ ਦੀ ਉਮਰ ਵਧਾ ਕੇ ਅਤੇ ਡਾਕਟਰਾਂ ਨੂੰ ਸੇਵਾ ਮੁਕਤੀ ਤੋਂ ਬਾਅਦ ਠੇਕੇ ਤੇ ਭਰਤੀ ਕਰਕੇ ਸੂਬਾ ਸਰਕਾਰ ਪੰਜਾਬ ਦੇ ਬੇਰੁਜ਼ਗਾਰ ਨੌਜਵਾਨਾਂ ਨੂੰ ਬੇਰੁਜ਼ਗਾਰੀ ਦੀ ਭੱਠੀ ਵਿੱਚ ਝੋਕਣਾ ਚਾਹੁੰਦੀ ਹੈ।ਡੀ ਟੀ ਐਫ਼ ਦੇ ਸੀਨੀਅਰ ਆਗੂਆਂ ਰਾਜਵਿੰਦਰ ਸਿੰਘ ਬੈਹਣੀਵਾਲ, ਗੁਰਬਚਨ ਹੀਰੇਵਾਲਾ, ਗੁਰਪ੍ਰੀਤ ਭੀਖੀ ਨੇ ਦੋਸ਼ ਲਾਇਆ ਕਿ ਦਿੱਲੀ ਮਾਡਲ ਦਾ ਗੁਣ ਗਾਣ ਕਰਨ ਵਾਲੀ ਆਪ ਸਰਕਾਰ ਸਿੱਖਿਆ ਤੇ ਸਿਹਤ ਦੇ ਖੇਤਰ ਵਿੱਚ ਬੁਰੀ ਤਰ੍ਹਾਂ ਫੇਲ ਹੋਈ ਹੈ ਉਹਨਾਂ ਕਿਹਾ ਕਿ ਆਪ ਸਰਕਾਰ ਦਾ ਡਰੀਮ ਪ੍ਰੋਜੈਕਟ ਮੁਹੱਲਾ ਕਲੀਨਕ ਬਗੈਰ ਡਾਕਟਰਾਂ ਦੇ ਚੱਲ ਰਿਹਾ ਹੈ ।ਜਥੇਬੰਦੀ ਦੇ ਆਗੂਆਂ ਨਿਧਾਨ ਸਿੰਘ, ਸ਼ਿੰਗਾਰਾ ਸਿੰਘ, ਤਰਸੇਮ ਬੋੜਾਵਾਲ, ਹਰਫੂਲ ਸਿੰਘ, ਰਾਜਿੰਦਰ ਸਿੰਘ ਨੇ ਕਿਹਾ ਕਿ ਇਨ੍ਹਾਂ ਕਲੀਨਿਕਾਂ ਵਿੱਚ ਕੰਮ ਚਲਾਉਣ ਲਈ ਵੱਖ-ਵੱਖ ਹਸਪਤਾਲਾਂ ਵਿੱਚ ਕੰਮ ਕਰਦੇ ਡਾਕਟਰਾਂ ਨੂੰ ਡੈਪੂਟੇਸ਼ਨ ਤੇ ਭੇਜਿਆ ਜਾ ਰਿਹਾ ਹੈ ਪੇਂਡੂ ਖੇਤਰਾਂ ਵਿੱਚ ਲਗਭਗ ਤਿੰਨ ਤੋਂ ਚਾਰ ਹਜ਼ਾਰ ਦੀ ਆਬਾਦੀ ਪਿੱਛੇ ਇੱਕ ਵੀ ਡਾਕਟਰ ਨਹੀਂ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਸੂਬਾ ਭਰ ਵਿੱਚ ਠੇਕਾ ਸਿਸਟਮ ਅਤੇ ਆਊਟਸੋਰਸਿੰਗ ਪ੍ਰਣਾਲੀ ਨੂੰ ਧੜੱਲੇ ਨਾਲ ਲਾਗੂ ਕਰ ਰਹੀ ਹੈ। ਅਧਿਆਪਕ ਆਗੂਆਂ ਨੇ ਮੰਗ ਕੀਤੀ ਕਿ ਸਾਰੇ ਵਿਭਾਗਾਂ ਵਿੱਚ ਸਮੇਤ ਸਿਹਤ ਅਤੇ ਸਿੱਖਿਆ ਵਿਭਾਗ ਦੇ, ਸੇਵਾ ਵਾਧਾ ਬੰਦ ਕਰਕੇ ਨਵੇਂ ਬੇਰੁਜ਼ਗਾਰ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਦਿੱਤੇ ਜਾਣ।ਇਸ ਮੌਕੇ ਅਮਰੀਕ ਬੋਹਾ,ਰਾਜ ਸਿੰਘ,ਨਵਜੋਸ਼ ਸਪੋਲੀਆ,ਸੰਦੀਪ ਧਰਮਪੁਰਾ,ਗੁਰਦੀਪ ਬਰਨਾਲਾ , ਚਰਨਪਾਲ ਸਿੰਘ, ਜਸਵਿੰਦਰ ਹਾਕਮਵਾਲਾ,ਬਲਕਾਰ ਸਿੰਘ, ਗੁਰਦੀਪ ਝੰਡੂਕੇ, ਸੁਖਚੈਨ ਸੇਖੋਂ, ਜਗਦੇਵ ਸਿੰਘ, ਮੱਘਰ ਸਿੰਘ, ਜਗਪਾਲ ਸਿੰਘ, ਅਰਵਿੰਦਰ ਸਿੰਘ, ਕੁਲਵਿੰਦਰ ਜੋਗਾ, ਅਮਨਦੀਪ ਕੌਰ, ਬੇਅੰਤ ਕੌਰ, ਖੁਸ਼ਵਿੰਦਰ ਕੌਰ , ਅਮਰਪ੍ਰੀਤ ਕੌਰ,ਨਿਰਲੇਪ ਕੌਰ,ਮਨਵੀਰ ਕੌਰ, ਗੁਰਜੀਤ ਮਾਨਸਾ,ਅਮਰਜੀਤ ਸਿੰਘ,ਸੁਖਵਿੰਦਰ ਗਾਮੀਵਾਲਾ, ਜਸਵਿੰਦਰ ਕਾਮਰੇਡ, ਰੋਹਿਤ ਬੁਰਜ ਹਰੀ, ਹਰਵਿੰਦਰ ਸਮਾਓ, ਮਨਦੀਪ ਕੁਮਾਰ ਆਦਿ ਅਧਿਆਪਕ ਆਗੂ ਵੀ ਹਾਜ਼ਰ ਸਨ|

# ਵਿਸਾਖੀ ਦਾ ਤਿਉਹਾਰ ਪੂਰੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 12 ਅਪਰੈਲ
INTERNATIONAL PAPER, 94636 01616
hardipchumber57@gmail.com



ਮਸਤੂਆਣਾ ਸਾਹਿਬ,12 ਅਪ੍ਰੈਲ (ਜਗਸੀਰ ਲੌਂਗੋਵਾਲ)-

ਸੰਤ ਅਤਰ ਸਿੰਘ ਅਕਾਲ ਅਕੈਡਮੀ, ਮਸਤੂਆਣਾ ਸਾਹਿਬ ਨੇ ਹਾਲ ਹੀ ਵਿੱਚ ਵਿਸਾਖੀ ਦੇ ਪਵਿੱਤਰ ਤਿਉਹਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ। ਇਸ ਸਮਾਗਮ ਵਿੱਚ ਵਿਦਿਆਰਥੀਆਂ ਦੁਆਰਾ ਪ੍ਰੇਰਨਾਦਾਇਕ ਪਾਠ ਅਤੇ ਪ੍ਰਦਰਸ਼ਨ ਕੀਤੇ ਗਏ। 11ਵੀਂ ਜਮਾਤ ਦੇ ਜਸ਼ਨਪ੍ਰੀਤ ਸਿੰਘ ਨੇ ਸ਼੍ਰੀ ਜਪੁਜੀ ਸਾਹਿਬ, ਚੌਪਈ ਸਾਹਿਬ ਅਤੇ ਅਨੰਦ ਸਾਹਿਬ ਦੇ ਦਿਲਕਸ਼ ਪਾਠਾਂ ਨਾਲ ਸਰੋਤਿਆਂ ਨੂੰ ਮੰਤਰਮੁਗਧ ਕੀਤਾ। 6ਵੀਂ ਜਮਾਤ ਦੇ ਹਰਨੂਰ ਸਿੰਘ ਨੇ ਆਪਣੇ ਜਥੇ ਸਮੇਤ “ਖਾਲਸਾ ਮੇਰਾ ਰੂਪ ਹੈ ਖਾਸ” ਸ਼ਬਦ ਦਾ ਰੂਹ ਨੂੰ ਛੂਹ ਲੈਣ ਵਾਲਾ ਪ੍ਰਦਰਸ਼ਨ ਕੀਤਾ। ਜਸਲੀਨਜੋਤ ਕੌਰ ਨੇ “ਅੰਮ੍ਰਿਤ ਪੀਓ ਸਦਾ ਚਿਰ ਜੀਓ” ਦਾ ਗਾਇਨ ਕੀਤਾ, ਜਦੋਂ ਕਿ 8ਵੀਂ ਜਮਾਤ ਦੀ ਅਵਨੀਤ ਕੌਰ ਨੇ ਆਪਣੇ ਜਥੇ ਸਮੇਤ ਇੱਕ ਹੋਰ ਸੁੰਦਰ ਸ਼ਬਦ ਗਾਇਨ ਕੀਤਾ। 5ਵੀਂ ਜਮਾਤ ਦੇ ਗੁਰਵਿੰਦਰ ਸਿੰਘ ਨੇ “ਸਿੱਖੀ ਦਾ ਬੂਟਾ” ਦੇ ਗਾਇਨ ਨਾਲ ਆਪਣੀ ਕਾਵਿਕ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਦਸਵੀਂ ਜਮਾਤ ਦੀ ਗੁਰਲੀਨ ਕੌਰ ਨੇ ਵਿਸਾਖੀ ਦੇ ਇਤਿਹਾਸ ਅਤੇ ਮਹੱਤਵ ਬਾਰੇ ਇੱਕ ਵਿਆਪਕ ਬਿਰਤਾਂਤ ਸਾਂਝਾ ਕੀਤਾ, ਜਿਸ ਦਾ ਮਕਸਦ ਵਿਦਿਆਰਥੀਆਂ ਨੂੰ ਸਿੱਖ ਧਰਮ ਵਿੱਚ ਇਸ ਤਿਉਹਾਰ ਦੀ ਮਹੱਤਤਾ ਅਤੇ ਖਾਲਸਾ ਪੰਥ ਦੇ ਸਿਰਜਣਾਂ ਨਾਲ ਇਸ ਤਿਉਹਾਰ ਦੇ ਸਬੰਧ ਬਾਰੇ ਚਾਨਣਾ ਪਾਉਣਾ ਸੀ। ਪ੍ਰਿੰਸੀਪਲ ਸ੍ਰੀ ਵਿਜੇ ਪਲਾਹਾ ਨੇ ਕਿਹਾ “ਸਕੂਲ ਪ੍ਰਬੰਧਨ ਵੱਲੋਂ, ਸਾਡੇ ਵਿਦਿਆਰਥੀਆਂ ਅਤੇ ਸਟਾਫ਼ ਨੂੰ ਵਿਸਾਖੀ ਦੇ ਖੁਸ਼ੀ ਭਰੇ ਮੌਕੇ ‘ਤੇ ਵਧਾਈ ਦਿੰਦਾ ਹਾਂ। ਇਹ ਸ਼ੁਭ ਤਿਉਹਾਰ ਸਾਰਿਆਂ ਲਈ ਸ਼ਾਂਤੀ, ਖੁਸ਼ਹਾਲੀ ਅਤੇ ਖੁਸ਼ੀਆਂ ਲਿਆਵੇ। ਅਤੇ ਅਸੀਂ ਸਾਡੇ ਵਿਦਿਆਰਥੀਆਂ ਦੀ ਸ਼ਲਾਘਾ ਕਰਦੇ ਹਾਂ ਜਿਨ੍ਹਾਂ ਨੇ ਇਸ ਜਸ਼ਨ ਵਿੱਚ ਹਿੱਸਾ ਲਿਆ, ਆਪਣੀ ਪ੍ਰਤਿਭਾ ਅਤੇ ਸ਼ਰਧਾ ਦਾ ਪ੍ਰਦਰਸ਼ਨ ਕੀਤਾ। ਜਸ਼ਨ ਦਾ ਅਖ਼ੀਰ ਵਿਚ ਸਰਬੱਤ ਦੇ ਭਲੇ ਦੀ ਪਵਿੱਤਰ ਅਰਦਾਸ ਨਾਲ ਹੋਇਆ, ਜਿਸ ਨਾਲ ਮਾਹੌਲ ਅਧਿਆਤਮਿਕ ਊਰਜਾ ਅਤੇ ਸ਼ਰਧਾ ਨਾਲ ਭਰ ਗਿਆ। ਇਸ ਤੋਂ ਬਾਅਦ ਵਿਦਿਆਰਥੀਆਂ ਵਿੱਚ ਇੰਟਰ ਹਾਊਸ ਦਸਤਾਰ ਸਜਾਉਣ ਦੇ ਮੁਕਾਬਲੇ ਹੋਏ।ਜਿਸ ਵਿੱਚ ਸੀਨੀਅਰ ਗਰੁੱਪ ਅਤੇ ਜੂਨੀਅਰ ਗਰੁੱਪ ਦੇ ਮੁਕਾਬਲੇ ਵੀ ਕਰਵਾਏ ਗਏ। ਦਸਤਾਰ ਸਜਾਉਣ ਮੁਕਾਬਲੇ ਦਾ ਨਤੀਜੇ ਵਿੱਚ ਸੀਨੀਅਰ ਗਰੁੱਪ ਦੇ ਸਾਹਿਬਜ਼ਾਦਾ ਫਤਿਹ ਸਿੰਘ ਹਾਊਸ ਦੇ ਪ੍ਰਭਦੀਪ ਸਿੰਘ 10ਵੀਂ ਜਮਾਤ ਨੇ ਪਹਿਲਾ, ਸਾਹਿਬਜ਼ਾਦਾ ਅਜੀਤ ਸਿੰਘ ਹਾਊਸ ਦੇ ਕਰਨਵੀਰ ਸਿੰਘ 12ਵੀਂ ਜਮਾਤ ਨੇ ਦੂਸਰਾ, ਸਾਹਿਬਜ਼ਾਦਾ ਫਤਿਹ ਸਿੰਘ ਹਾਊਸ ਦੇ ਜਪਦੀਪ ਸਿੰਘ 10ਵੀਂ ਜਮਾਤ ਨੇ ਤੀਸਰਾ ਸਥਾਨ ਅਤੇ ਖੁਸ਼ਦੀਪ ਸਿੰਘ 9ਵੀਂ ਜਮਾਤ ਨੇ ਹੌਂਸਲਾ ਅਫਜ਼ਾਈ ਇਨਾਮ ਪ੍ਰਾਪਤ ਕੀਤਾ। ਇਨਾਮ ਪ੍ਰਾਪਤ ਕਰਨ ਵਾਲਿਆਂ ਵਿਚੋਂ ਜੂਨੀਅਰ ਗਰੁੱਪ ਦੇ ਸਾਹਿਬਜ਼ਾਦਾ ਜੁਝਾਰ ਸਿੰਘ ਹਾਊਸ ਦੇ ਜਸਪ੍ਰੀਤ ਸਿੰਘ 8ਵੀਂ ਜਮਾਤ ਨੇ ਪਹਿਲਾ, ਸਾਹਿਬਜ਼ਾਦਾ ਜੁਝਾਰ ਸਿੰਘ ਹਾਊਸ ਦੇ ਪ੍ਰਭਵੀਰ ਸਿੰਘ 8ਵੀਂ ਜਮਾਤ ਨੇ ਦੂਸਰਾ, ਸਾਹਿਬਜ਼ਾਦਾ ਜੋਰਾਵਰ ਸਿੰਘ ਹਾਊਸ ਦੇ ਗੁਰਫਤਿਹ ਸਿੰਘ 8ਵੀਂ ਜਮਾਤ ਨੇ ਤੀਸਰਾ ਸਥਾਨ ਅਤੇ ਦਮਨਵੀਰ ਸਿੰਘ 7ਵੀਂ ਜਮਾਤ ਨੇ ਹੌਂਸਲਾ ਅਫਜ਼ਾਈ ਇਨਾਮ ਪ੍ਰਾਪਤ ਕੀਤਾ।

# ਲੋਕ ਇਨਸਾਫ਼ ਮੰਚ ਤਹਿਸੀਲ ਫਿਲੌਰ ਵਲੋਂ 14 ਅਪ੍ਰੈਲ ਨੂੰ ਕੱਢੇ ਜਾ ਰਹੇ ‘ਸੰਵਿਧਾਨ ਬਚਾਓ ਚੇਤਨਾ ਮਾਰਚ’ ਦੀਆਂ ਤਿਆਰੀਆਂ ਮੁਕੰਮਲ

## ਸੰਵਿਧਾਨ ਬਚਾਓ ਚੇਤਨਾ ਮਾਰਚ ਵਿੱਚ ਸੈਕੜੇ ਮੋਟਰਸਾਈਕਲ ਤੇ ਹੋਰ ਵਾਹਨ ਹੋਣਗੇ ਸ਼ਾਮਲ ਤੇ ਪਿੰਡਾਂ ਵਿੱਚ ਦਿੱਤਾ ਜਾਵੇਗਾ ਸੰਵਿਧਾਨ ਬਚਾਉਣ ਦਾ ਹੋਕਾ-ਆਗੂ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 12 ਅਪਰੈਲ
INTERNATIONAL PAPER, 94636 01616
hardipchumber57@gmail.com




ਫਿਲੌਰ/ਅੱਪਰਾ (ਦੀਪਾ)- ਲੋਕ ਇਨਸਾਫ਼ ਮੰਚ ਤਹਿਸੀਲ ਫਿਲੌਰ ਵਲੋਂ ਡਾਕਟਰ ਬੀ ਆਰ ਅੰਬੇਡਕਰ ਜੀ ਦੇ 134ਵੇਂ ਜਨਮ ਦਿਨ ਮੌਕੇ ਤਹਿਸੀਲ ਪੱਧਰੀ ਸੰਵਿਧਾਨ ਬਚਾਓ ਚੇਤਨਾ ਮਾਰਚ 14 ਅਪ੍ਰੈਲ ਨੂੰ ਕੱਢਣ ਦਾ ਫ਼ੈਸਲਾ ਕੀਤਾ ਹੈ। ਇਸ ਸੰਬੰਧੀ ਫਿਲੌਰ ਵਿੱਚ ਹੋਈ ਪ੍ਰੈੱਸ ਕਾਨਫਰੰਸ ਦੌਰਾਨ ਲੋਕ ਇਨਸਾਫ਼ ਮੰਚ ਤਹਿਸੀਲ ਫਿਲੌਰ ਦੇ ਆਗੂਆਂ ਪ੍ਰਧਾਨ ਜਰਨੈਲ ਫਿਲੌਰ, ਮੁੱਖ ਬੁਲਾਰੇ ਐਡਵੋਕੇਟ ਸੰਜੀਵ ਭੌਰਾ, ਸਕੱਤਰ ਪਰਸ਼ੋਤਮ ਫਿਲੌਰ, ਸੀਨੀਅਰ ਮੀਤ ਪ੍ਰਧਾਨ ਮਾਸਟਰ ਹੰਸ ਰਾਜ, ਵਿੱਤ ਸਕੱਤਰ ਡਾਕਟਰ ਸੰਦੀਪ ਕੁਮਾਰ, ਪ੍ਰੈੱਸ ਸਕੱਤਰ ਜਸਵੰਤ ਬੋਧ, ਕੌਰ ਕਮੇਟੀ ਮੈਬਰ ਡਾਕਟਰ ਅਸ਼ੋਕ ਕੁਮਾਰ, ਜਸਵੰਤ ਬੌਧ,ਰਾਮਜੀ ਦਾਸ ਗੰਨਾ ਪਿੰਡ ,ਸੁਰਿੰਦਰ ਮਾਹਲਾ , ਹਨੀ ਸੰਤੋਖਪੁਰਾ ,ਸੁਨੀਲ ਗੰਨਾਪਿੰਡ , ਕੁਲਦੀਪ ਲੰਬੜਦਾਰ ,ਰਜਿੰਦਰ ਕੁਮਾਰ ਰਾਜੂ , ਪ੍ਰੈਸ ਨੂੰ ਸੰਬੋਧਨ ਕੀਤਾ

ਆਦਿ ਆਗੂਆਂ ਨੇ ਦੱਸਿਆ ਕਿ 14 ਅਪ੍ਰੈਲ ਨੂੰ ਸੰਵਿਧਾਨ ਬਚਾਓ ਚੇਤਨਾ ਮਾਰਚ ਦੀਆਂ ਪਿੰਡਾਂ ਵਿੱਚ ਸਾਰੀਆਂ ਤਿਆਰੀਆਂ ਮੁਕੰਮਲ ਹੋ ਗਈਆਂ ਹਨ। ਆਗੂਆਂ ਨੇ ਦੱਸਿਆ ਕਿ ਮੋਟਰ ਸਾਇਕਲ ਮਾਰਚ ਮਿਤੀ 14 ਅਪ੍ਰੈਲ ਨੂੰ ਡਾਕਟਰ ਅੰਬੇਡਕਰ ਚੌਂਕ ਫਿਲੌਰ ਵਿਖੇ ਬਾਬਾ ਸਾਹਿਬ ਜੀ ਨੂੰ ਫੁੱਲ ਮਲਾਵਾਂ ਭੇਂਟ ਕਰਨ ਉਪਰੰਤ ਸ਼ੁਰੂ ਕੀਤਾ ਜਾਵੇਗਾ ਜਿਸ ਵਿੱਚ ਤਹਿਸੀਲ ਫਿਲੌਰ ਦੇ ਪਿੰਡਾਂ ਵਿੱਚੋਂ ਸੈਕੜੇ ਮੋਟਰ ਸਾਇਕਲ ਅਤੇ ਹੋਰ ਵਾਹਨ ਸ਼ਾਮਲ ਹੋਣਗੇ। ਇਸ ਮੌਕੇ ਆਗੂਆਂ ਨੇ ਕਿਹਾ ਕਿ ਇਸ ਮਾਰਚ ਦੀ ਸਫ਼ਲਤਾ ਲਈ ਇੱਕ ਦਰਜਨ ਤੋਂ ਵੱਧ ਪਿੰਡਾਂ ਵਿੱਚ ਭਰਵੀਆਂ ਮੀਟਿੰਗਾਂ ਕੀਤੀਆਂ ਗਈਆਂ ਜਿਸ ਵਿਚ ਸੈਕੜੇ ਲੋਕਾਂ ਵਲੋਂ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਨੂੰ ਸਹਿਮਤੀ ਦਿੱਤੀ।

ਸੰਵਿਧਾਨ ਬਚਾਓ ਚੇਤਨਾ ਮਾਰਚ ਦੇ ਰੂਟ ਬਾਰੇ ਆਗੂਆਂ ਨੇ ਦੱਸਿਆ ਕਿ ਅੰਬੇਡਕਰ ਚੌਂਕ ਫਿਲੌਰ ਤੋਂ ਮਾਰਚ ਸ਼ੁਰੂ ਹੋ ਕੇ ਕਿਲ੍ਹਾ ਰੋਡ ਫਿਲੌਰ ਤੋਂ ਸਾਰੇ ਸ਼ਹਿਰ ਫਿਲੌਰ ਦੀ ਪ੍ਰਕਰਮਾ ਕਰਦਾ ਹੋਇਆ ਮੁਹੱਲਾ ਚੌਂਧਰੀਆਂ ਰਾਹੀਂ ਪਿੰਡ ਗੜਾ, ਤੋਂ ਨਵਾਂਸ਼ਹਿਰ ਰੋਡ ਤੋਂ ਬਾਈਪਾਸ ਰਾਹੀਂ ਭਗਵਾਨ ਮਈਆ ਜੀ ਡੇਰੇ ਕੋਲੋਂ ਮੁੜ ਕੇ ਜੀ ਟੀ ਰੋਡ ਤੋਂ ਪਿੰਡ ਰਾਮਗੜ੍ਹ, ਪਿੰਡ ਨੰਗਲ ਤੋਂ ਗੁਰੂ ਰਵਿਦਾਸ ਮਹਾਰਾਜ ਚੌਂਕ ਤੋਂ ਹੁੰਦਾਂ ਹੋਇਆ ਗੁਰੂ ਰਵਿਦਾਸ ਮੰਦਿਰ ਨੂਰ ਮਹਿਲ ਰੋਡ ਫਿਲੌਰ ਰਵੀਦਾਸ ਪੁਰਾ ਫਿਲੌਰ ਵਿਖੇ ਸਮਾਪਤ ਹੋਵੇਗਾ।

ਆਗੂਆਂ ਨੇ ਦੱਸਿਆ ਕਿ ਮੌਜੂਦਾ ਸਮੇਂ ਵਿੱਚ ਦੇਸ਼ ਵਿਰੋਧੀ ਤਾਕਤਾਂ ਆਪਸੀ ਭਾਈਚਾਰੇ ਨੂੰ ਤੋੜਨ ਲਈ ਯਤਨਸ਼ੀਲ ਹਨ ਜਿਸ ਦਾ ਮੂੰਹ ਤੋੜਵਾਂ ਜਵਾਬ ਦਿੱਤਾ ਜਾਵੇਗਾ ਅਤੇ ਭਾਈਚਾਰਕ ਸਾਂਝਾਂ ਕਾਇਮ ਰੱਖਣ ਲਈ ਪਿੰਡ ਪਿੰਡ ਹੋਕਾ ਦਿੱਤਾ ਜਾਵੇਗਾ। ਆਗੂਆਂ ਨੇ ਕਿਹਾ ਕੇਂਦਰ ਅਤੇ ਪੰਜਾਬ ਦੀਆਂ ਸਰਕਾਰਾਂ ਭਾਰਤੀ ਸੰਵਿਧਾਨ ਨੂੰ ਖਤਮ ਕਰਨ ਵੱਲ ਵੱਧ ਰਹੀਆਂ ਹਨ ਅਤੇ ਭਾਰਤੀ ਸੰਵਿਧਾਨ ਦੇ ਨਿਯਮਾਂ ਦੀ ਲਗਾਤਾਰ ਅਵੱਗਿਆ ਕਰਕੇ ਲੋਕਤੰਤਰ ਨੂੰ ਪੁਲਿਸਤੰਤਰ ਵਿੱਚ ਬਦਲਿਆ ਜਾ ਰਿਹਾ ਹੈ ਅਤੇ ਸ਼ਾਂਤਮਈ ਅੰਦੋਲਨ ਕਰਨ ਵਾਲਿਆਂ ਦੀ ਜੁਬਾਨ ਬੰਦ ਕਰਨ ਲਈ ਓਹਨਾਂ ਤੇ ਕਾਲ਼ੇ ਕਾਨੂੰਨ ਲਾਗੂ ਕਰਕੇ ਜੇਲ੍ਹਾਂ ਵਿੱਚ ਡੱਕਿਆ ਜਾ ਰਿਹਾ ਹੈ। ਇਸ ਕਰਕੇ ਮੁੱਖ ਮਸਲਾ ਸੰਵਿਧਾਨ ਨੂੰ ਬਚਾਉਣ ਦਾ ਹੈ, ਅਗਰ ਸਵਿਧਾਨ ਹੀ ਨਾ ਬਚਿਆ ਤਾਂ ਦੇਸ਼ ਟੁੱਟ ਜਾਵੇਗਾ। ਇਸ ਮੌਕੇ ਆਗੂਆਂ ਨੇ ਸਮੂਹ ਲੋਕਾਂ ਨੂੰ ਅਪੀਲ ਕੀਤੀ ਕਿ ਵੱਧ ਚੜ੍ਹਕੇ ਸੰਵਿਧਾਨ ਬਚਾਓ ਚੇਤਨਾ ਮਾਰਚ ਵਿੱਚ ਹਿੱਸਾ ਲਿਆ ਜਾਵੇ।

# ਰਾਸ਼ਟਰੀ ਸਿੱਖਿਆ ਨੀਤੀ 2020 ਦੇ ਅਨੁਸਾਰ ਭਾਰਤੀ ਗਿਆਨ ਪ੍ਰਣਾਲੀ” ਵਿਸ਼ੇ ‘ਤੇ ਵਰਕਸ਼ਾਪ ਦਾ ਆਯੋਜਨ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 12 ਅਪਰੈਲ
INTERNATIONAL PAPER, 94636 01616
hardipchumber57@gmail.com



ਲੌਂਗੋਵਾਲ,12 ਅਪ੍ਰੈਲ (ਜਗਸੀਰ ਸਿੰਘ)- ਸੰਤ ਲੌਂਗੋਵਾਲ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ (ਸਲਾਈਟ) ਵਿਖੇ ਅੱਜ “ਰਾਸ਼ਟਰੀ ਸਿੱਖਿਆ ਨੀਤੀ 2020 ਦੇ ਅਨੁਸਾਰ ਭਾਰਤੀ ਗਿਆਨ ਪ੍ਰਣਾਲੀ” ਵਿਸ਼ੇ ‘ਤੇ ਇੱਕ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਹ ਪ੍ਰੋਗਰਾਮ ਭਾਰਤੀ ਸਿੱਖਿਆ ਮੰਡਲ, ਪੰਜਾਬ ਦੇ ਸਹਿਯੋਗ ਨਾਲ ਆਯੋਜਿਤ ਕੀਤਾ ਗਿਆ ਸੀ, ਜਿਸ ਵਿੱਚ ਫੈਕਲਟੀ ਮੈਂਬਰਾਂ, ਖੋਜਕਰਤਾਵਾਂ ਅਤੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਇਸ ਵਰਕਸ਼ਾਪ ਨੂੰ ਉੱਘੇ ਬੁਲਾਰਿਆਂ ਨੇ ਸੰਬੋਧਨ ਕੀਤਾ। ਆਈਆਈਟੀ ਰੋਪੜ ਦੇ ਡਾਇਰੈਕਟਰ ਅਤੇ ਭਾਰਤੀ ਸਿੱਖਿਆ ਮੰਡਲ (ਪੰਜਾਬ) ਦੇ ਚੇਅਰਮੈਨ ਪ੍ਰੋ. ਰਾਜੀਵ ਆਹੂਜਾ ਨੇ ਆਪਣੇ ਮੁੱਖ ਭਾਸ਼ਣ ਵਿੱਚ ਕਿਹਾ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ (ਏ ਆਈ) ਅਤੇ ਹੋਰ ਆਧੁਨਿਕ ਤਕਨੀਕੀ ਤਰੱਕੀਆਂ ਦੇ ਬਾਵਜੂਦ, ਪ੍ਰਾਚੀਨ ਭਾਰਤੀ ਉਸਾਰੀਆਂ, ਇਮਾਰਤਾਂ ਅਤੇ ਆਰਕੀਟੈਕਚਰ ਦੀ ਤਾਕਤ ਅਤੇ ਸ਼ਾਨ ਅਜੇ ਵੀ ਬੇਮਿਸਾਲ ਉਦਾਹਰਣਾਂ ਪੇਸ਼ ਕਰਦੀ ਹੈ। ਉਨ੍ਹਾਂ ਨੌਜਵਾਨਾਂ ਨੂੰ ਗਿਆਨ ਦੇ ਇਨ੍ਹਾਂ ਰਵਾਇਤੀ ਸਰੋਤਾਂ ਤੋਂ ਪ੍ਰੇਰਨਾ ਲੈਣ ਦਾ ਸੱਦਾ ਦਿੱਤਾ। ਉੱਘੇ ਸਮਾਜ ਸੇਵਕ ਸ਼੍ਰੀ ਰਵਿੰਦਰ ਜੋਸ਼ੀ ਨੇ ਸੰਤ, ਪੰਥ ਅਤੇ ਗ੍ਰੰਥ ਪਰੰਪਰਾ ਦੀ ਮਹੱਤਤਾ ‘ਤੇ ਚਾਨਣਾ ਪਾਉਂਦਿਆਂ ਕਿਹਾ ਕਿ ਇਹ ਪਰੰਪਰਾ ਭਾਰਤੀ ਸਮਾਜ ਦੀ ਅਧਿਆਤਮਿਕ, ਸਮਾਜਿਕ ਅਤੇ ਦਾਰਸ਼ਨਿਕ ਨੀਂਹ ਨੂੰ ਦਰਸਾਉਂਦੀ ਹੈ, ਜੋ ਅੱਜ ਵੀ ਏਕਤਾ ਅਤੇ ਸਦਭਾਵਨਾ ਨੂੰ ਪ੍ਰੇਰਿਤ ਕਰਦੀ ਹੈ। ਸਲਾਈਟ ਲੌਂਗੋਵਾਲ ਦੇ ਡਾਇਰੈਕਟਰ ਪ੍ਰੋ. ਮਣੀਕਾਂਤ ਪਾਸਵਾਨ ਨੇ ਮਹਿਮਾਨਾਂ ਅਤੇ ਭਾਗੀਦਾਰਾਂ ਦਾ ਸਵਾਗਤ ਕਰਦੇ ਹੋਏ, ਆਪਣੇ ਸੰਬੋਧਨ ਵਿੱਚ, ਕੁੰਭ ਮੇਲੇ ਦੇ ਵਿਗਿਆਨਕ ਅਤੇ ਤਰਕਪੂਰਨ ਆਧਾਰ ‘ਤੇ ਵਿਸਥਾਰ ਨਾਲ ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਇਹ ਮਹਾਨ ਅਧਿਆਤਮਿਕ ਘਟਨਾ ਗ੍ਰਹਿਆਂ ਦੀ ਸਥਿਤੀ ਅਤੇ ਆਕਾਸ਼ੀ ਚੱਕਰਾਂ ਦੁਆਰਾ ਨਿਰਧਾਰਤ ਕੀਤੀ ਜਾਂਦੀ ਹੈ, ਜੋ ਭਾਰਤ ਦੀ ਅਮੀਰ ਖਗੋਲ ਅਤੇ ਵਾਤਾਵਰਣ ਗਿਆਨ ਪਰੰਪਰਾ ਨੂੰ ਦਰਸਾਉਂਦੀ ਹੈ। ਇਸ ਮੌਕੇ ਡਾ. ਤਪਨ ਕੁਮਾਰ ਸਾਹੂ, ਪ੍ਰਿੰਸੀਪਲ, ਐਸ.ਡੀ. ਕਾਲਜ ਆਫ਼ ਐਜੂਕੇਸ਼ਨ, ਬਰਨਾਲਾ ਅਤੇ ਮੈਂਬਰ, ਐਨਏਏਸੀ, ਬੰਗਲੁਰੂ ਨੇ ਵੀ ਵਰਕਸ਼ਾਪ ਵਿੱਚ ਹਿੱਸਾ ਲਿਆ ਅਤੇ ਸਵਦੇਸ਼ੀ ਗਿਆਨ, ਸੱਭਿਆਚਾਰਕ ਸਾਖਰਤਾ ਅਤੇ “ਗੀਤਾ - ਸਨਾਤਨ ਧਰਮ ਦਾ ਸੰਵਿਧਾਨ” ਦੀ ਮਹੱਤਤਾ ‘ਤੇ ਮਾਹਰ ਬੁਲਾਰਿਆਂ ਨਾਲ ਡੂੰਘਾਈ ਨਾਲ ਚਰਚਾ ਕੀਤੀ। ਉਨ੍ਹਾਂ ਨੇ ਭਗਵਦ ਗੀਤਾ ਦੀਆਂ ਸਿੱਖਿਆਵਾਂ ਦੇ ਵਿਦਿਆਰਥੀਆਂ ਦੇ ਜੀਵਨ ਵਿੱਚ ਖਾਸ ਕਰਕੇ ਪ੍ਰਭਾਵ ਅਤੇ ਉਪਯੋਗਤਾ ‘ਤੇ ਜ਼ੋਰ ਦਿੱਤਾ। ਪ੍ਰੋ. ਚਰਚਾ ਨੂੰ ਅੱਗੇ ਵਧਾਉਂਦੇ ਹੋਏ, ਰਾਜੀਵ ਆਹੂਜਾ ਨੇ ਐਸ.ਡੀ. ਕਾਲਜ ਆਫ਼ ਐਜੂਕੇਸ਼ਨ ਬਰਨਾਲਾ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਆਈਆਈਟੀ ਰੋਪੜ ਦਾ ਦੌਰਾ ਕਰਨ ਦਾ ਸੱਦਾ ਦਿੱਤਾ, ਜਿੱਥੇ ਹਾਲ ਹੀ ਵਿੱਚ ਗੀਤਾ ‘ਤੇ ਅਧਾਰਤ ਇੱਕ ਵਿਸ਼ੇਸ਼ ਕੋਰਸ ਸ਼ੁਰੂ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਪਹਿਲਕਦਮੀ ਦਾ ਉਦੇਸ਼ ਆਧੁਨਿਕ ਵਿਗਿਆਨ ਅਤੇ ਭਾਰਤੀ ਗਿਆਨ ਪਰੰਪਰਾ ਵਿਚਕਾਰ ਤਾਲਮੇਲ ਨੂੰ ਉਤਸ਼ਾਹਿਤ ਕਰਨਾ ਹੈ। ਇਹ ਵਰਕਸ਼ਾਪ ਭਾਰਤੀ ਗਿਆਨ ਪ੍ਰਣਾਲੀ ਦੀਆਂ ਦਾਰਸ਼ਨਿਕ ਬੁਨਿਆਦਾਂ ਅਤੇ ਆਧੁਨਿਕ ਸਿੱਖਿਆ ਵਿੱਚ ਇਸਦੇ ਵਿਹਾਰਕ ਉਪਯੋਗਾਂ ਨੂੰ ਸਮਝਣ ਲਈ ਇੱਕ ਸ਼ਾਨਦਾਰ ਪਲੇਟਫਾਰਮ ਸਾਬਤ ਹੋਈ। ਇਸਨੇ ਵਿਦਿਅਕ ਸੰਸਥਾਵਾਂ ਨੂੰ ਰਾਸ਼ਟਰੀ ਸਿੱਖਿਆ ਨੀਤੀ 2020 ਦੇ ਅਨੁਸਾਰ ਭਾਰਤ ਦੀ ਪ੍ਰਾਚੀਨ ਗਿਆਨ ਪਰੰਪਰਾ ਦੇ ਅਨੁਸਾਰ ਆਪਣੇ ਪਾਠਕ੍ਰਮ ਨੂੰ ਇਕਸਾਰ ਕਰਨ ਲਈ ਪ੍ਰੇਰਿਤ ਕੀਤਾ। ਪ੍ਰੋਗਰਾਮ ਦਾ ਸਮਾਪਨ ਧੰਨਵਾਦ ਅਤੇ ਭਾਰਤ ਦੀਆਂ ਸਦੀਵੀ, ਵਿਗਿਆਨਕ ਅਤੇ ਨੈਤਿਕ ਪਰੰਪਰਾਵਾਂ ਵਿੱਚ ਡੂੰਘੀਆਂ ਜੜ੍ਹਾਂ ਵਾਲੀ ਸੰਪੂਰਨ ਸਿੱਖਿਆ ਨੂੰ ਉਤਸ਼ਾਹਿਤ ਕਰਨ ਦੇ ਸਮੂਹਿਕ ਸੰਕਲਪ ਨਾਲ ਹੋਇਆ।

# ਇਤਿਹਾਸਕ ਦਮੜੀ ਯਾਤਰਾ ਤੇ ਪਹੁੰਚੀਆਂ ਦੇਸ਼ ਵਿਦੇਸ਼ ਦੀਆਂ ਹਜ਼ਾਰਾਂ ਸੰਗਤਾਂ ਦਾ ਧੰਨਬਾਦ -ਸੰਤ ਸਰਵਣ ਦਾਸ ਬੋਹਣ, ਸੰਤ ਨਿਰਮਲ ਦਾਸ ਬਾਬੇਜੌੜੇ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 12 ਅਪਰੈਲ
INTERNATIONAL PAPER, 94636 01616
hardipchumber57@gmail.com



ਹੁਸ਼ਿਆਰਪੁਰ 12 ਅਪ੍ਰੈਲ ( ਤਰਸੇਮ ਦੀਵਾਨਾ ) ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਦੀ ਵਿਸ਼ੇਸ਼ ਮੀਟਿੰਗ ਚੇਅਰਮੈਨ ਸੰਤ ਸਰਵਣ ਦਾਸ ਬੋਹਣ , ਸੰਤ ਨਿਰਮਲ ਦਾਸ ਬਾਬੇਜੌੜੇ ਪ੍ਰਧਾਨ ਦੀ ਪ੍ਰਧਾਨਗੀ ਹੇਠ ਡੇਰਾ ਸੰਤ ਸੀਤਲ ਦਾਸ ਬੋਹਣ ਵਿਖੇ ਹੋਈ। ਇਸ ਮੌਕੇ ਸੁਸਾਇਟੀ ਦੇ ਸਮੂਹ ਸੰਤਾਂ, ਮਹਾਂਪੁਰਸ਼ਾਂ ਵਲੋਂ ਇਤਿਹਾਸਕ ਬੇਗਮਪੁਰਾ ਦਮੜੀ ਸ਼ੋਭਾ ਯਾਤਰਾ ਵਿੱਚ ਪਹੁੰਚੀਆਂ ਦੇਸ਼ ਵਿਦੇਸ਼ ਦੀਆਂ ਹਜਾਰਾਂ ਸੰਗਤਾਂ, ਪ੍ਰਬੰਧਕਾਂ, ਪੰਜਾਬ,ਉਤਰਾਖੰਡ ਸਰਕਾਰ, ਪੁਲਿਸ, ਪ੍ਰਸ਼ਾਸ਼ਨ ਦਾ ਧੰਨਬਾਦ ਕੀਤਾ ਜਿਨਾਂ ਨੇ ਸ਼ੋਭਾ ਯਾਤਰਾ ਦੌਰਾਨ ਬਹੁਤ ਸੁਚੱਜੇ ਪ੍ਰਬੰਧ ਕੀਤੇ ਅਤੇ ਪੰਜਾਬ, ਹਿਮਾਚਲ,ਹਰਿਆਣਾ,ਯੂ ਪੀ, ਦਿੱਲੀ,ਉਤਰਾਖੰਡ ਅਤੇ ਵੱਖ ਵੱਖ ਸੂਬਿਆਂ ਤੋਂ ਸਮਾਗਮਾਂ ਵਿੱਚ ਸ਼ਰਧਾ ਪੂਰਵਕ ਸ਼ਾਮਲ ਹੋਈਆਂ ਹਜਾਰਾਂ ਸੰਗਤਾਂ ਜਿਨਾਂ ਨੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 648ਵੇਂ ਪ੍ਰਕਾਸ਼ ਪੁਰਬ ਦੀਆਂ ਖੁਸ਼ੀਆਂ ਵਿਚ ਸ਼ਾਮਲ ਹੋ ਕੇ ਏਕਤਾ ਤੇ ਭਾਈਚਾਰੇ ਦਾ ਸਬੂਤ ਦਿੱਤਾ। ਇਸ ਮੌਕੇ ਚੇਅਰਮੈਨ ਸੰਤ ਸਰਵਣ ਦਾਸ , ਪ੍ਰਧਾਨ ਸੰਤ ਨਿਰਮਲ ਦਾਸ ਬਾਬੇ ਜੋੜੇ ਨੇ ਕਿਹਾ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਚਰਨਛੋਹ ਪ੍ਰਾਪਤ ਅਸਥਾਨ ਸ੍ਰੀ ਗੁਰੂ ਰਵਿਦਾਸ ਬੇਗਮਪੁਰਾ ਨਿਰਮਲਾ ਛਉਣੀ ਆਸ਼ਰਮ ਹਰਿਦੁਆਰ, ਸ੍ਰੀ ਗੁਰੂ ਰਵਿਦਾਸ ਬੇਗਮਪੁਰਾ ਸਦਨ ਸ੍ਰੀ ਖੁਰਾਲਗੜ ਦੀ ਨਵ ਉਸਾਰੀ ਦੇ ਚੱਲ ਰਹੇ ਕਾਰਜਾਂ ਵਿੱਚ ਸੰਗਤਾਂ ਵਲੋਂ ਦਿੱਤੇ ਜਾ ਰਹੇ ਅਥਾਹ ਪਿਆਰ ਤੇ ਸਹਿਯੋਗ ਲਈ ਵੀ ਸੁਸਾਇਟੀ ਵਲੋਂ ਧੰਨਬਾਦ ਹੈ। ਇਸ ਮੌਕੇ , ਸੰਤ ਪਰਮਜੀਤ ਦਾਸ ਨਗਰ ਕੈਸ਼ੀਅਰ, ਭੈਣ ਸੰਤੋਸ਼ ਕੁਮਾਰੀ ਬਿਲਡਿੰਗ ਇੰਚਾਰਜ, ਸੰਤ ਬਲਵੰਤ ਸਿੰਘ ਡਿੰਗਰੀਆਂ, ਮਹੰਤ ਪ੍ਰਸ਼ੋਤਮ ਲਾਲ ਚੱਕ ਹਕੀਮ , ਸੰਤ ਧਰਮਪਾਲ ਸ਼ੇਰਗੜ, ਸੰਤ ਰਮੇਸ਼ ਦਾਸ ਡੇਰਾ ਕਲਰਾਂ ਸ਼ੇਰਪੁਰ, ਸੰਤ ਜਗੀਰ ਸਿੰਘ ਸਰਬੱਤ ਭਲਾ ਆਸ਼ਰਮ ਨੰਦਾਚੌਰ, ਸੰਤ ਕੁਲਦੀਪ ਦਾਸ ਬਸੀ ਮਰੂਫ, ਸੰਤ ਬੀਬੀ ਕੁਲਦੀਪ ਕੌਰ ਮਹਿਨਾ, ਸੰਤ ਮਨਜੀਤ ਦਾਸ ਵਿਛੋਹੀ,ਬਾਬਾ ਬਲਕਾਰ ਸਿੰਘ ਤੱਗੜ ਵਡਾਲਾ, ਸੰਤ ਗੁਰਮੀਤ ਦਾਸ,ਸੰਤ ਰਜੇਸ਼ ਦਾਸ ਬਜਵਾੜਾ ਵੀ ਹਾਜਰ ਸਨ।

# ਐਮ.ਐਲ.ਜੀ. ਕਾਨਵੈਂਟ ਸਕੂਲ ਵਿਖੇ ਪੂਰੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਵਿਸਾਖੀ ਦਾ ਤਿਉਹਾਰ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 12 ਅਪਰੈਲ
INTERNATIONAL PAPER, 9463601616
hardipchumber57@gmail.com




ਚੀਮਾਂ ਮੰਡੀ,12 ਅਪ੍ਰੈਲ (ਜਗਸੀਰ ਲੌਂਗੋਵਾਲ)- ਇਲਾਕੇ ਦੀ ਨਾਮਵਰ ਸੰਸਥਾ ਐਮ ਐਲ ਜੀ ਕਾਨਵੈਂਟ ਸਕੂਲ (ਸੀ ਬੀ ਐਸ ਸੀ ਨਵੀ ਦਿੱਲੀ ਤੋਂ ਮਾਨਤਾ ਪ੍ਰਾਪਤ) ਦੇ ਕੈਂਪਸ ਵਿੱਚ ਵਿਸਾਖੀ ਦਾ ਤਿਉਹਾਰ ਬੜੇ ਧੂਮਧਾਮ ਨਾਲ ਮਨਾਇਆ ਗਿਆ। ਇਸ ਸਮੇਂ ਪ੍ਰੋਗਰਾਮ ਦੇ ਸ਼ੁਰੂਆਤ ਵਿੱਚ ਬੱਚਿਆ ਨੇ ਵਿਸਾਖੀ ਦਾ ਮਹੱਤਵ ਦੱਸਿਆ ਅਤੇ ਸਬਦ ਗਾਇਣ ਕੀਤਾ।ਇਸ ਮੌਕੇ ਸਕੂਲ ਵਿੱਚ ਪੰਜਾਬੀ ਸਭਿਆਚਾਰ ਦੀ ਇੱਕ ਝਲਕ ਪੇਸ਼ ਕੀਤੀ ਗਈ ਤੇ ਵਿਦਿਆਰਥੀਆਂ ਨੇ ਢੋਲ ਦੀ ਤਾਲ ਤੇ ਪੰਜਾਬ ਦਾ ਮੁੱਖ ਨਾਚ ਭੰਗੜਾ ਅਤੇ ਗਿੱਧਾ ਪੇਸ਼ ਕੀਤਾ ਅਤੇ ਸਾਰਿਆਂ ਦਾ ਮਨ ਮੋਹ ਲਿਆ ਤੇ ਬੱਚਿਆਂ ਨੂੰ ਅਲੋਪ ਹੋ ਰਹੇ ਪੰਜਾਬੀ ਸਭਿਆਚਾਰ ਨਾਲ ਜਾਣੂ ਕਰਵਾਇਆ ਗਿਆ, ਰੰਗ-ਬਿਰੰਗੇ ਪੰਜਾਬੀ ਪਹਿਰਾਵੇ 'ਚ ਸੱਜੇ ਬੱਚਿਆਂ ਨੇ ਪੰਜਾਬੀ ਲੋਕ ਨਾਚ ਭੰਗੜਾ ਪੇਸ਼ ਕਰ ਕੇ ਸਭ ਦਾ ਮਨ ਮੋਹ ਲਿਆ। ਵਿਦਿਆਰਥੀਆਂ ਵਲੋਂ ਪੰਜਾਬੀ ਸਭਿਅਚਾਰ ਅਤੇ ਸੰਸਕ੍ਰਿਤੀ ਦੀ ਪ੍ਰਦਰਸ਼ਨੀ ਵੀ ਲਗਾਈ ਗਈ। ਇਸ ਸਮੇ ਬੱਚਿਆਂ ਵਲੋਂ ਹੱਥਾਂ ਨਾਲ ਤਿਆਰ ਕੀਤੇ ਸੁੰਦਰ ਛੱਜ, ਉਨ ਤੋਂ ਬਣੇ ਪੰਜਾਬੀ ਗਹਿਣੇ, ਮਟਕੀਆਂ, ਪੱਖੀਆਂ ਤੇ ਹੋਰ ਕਈ ਵਸਤਾਂ ਵਿਸ਼ੇਸ਼ ਆਕਰਸ਼ਨ ਦਾ ਕੇਂਦਰ ਸਨ,ਪ੍ਰਿੰਸੀਪਲ ਡਾ. ਵਿਕਾਸ ਸੂਦ ਨੇ ਬੱਚਿਆ ਨੂੰ ਵਿਸਾਖੀ ਦੇ ਪਾਵਨ ਤਿਉਹਾਰ ਦੀ ਵਧਾਈ ਦਿੱਤੀ। ਉਨਾਂ ਕਿਹਾ ਕਿ ਪੰਜਾਬ ਵਿਚ ਇਤਿਹਾਸਕ ਵਿਸਾਖੀ ਤਿਓਹਾਰ ਦਾ ਧਾਰਮਿਕ ਤੇ ਸਮਾਜਿਕ ਮਹੱਤਵ ਹੈ,ਇਹ ਦਿਨ ਦੇਸ਼ ਦੇ ਸ਼ਹੀਦਾਂ ਨੂੰ ਯਾਦ ਕਰਨ ਦਾ ਦਿਨ ਵੀ ਹੈ, ਕਿਉਕਿ ਇਸੇ ਦਿਨ 1919 'ਚ ਜਲਿਆਂਵਾਲੇ ਬਾਗ ਵਿਚ ਜਨਰਲ ਡਾਇਰ ਨੇ ਨਿਰਦੋਸ਼ ਭਾਰਤੀਆਂ 'ਤੇ ਗੋਲੀਆਂ ਚਲਾ ਕੇ ਹਜ਼ਾਰਾਂ ਲੋਕਾਂ ਨੂੰ ਸ਼ਹੀਦ ਕਰ ਦਿੱਤਾ ਸੀ,ਉਸ ਦਿਨ ਨੂੰ ਯਾਦ ਕਰ ਕਰਕੇ ਅੱਜ ਵੀ ਦੇਸ਼ ਦੇ ਲੋਕਾਂ ਦਾ ਖੂਨ ਖੌਲ ਉਠਦਾ ਹੈ । ਉਹਨਾ ਦੱਸਿਆ ਕਿ ਮਾਨਵਤਾ ਦੀ ਰੱਖਿਆ ਤੇ ਅਤਿਆਚਾਰ ਦਾ ਨਾਸ਼ ਕਰਨ ਲਈ ਇਸੇ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਨੂੰ ਖਾਲਸਾ ਪੰਥ ਦੀ ਸਥਾਪਨਾ ਕੀਤੀ ਸੀ। ਦੇਸ਼ ਦੇ ਅੰਨਦਾਤਾ ਕਿਸਾਨ ਇਸੇ ਦਿਨ ਆਪਣੇ ਖੇਤਾਂ 'ਚ ਖੜ੍ਹੀ ਕਣਕ ਦੀ ਸੁਨਹਿਰੀ ਫਸਲ ਦੀ ਕਟਾਈ ਸ਼ੁਰੂ ਕਰਦੇ ਹਨ ਅਤੇ ਭੰਗੜਾ ਪਾ ਕੇ ਆਪਣੀ ਖੁਸ਼ੀ ਦਾ ਇਜ਼ਹਾਰ ਕਰਦੇ ਹਨ। ਸਕੂਲ ਮੈਨੇਜਮੈਂਟ ਨੇ ਵਿਦਿਆਰਥੀਆਂ ਦੁਆਰਾ ਕੀਤੀਆਂ ਗਈਆਂ ਗਤੀਵਿਧੀਆਂ ਦੀ ਸ਼ਲਾਘਾ ਕੀਤੀ ਅਤੇ ਸਮੂਹ ਸਟਾਫ ਤੇ ਵਿਦਿਆਰਥੀਆਂ ਨੂੰ ਵਿਸਾਖੀ ਦੇ ਤਿਉਹਾਰ ਦੀ ਵਧਾਈ ਦਿੱਤੀ। ਇਸ ਮੌਕੇ ਮੈਨੇਜਮੈਂਟ ਮੈਂਬਰ ਸੋਨੀਆ ਰਾਣੀ, ਮਧੂ ਰਾਣੀ, ਰਜਿੰਦਰ ਕੁਮਾਰ, ਹੈਪੀ ਕੁਮਾਰ, ਪ੍ਰਿੰਸੀਪਲ ਡਾ. ਵਿਕਾਸ ਸੂਦ ਅਤੇ ਸਮੂਹ ਸਟਾਫ ਮੌਜੂਦ ਸਨ।

# ਡਾ. ਭੀਮ ਰਾਓ ਅੰਬੇਦਕਰ ਜੀ ਦੇ 134ਵੇਂ ਜਨਮ ਦਿਹਾੜੇ ਮੌਕੇ 14 ਅਪ੍ਰੈਲ ਨੂੰ ਸਰਕਾਰੀ ਰਣਬੀਰ ਕਾਲਜ ਵਿਖੇ ਹੋਵੇਗਾ ਜ਼ਿਲ੍ਹਾ ਪੱਧਰੀ ਸਮਾਗਮ

## ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਮੁੱਖ ਮਹਿਮਾਨ ਵਜੋਂ ਕਰਨਗੇ ਸ਼ਿਰਕਤ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 12 ਅਪਰੈਲ
INTERNATIONAL PAPER, 9463601616
hardipchumber57@gmail.com

ਦਲਜੀਤ ਕੌਰ

ਸੰਗਰੂਰ, 12 ਅਪ੍ਰੈਲ, 2025: ਪੰਜਾਬ ਸਰਕਾਰ ਵੱਲੋਂ ਭਾਰਤੀ ਸੰਵਿਧਾਨ ਦੇ ਨਿਰਮਾਤਾ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਦੇ 134ਵੇਂ ਜਨਮ ਦਿਵਸ ਦੇ ਮੌਕੇ 14 ਅਪ੍ਰੈਲ ਨੂੰ ਸਰਕਾਰੀ ਰਣਬੀਰ ਕਾਲਜ ਦੇ ਆਡੀਟੋਰੀਅਮ ਵਿੱਚ ਜ਼ਿਲ੍ਹਾ ਪੱਧਰੀ ਸਮਾਗਮ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫਸਰ ਸੁਖ ਸਾਗਰ ਸਿੰਘ ਨੇ ਦੱਸਿਆ ਕਿ ਇਸ ਜ਼ਿਲ੍ਹਾ ਪੱਧਰੀ ਸਮਾਗਮ ਵਿੱਚ ਪੰਜਾਬ ਦੇ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਣਗੇ ਜਦਕਿ ਵਿਧਾਇਕ ਸ਼੍ਰੀਮਤੀ ਨਰਿੰਦਰ ਕੌਰ ਭਰਾਜ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਉਨਾਂ ਦੱਸਿਆ ਕਿ ਇਸ ਸਮਾਗਮ ਦੀ ਪ੍ਰਧਾਨਗੀ ਡਿਪਟੀ ਕਮਿਸ਼ਨਰ ਸ੍ਰੀ ਸੰਦੀਪ ਰਿਸ਼ੀ ਵੱਲੋਂ ਕੀਤੀ ਜਾਵੇਗੀ। ਉਹਨਾਂ ਇਹ ਵੀ ਦੱਸਿਆ ਕਿ ਜ਼ਿਲ੍ਹਾ ਪੱਧਰੀ ਸਮਾਗਮ ਦੌਰਾਨ ਬੁਲਾਰਿਆਂ ਵੱਲੋਂ ਡਾ. ਭੀਮ ਰਾਓ ਅੰਬੇਦਕਰ ਜੀ ਦੇ ਜੀਵਨ ਬਾਰੇ ਜਾਣਕਾਰੀ ਦਿੱਤੀ ਜਾਵੇਗੀ ਜਦਕਿ ਵਿਦਿਆਰਥੀ ਅਤੇ ਫੈਕਲਟੀ ਮੈਂਬਰ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਬਾਰੇ ਆਪਣੇ ਵਿਚਾਰ ਸਾਂਝੇ ਕਰਨਗੇ।

# ਡਾ. ਰਾਜਕੁਮਾਰ ਚੱਬੇਵਾਲ ਨੇ ਵਾਰਡ ਨੰਬਰ 9 ਵਰਿੰਦਰ ਪਾਰਕ ਵਿਖੇ ਕੀਤਾ ਪਾਰਟੀ ਦਫਤਰ ਦਾ ਉਦਘਾਟਨ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 12 ਅਪਰੈਲ
INTERNATIONAL PAPER, 9463601616
hardipchumber57@gmail.com




ਫਗਵਾੜਾ 12 ਅਪ੍ਰੈਲ (ਸ਼ਿਵ ਕੌੜਾ) ਲੋਕਸਭਾ ਹਲਕਾ ਹੁਸ਼ਿਆਰਪੁਰ ਤੋਂ ਮੈਂਬਰ ਪਾਰਲੀਮੈਂਟ ਡਾ. ਰਾਜਕੁਮਾਰ ਚੱਬੇਵਾਲ ਨੇ ਅੱਜ ਸ਼ਹਿਰ ਦੇ ਵਾਰਡ ਨੰਬਰ 9 ਸਥਿਤ ਵਰਿੰਦਰ ਪਾਰਕ ਮੇਹਲੀ ਗੇਟ ਵਿਖੇ ਪਾਰਟੀ ਦਫਤਰ ਦਾ ਉਦਘਾਟਨ ਕੀਤਾ। ਉਹਨਾਂ ਦੇ ਨਾਲ ਆਪ ਪਾਰਟੀ ਦੇ ਸੂਬਾ ਸਪੋਕਸ ਪਰਸਨ ਹਰਨੂਰ ਸਿੰਘ ਹਰਜੀ ਮਾਨ, ਮੇਅਰ ਰਾਮਪਾਲ ਉੱਪਲ, ਯੋਜਨਾ ਬੋਰਡ ਜਿਲ੍ਹਾ ਕਪੂਰਥਲਾ ਦੇ ਚੇਅਰਪਰਸਨ ਲਲਿਤ ਸਕਲਾਨੀ, ਸੀਨੀਅਰ ਆਗੂ ਦਲਜੀਤ ਸਿੰਘ ਰਾਜੂ ਅਤੇ ਵਰੁਣ ਬੰਗੜ ਸਰਪੰਚ ਚੱਕ ਹਕੀਮ ਵਿਸ਼ੇਸ਼ ਤੌਰ ਤੇ ਮੋਜੂਦ ਰਹੇ। ਡਾ. ਚੱਬੇਵਾਲ ਨੇ ਕਿਹਾ ਆਮ ਆਦਮੀ ਪਾਰਟੀ ਅਤੇ ਸੂਬੇ ਦੀ ਭਗਵੰਤ ਮਾਨ ਸਰਕਾਰ ਦਾ ਮਕਸਦ ਹਰੇਕ ਵਰਡ ਦੇ ਵਸਨੀਕਾਂ ਦੀਆਂ ਮੁਸ਼ਕਲਾਂ ਦਾ ਢੁਕਵਾਂ ਹੱਲ ਕਰਵਾਉਣਾ ਹੈ। ਵਾਰਡ ਨੰਬਰ 9 ਦੇ ਵਸਨੀਕ ਪ੍ਰਸ਼ਾਸਨ ਦੇ ਨਾਲ ਜੁੜੀਆਂ ਮੁਸ਼ਕਲਾਂ ਦੀ ਜਾਣਕਾਰੀ ਇਸ ਦਫਤਰ ਵਿਖੇ ਦੇ ਸਕਦੇ ਹਨ। ਜਨਤਾ ਦੀ ਹਰ ਮੁਸ਼ਕਿਲ ਦਾ ਢੁਕਵਾਂ ਹਲ ਕਰਵਾਇਆ ਜਾਵੇਗਾ। ਉਹਨਾਂ ਕਿਹਾ ਕਿ ਜੇਕਰ ਕਿਸੇ ਯੋਗ ਲਾਭਪਾਤਰੀ ਨੂੰ ਕਿਸੇ ਸਰਕਾਰੀ ਸੁਵਿਧਾ ਦਾ ਲਾਭ ਲੈਣ ਵਿਚ ਮੁਸ਼ਕਲ ਆ ਰਹੀ ਹੋਵੇ ਤਾਂ ਉਹ ਦਫਤਰ ਵਿਖੇ ਸੰਪਰਕ ਕਰ ਸਕਦੇ ਹਨ। ਇਸ ਦੌਰਾਨ ਦਫਤਰ ਇੰਚਾਰਜ ਅਤੇ ਆਮ ਆਦਮੀ ਪਾਰਟੀ ਸਟੂਡੈਂਟ ਵਿੰਗ ਦੇ ਪ੍ਰਧਾਨ ਦੀਪਕ ਕਪਤਾਨ ਨੇ ਭਰੋਸਾ ਦਿੱਤਾ ਕਿ ਉਹ ਵਾਰਡ ਵਾਸੀਆਂ ਦੀ ਹਰ ਮੁਸ਼ਕਲ ਦਾ ਢੁਕਵਾਂ ਹਲ ਕਰਵਾਉਣਗੇ। ਇਸ ਤੋਂ ਇਲਾਵਾ ਸਟੂਡੈਂਟ ਵਿੰਗ ਦੇ ਪ੍ਰਧਾਨ ਦੇ ਨਾਤੇ ਵੱਧ ਤੋਂ ਵੱਧ ਨੌਜਵਾਨ ਵਿਦਿਆਰਥੀਆਂ ਨੂੰ ਵੀ ਪਾਰਟੀ ਨਾਲ ਜੋੜਨਗੇ। ਵਿਦਿਅਕ ਅਦਾਰਿਆਂ, ਪ੍ਰਸ਼ਾਸਨ, ਕਾਰਪੋਰੇਸ਼ਨ ਅਤੇ ਹੋਰ ਸਰਕਾਰੀ ਅਦਾਰਿਆਂ ਨਾਲ ਸਬੰਧਤ ਜਨਤਾ ਦੀਆਂ ਮੁਸ਼ਕਲਾਂ ਦੂਰ ਕਰਵਾਉਣਾ ਉਹਨਾਂ ਦੀ ਮੁਢਲੀ ਪ੍ਰਾਥਮਿਕਤਾ ਰਹੇਗੀ। ਇਸ ਮੌਕੇ ਬਲਵਿੰਦਰ ਕੁਮਾਰ, ਸਰਬਜੀਤ ਕੌਰ, ਜਨਕ ਰਾਜ ਤੋਂ ਇਲਾਵਾ ਵੱਡੀ ਗਿਣਤੀ ਵਿਚ ਆਪ ਪਾਰਟੀ ਦੇ ਵਰਕਰ ਹਾਜਰ ਸਨ।

# ਪੰਨੂ ਵੱਲੋਂ ਡਾ. ਭੀਮ ਰਾਓ ਅੰਬੇਡਕਰ ਜੀ ਖਿਲਾਫ਼ ਕੀਤੀ ਟਿੱਪਣੀ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੇ ਹਾਂ—ਵਿਧਾਇਕ ਪ੍ਰਿੰਸੀਪਲ ਬੁੱਧ ਰਾਮ/ਸਿੰਗਲਾ

## ਵਿਧਾਇਕਾਂ ਵੱਲੋਂ ਆਪਸੀ ਭਾਈਵਾਲਤਾ ਬਣਾਈ ਰੱਖਣ ਦੀ ਅਪੀਲ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 12 ਅਪਰੈਲ
INTERNATIONAL PAPER, 9463601616
hardipchumber57@gmail.com



ਮਾਨਸਾ, 12 ਅਪ੍ਰੈਲ :( ਡਾ.ਸੰਦੀਪ ਘੰਡ) ਪਿਛਲੇ ਦਿਨੀਂ ਗੁਰਪਤਵੰਤ ਸਿੰਘ ਪੰਨੂ ਵੱਲੋਂ ਸੰਵਿਧਾਨ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਜੀ ਦੇ ਖਿਲਾਫ਼ ਕੀਤੀ ਬਿਆਨਬਾਜ਼ੀ ਦੀ ਅਸੀਂ ਸਖ਼ਤ ਨਿਖੇਧੀ ਕਰਦੇ ਹਾਂ।ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਅੱਜ ਸਥਾਨਕ ਮੰਡੀ ਬੋਰਡ ਦੇ ਰੈਸਟ ਹਾਊਸ ਵਿਖੇ ਮਾਨਸਾ ਜ਼ਿਲ੍ਹੇ ਦੇ ਤਿੰਨੋਂ ਹਲਕਾ ਵਿਧਾਇਕਾਂ, ਹਲਕਾ ਵਿਧਾਇਕ ਬੁਢਲਾਡਾ ਪ੍ਰਿੰਸੀਪਲ ਸ਼੍ਰੀ ਬੁੱਧ ਰਾਮ, ਹਲਕਾ ਵਿਧਾਇਕ ਮਾਨਸਾ ਡਾ. ਵਿਜੈ ਸਿੰਗਲਾ ਅਤੇ ਹਲਕਾ ਵਿਧਾਇਕ ਸਰਦੂਲਗੜ੍ਹ ਸ਼੍ਰੀ ਗੁਰਪ੍ਰੀਤ ਸਿੰਘ ਬਣਾਂਵਾਲੀ ਨੇ ਸਾਂਝੇ ਤੌਰ *ਤੇ ਕੀਤੀ ਪ੍ਰੈਸ ਕਾਨਫਰੰਸ ਦੌਰਾਨ ਕੀਤਾ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਅਤੇ ਪ੍ਰਸ਼ਾਸ਼ਨ ਅਜਿਹੇ ਸਮਾਜ ਵਿਰੋਧੀ ਅਨਸਰਾਂ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਮੁਸਤੈਦ ਹੈ।ਇਸ ਮੌਕੇ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਮਾਨਸਾ ਸ਼੍ਰੀ ਚਰਨਜੀਤ ਸਿੰਘ ਅੱਕਾਂਵਾਲੀ, ਡਾ. ਭਰਪੂਰ ਸਿੰਘ ਅਤੇ ਬਲਦੇਵ ਸਿੰਘ ਵੀ ਮੌਜੂਦ ਸਨ।

ਹਲਕਾ ਵਿਧਾਇਕ ਬੁਢਲਾਡਾ ਪ੍ਰਿੰਸੀਪਲ ਸ਼੍ਰੀ ਬੁੱਧ ਰਾਮ ਜੀ ਨੇ ਕਿਹਾ ਕਿ ਡਾ. ਭੀਮ ਰਾਓ ਅੰਬੇਡਕਰ ਜੀ ਸਿਰਫ਼ ਦਲਿਤਾਂ ਦੇ ਹੀ ਨਹੀਂ ਬਲਕਿ ਸਮੁੱਚੇ ਭਾਰਤ ਦੇ ਹਰ ਵਰਗ ਦੇ ਹਰਮਨ ਪਿਆਰੇ ਹਨ।ਉਨ੍ਹਾਂ ਦੁਆਰਾ ਲਿਖੇ ਸੰਵਿਧਾਨ ਦੀ ਵਿਸ਼ੇਸ਼ਤਾਂ ਹੈ ਕਿ ਪਿਛਲੇ 75 ਸਾਲਾਂ ਤੋਂ ਭਾਰਤ ਦੀ ਸਮੁੱਚੀ ਪ੍ਰਕ੍ਰਿਆ ਸੰਵਿਧਾਨ ਦੇ ਅਨੁਸਾਰ ਹੀ ਚੱਲ ਰਹੀ ਹੈ ਕਿਉਕਿ ਇਸ ਵਿੱਚ ਹਰ ਵਰਗ ਦੇ ਅਧਿਕਾਰਾਂ ਦੀ ਗੱਲ ਕੀਤੀ ਗਈ ਹੈ ਅਤੇ ਅਜਿਹੀ ਮਹਾਨ ਸਖ਼ਸ਼ੀਅਤ ਦੇ ਖਿਲਾਫ਼ ਗੁਰਪਤਵੰਤ ਸਿੰਘ ਪੰਨੂ ਵੱਲੋਂ ਜੋ ਗਲਤ ਟਿੱਪਣੀ ਕੀਤੀ ਗਈ ਹੈ ਜਿਸਨੂੰ ਕਿਸੇ ਵੀ ਕੀਮਤ *ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਪੰਜਾਬ ਵਾਸੀ ਕਿਸੇ ਵੀ ਤਰ੍ਹਾਂ ਦੀਆਂ ਧਮਕੀਆਂ ਤੋਂ ਨਹੀਂ ਡਰਨਗੇ ਅਤੇ 14 ਅਪ੍ਰੈਲ ਨੂੰ ਵੱਡੇ ਪੱਧਰ *ਤੇ ਡਾ. ਭੀਮ ਰਾਓ ਅੰਬੇਡਕਰ ਜੀ ਦਾ ਜਨਮ ਦਿਹਾੜਾ ਮਨਾਇਆ ਜਾਵੇਗਾ।

ਹਲਕਾ ਵਿਧਾਇਕ ਮਾਨਸਾ ਡਾ. ਵਿਜੈ ਸਿੰਗਲਾ ਨੇ ਕਿਹਾ ਕਿ ਡਾ. ਭੀਮ ਰਾਓ ਅੰਬੇਡਕਰ ਜੀ ਵੱਲੋਂ ਵਧੀਆ ਅਤੇ ਸੁਚੱਜੇ ਢੰਗ ਨਾਲ ਲਿਖਿਆ ਭਾਰਤ ਦਾ ਸੰਵਿਧਾਨ ਦੁਨੀਆ ਦੇ ਵਧੀਆ ਸੰਵਿਧਾਨਾਂ ਵਿੱਚੋਂ ਇੱਕ ਹੈ।ਉਨ੍ਹਾਂ ਕਿਹਾ ਕਿ ਡਾ. ਅੰਬੇਡਕਰ ਜੀ ਦੀ ਬਦੌਲਤ ਆਮ ਘਰਾਂ ਦੇ ਬੱਚਿਆਂ ਨੂੰ ਸੰਵਿਧਾਨਿਕ ਹੱਕ ਮਿਲਿਆ ਹੈ।ਉਨ੍ਹਾਂ ਕਿਹਾ ਕਿ ਦੇਸ਼ ਨੂੰ ਤੋੜਨ ਵਾਲੇ ਬਿਆਨਾਂ ਦੀ ਸਮਾਜ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਾ ਹੈ।ਸਮਾਜ ਨੂੰ ਸੇਧ ਦੇਣ ਵਾਲੇ ਸੰਵਿਧਾਨ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਜੀ ਬਾਰੇ ਅਜਿਹੀ ਸ਼ਬਦਾਵਲੀ ਵਰਤਣ ਵਾਲੇ ਨੂੰ ਬਿਲਕੁੱਲ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਲੋਕ ਜਾਗਰੂਕ ਹੋ ਚੁੱਕੇ ਹਨ ਅਤੇ ਕਿਸੇ ਦੀਆਂ ਗੱਲਾਂ ਵਿੱਚ ਆ ਕੇ ਆਪਸੀ ਭਾਈਵਾਲਤਾ ਨੂੰ ਖ਼ਰਾਬ ਨਹੀਂ ਹੋਣ ਦੇਣਗੇ।

ਹਲਕਾ ਵਿਧਾਇਕ ਸਰਦੂਲਗੜ੍ਹ ਸ਼੍ਰੀ ਗੁਰਪ੍ਰੀਤ ਸਿੰਘ ਬਣਾਂਵਾਲੀ ਨੇ ਕਿਹਾ ਕਿ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਨੇ ਸਮਾਜ ਨੂੰ ਬਰਾਬਰਤਾ ਦਾ ਅਧਿਕਾਰ ਦਿੱਤਾ ਹੈ। ਉਨ੍ਹਾਂ ਵੱਲੋਂ ਬਣਾਏ ਸੰਵਿਧਾਨ ਨੇ ਪੂਰੇ ਦੇਸ਼ ਨੂੰ ਆਪਸ ਵਿੱਚ ਜੋੜ ਦਿੱਤਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਅਤੇ ਪੁਲਿਸ ਪ੍ਰਸ਼ਾਸ਼ਨ ਪੂਰੀ ਤਰ੍ਹਾਂ ਨਾਲ ਮੁਸਤੈਦ ਹਨ ਅਤੇ ਸਮਾਜ ਵਿਰੋਧੀ ਅਨਸਰਾਂ ਨੂੰ ਮੂੰਹ ਤੋੜ ਜਵਾਬ ਦਿੱਤਾ ਜਾਵੇਗਾ।ਪੰਨੂ ਵੱਲੋਂ ਦਿੱਤਾ ਬਿਆਨ ਸਮਾਜ ਨੂੰ ਵੰਡਣ ਦੀ ਕੋਸ਼ਿਸ਼ ਹੈ ਅਤੇ ਸਮਾਜ ਦਾ ਕੋਈ ਵੀ ਵਰਗ ਅਜਿਹੇ ਬਿਆਨਾਂ ਨੂੰ ਪਸੰਦ ਨਹੀਂ ਕਰਦਾ ਅਤੇ ਲੋਕ ਅਜਿਹੇ ਬਿਆਨਾਂ ਦੀ ਸਖ਼ਤ ਨਿੰਦਾ ਕਰਦੇ ਹਨ।

# ਵਿਧਾਇਕ ਨਰਿੰਦਰ ਕੌਰ ਭਰਾਜ ਨੇ ਭਵਾਨੀਗੜ੍ਹ ਅਨਾਜ ਮੰਡੀ ਵਿੱਚ ਕਣਕ ਦੀ ਸਰਕਾਰੀ ਖਰੀਦ ਸ਼ੁਰੂ ਕਰਵਾਈ

## ਕਿਸਾਨਾਂ ਨੂੰ ਉਹਨਾਂ ਦੀ ਮਿਹਨਤ ਦਾ ਮੁੱਲ ਸਮੇਂ ਸਿਰ ਦੇਣ ਲਈ ਪੰਜਾਬ ਸਰਕਾਰ ਵਚਨਬੱਧ,ਕਣਕ ਦੇ ਸੀਜ਼ਨ ਦੌਰਾਨ ਅਣਸੁਖਾਵੀਆਂ ਘਟਨਾਵਾਂ ਨੂੰ ਰੋਕਣ ਲਈ ਅੱਗ ਬੁਝਾਊ ਗੱਡੀ ਦਾ ਕੀਤਾ ਆਰਜ਼ੀ ਪ੍ਰਬੰਧ: ਨਰਿੰਦਰ ਕੌਰ ਭਰਾਜ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 12 ਅਪਰੈਲ
INTERNATIONAL PAPER, 9463601616
hardipchumber57@gmail.com



ਦਲਜੀਤ ਕੌਰ

ਭਵਾਨੀਗੜ੍ਹ/ਸੰਗਰੂਰ, 12 ਅਪ੍ਰੈਲ, 2025: ਵਿਧਾਇਕ ਨਰਿੰਦਰ ਕੌਰ ਭਰਾਜ ਨੇ ਅੱਜ ਅਨਾਜ ਮੰਡੀ ਭਵਾਨੀਗੜ੍ਹ ਵਿੱਚ ਕਣਕ ਦੀ ਸਰਕਾਰੀ ਖਰੀਦ ਰਸਮੀ ਤੌਰ ਤੇ ਸ਼ੁਰੂ ਕਰਵਾਈ। ਇਸ ਮੌਕੇ ਉਹਨਾਂ ਨੇ ਦੱਸਿਆ ਕਿ ਕਣਕ ਦੇ ਖਰੀਦ ਪ੍ਰਬੰਧਾਂ ਨਾਲ ਸੰਬੰਧਿਤ ਹਰੇਕ ਵਿਭਾਗ ਦੇ ਅਧਿਕਾਰੀਆਂ ਨੂੰ ਪੰਜਾਬ ਸਰਕਾਰ ਵੱਲੋਂ ਜਾਰੀ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕਰਨ ਦੀਆਂ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ।

ਵਿਧਾਇਕ ਨਰਿੰਦਰ ਕੌਰ ਭਰਾਜ ਨੇ ਕਿਸਾਨਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਹਨਾਂ ਵੱਲੋਂ ਪੁੱਤਾਂ ਵਾਂਗ ਪਾਲੀ ਗਈ ਫਸਲ ਨੂੰ ਖਰੀਦ ਕੇ ਉਹਨਾਂ ਦੀ ਮਿਹਨਤ ਦਾ ਸਮੇਂ ਸਿਰ ਮੁੱਲ ਦਿੱਤਾ ਜਾਵੇਗਾ। ਉਹਨਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਅਨਾਜ ਮੰਡੀਆਂ ਵਿੱਚ ਕੇਵਲ ਸੁੱਕੀ ਕਣਕ ਹੀ ਲਿਆਉਣ ਤਾਂ ਜੋ ਉਹਨਾਂ ਦੀ ਜਿਣਸ ਦੀ ਨਾਲੋਂ ਨਾਲ ਖਰੀਦ ਹੋ ਸਕੇ।

ਵਿਧਾਇਕ ਨਰਿੰਦਰ ਕੌਰ ਭਰਾਜ ਨੇ ਦੱਸਿਆ ਕਿ ਕਣਕ ਦੇ ਸ਼ੀਜਨ ਦੌਰਾਨ ਭਵਾਨੀਗੜ੍ਹ ਬਲਾਕ ਅਧੀਨ ਖੇਤਾਂ ਵਿੱਚ ਅੱਗ ਲੱਗਣ ਕਾਰਨ ਕੋਈ ਵੀ ਅਣਸੁਖਾਵੀ ਘਟਨਾ ਨਾ ਵਾਪਰੇ ਇਸ ਦੀ ਰੋਕਥਾਮ ਲਈ ਨਵੇਂ ਬੱਸ ਸਟੈਂਡ ਭਵਾਨੀਗੜ੍ਹ ਵਿਖੇ ਫਾਇਰ ਬ੍ਰਿਗੇਡ ਦੀ ਗੱਡੀ ਖੜ੍ਹੀ ਕੀਤੀ ਗਈ ਹੈ। ਉਹਨਾਂ ਇਹ ਵੀ ਦੱਸਿਆ ਕਿ ਭਵਾਨੀਗੜ੍ਹ ਲਈ ਫਾਇਰ ਬ੍ਰਿਗੇਡ ਗੱਡੀ ਦੀ ਅਲਾਟਮੈਂਟ ਹੋ ਚੁੱਕੀ ਹੈ ਅਤੇ ਜਮੀਨ ਦੀ ਪਛਾਣ ਵੀ ਕਰ ਲਈ ਗਈ ਹੈ ਅਤੇ ਜਲਦੀ ਹੀ ਪੱਕੇ ਤੌਰ ਤੇ ਇਸ ਦਾ ਪ੍ਰਬੰਧ ਕਰ ਦਿੱਤਾ ਜਾਵੇਗਾ।

ਵਿਧਾਇਕ ਨਰਿੰਦਰ ਕੌਰ ਭਰਾਜ ਨੇ ਅਨਾਜ ਮੰਡੀ ਵਿੱਚ ਸਾਫ ਸਫਾਈ ਦੇ ਪ੍ਰਬੰਧਾਂ, ਪੀਣ ਵਾਲੇ ਸਾਫ ਪਾਣੀ ਦੀ ਉਪਲਬਧਤਾ ਸਮੇਤ ਹੋਰ ਸਹੂਲਤਾਂ ਦਾ ਨਿਰੀਖਣ ਕੀਤਾ। ਸ਼੍ਰੀਮਤੀ ਭਰਾਜ ਨੇ ਉਪ ਮੰਡਲ ਮੈਜਿਸਟਰੇਟ ਸ਼੍ਰੀਮਤੀ ਮਨਜੀਤ ਕੌਰ, ਪ੍ਰਧਾਨ ਅਨਾਜ ਮੰਡੀ ਪ੍ਰਦੀਪ ਮਿੱਤਲ, ਸਰਕਾਰੀ ਖਰੀਦ ਏਜੰਸੀਆਂ ਦੇ ਇੰਸਪੈਕਟਰਾਂ, ਆੜ੍ਹਤੀਆਂ, ਟਰਾਂਸਪੋਰਟਰਾਂ ਤੇ ਲੇਬਰ ਨਾਲ ਮੀਟਿੰਗ ਵੀ ਕੀਤੀ ਅਤੇ ਆਪਸੀ ਤਾਲਮੇਲ ਨਾਲ ਸਮੁੱਚੇ ਸੀਜ਼ਨ ਨੂੰ ਸੁਚਾਰੂ ਢੰਗ ਨਾਲ ਨੇਪਰੇ ਚੜ੍ਹਾਉਣ ਬਾਰੇ ਦਿਸ਼ਾ ਨਿਰਦੇਸ਼ ਦਿੱਤੇ।

# “ਯੁੱਧ ਨਸ਼ਿਆਂ ਵਿਰੁੱਧ” ਮੁਹਿੰਮ ਤਹਿਤ ਜ਼ਿਲ੍ਹਾ ਸੰਗਰੂਰ ਵਿਖੇ 30 ਮੁਕੱਦਮੇ ਦਰਜ, 34 ਵਿਅਕਤੀ ਗ੍ਰਿਫ਼ਤਾਰ: ਐਸ.ਐਸ.ਪੀ ਸਰਤਾਜ ਸਿੰਘ ਚਾਹਲ

## ਜ਼ਿਲ੍ਹਾ ਪੁਲਿਸ ਸੰਗਰੂਰ ਵੱਲੋਂ 1 ਅਪ੍ਰੈਲ ਤੋਂ 11 ਅਪ੍ਰੈਲ ਤੱਕ ਕੀਤੀ ਗਈ ਕਾਰਗੁਜ਼ਾਰੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 12 ਅਪਰੈਲ INTERNATIONAL PAPER, 9463601616 hardipchumber57@gmail.com

ਦਲਜੀਤ ਕੌਰ

ਸੰਗਰੂਰ, 12 ਅਪ੍ਰੈਲ, 2025: ਐਸ.ਐਸ.ਪੀ. ਸੰਗਰੂਰ ਸ੍ਰੀ ਸਰਤਾਜ ਸਿੰਘ ਚਾਹਲ (ਆਈ.ਪੀ.ਐਸ) ਵੱਲੋਂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜ਼ਿਲ੍ਹਾ ਪੁਲਿਸ ਸੰਗਰੂਰ ਵੱਲੋਂ “ਯੁੱਧ ਨਸ਼ਿਆਂ ਵਿਰੁੱਧ” ਮੁਹਿੰਮ ਦੌਰਾਨ ਕਾਰਵਾਈ ਕਰਦੇ ਹੋਏ 1 ਅਪ੍ਰੈਲ ਤੋਂ 11 ਅਪ੍ਰੈਲ ਤੱਕ ਡਰੱਗ ਦੇ 22 ਮੁਕੱਦਮੇ ਦਰਜ ਕਰਕੇ 27 ਕਥਿਤ ਦੋਸ਼ੀ ਕਾਬੂ ਕਰਕੇ 201 ਗ੍ਰਾਮ ਹੈਰੋਇਨ, 88 ਕਿੱਲੋ 200 ਗ੍ਰਾਮ ਭੁੱਕੀ ਚੂਰਾ ਪੋਸਤ, 800 ਗ੍ਰਾਮ ਸੁਲਫਾ, 1365 ਨਸ਼ੀਲੀਆਂ ਗੋਲੀਆਂ, 28 ਨਸ਼ੀਲੀਆਂ ਸ਼ੀਸ਼ੀਆਂ ਅਤੇ 6,05,500/- ਰੁਪਏ ਡਰੱਗ ਮਨੀ ਬ੍ਰਾਮਦ ਕਰਵਾਈ ਗਈ। ਜ਼ਿਲ੍ਹਾ ਪੁਲਿਸ ਮੁਖੀ ਨੇ ਦੱਸਿਆ ਕਿ ਸ਼ਰਾਬ ਦਾ ਧੰਦਾ ਕਰਨ ਵਾਲਿਆਂ ਖਿਲਾਫ 08 ਮੁਕੱਦਮੇ ਦਰਜ ਕਰਕੇ 07 ਕਥਿਤ ਦੋਸ਼ੀਆਂ ਨੂੰ ਕਾਬੂ ਕਰਕੇ 74.250 ਲੀਟਰ ਸ਼ਰਾਬ ਠੇਕਾ ਦੇਸੀ, 15.750 ਲੀਟਰ ਸ਼ਰਾਬ ਨਜਾਇਜ਼, 300 ਲੀਟਰ ਲਾਹਣ ਬ੍ਰਾਮਦ ਕਰਵਾਈ ਗਈ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਅਸਲਾ ਐਕਟ ਤਹਿਤ 01 ਮੁਕੱਦਮਾ ਦਰਜ ਕਰਕੇ 01 ਕਥਿਤ ਦੋਸ਼ੀ ਕੀਤੇ, 02 ਪਿਸਤੌਲ ਸਮੇਤ 09 ਕਾਰਤੂਸ ਬ੍ਰਾਮਦ ਕਰਵਾਇਆ ਗਿਆ। ਉਨ੍ਹਾਂ ਦੱਸਿਆ ਕਿ ਜੂਆ ਐਕਟ ਤਹਿਤ 01 ਮੁਕੱਦਮਾ ਦਰਜ ਕਰਕੇ 01 ਕਥਿਤ ਦੋਸ਼ੀ ਗ੍ਰਿਫਤਾਰ ਕੀਤਾ ਅਤੇ 3120/- ਰੁਪਏ ਬ੍ਰਾਮਦ ਕਰਾਏ ਗਏ। ਜ਼ਿਲ੍ਹਾ ਪੁਲਿਸ ਮੁਖੀ ਸਰਤਾਜ ਸਿੰਘ ਚਾਹਲ ਨੇ ਲੋਕਾਂ ਨੂੰ ਵੀ ਨਸ਼ਾ ਵਿਰੋਧੀ ਮੁਹਿੰਮ ਵਿੱਚ ਸਹਿਯੋਗ ਦੇਣ ਲਈ ਅਪੀਲ ਕੀਤੀ ਹੈ। ਉਨ੍ਹਾਂ ਦੱਸਿਆ ਕਿ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਪੰਚਾਇਤਾਂ, ਸਪੋਰਟਸ ਕਲੱਬਾਂ, ਮੋਹਤਬਰ ਵਿਅਕਤੀਆਂ ਨਾਲ ਮੀਟਿੰਗਾਂ ਕਰਕੇ ਜਾਗਰੁਕ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਦੌਰਾਨ ਵੱਖ ਵੱਖ ਗਜਟਿਡ ਅਫਸਰਾਂ ਵੱਲੋਂ 22 ਪਿੰਡਾਂ ਤੇ ਸ਼ਹਿਰਾਂ ਵਿੱਚ ਲੋਕਾਂ ਨਾਲ ਮੀਟਿੰਗਾਂ ਕਰਕੇ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ



ਗਿਆ ਤੇ ਨਸ਼ੇ ਦਾ ਧੰਦਾ ਕਰਨ ਵਾਲੇ ਸਮੱਗਲਰਾਂ ਸਬੰਧੀ ਪੁਲਿਸ ਨੂੰ ਇਤਲਾਹਾਂ ਦੇਣ ਲਈ ਪ੍ਰੇਰਿਤ ਕੀਤਾ ਗਿਆ ਤਾਂ ਜੋ ਨਸ਼ੇ ਦੇ ਕੋਹੜ ਨੂੰ ਜੜ੍ਹ ਤੋਂ ਖਤਮ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਨਸ਼ੇ ਦਾ ਧੰਦਾ ਕਰਨ ਵਾਲੇ ਅਤੇ ਮਾੜੇ ਅਨਸਰਾਂ ਖਿਲਾਫ ਕਾਰਵਾਈ ਕਰਦੇ ਹੋਏ ਨਸ਼ਿਆਂ ਦੀ ਰੋਕਥਾਮ ਲਈ ਠੋਸ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਨਸ਼ਿਆਂ ਖਿਲਾਫ ਜੰਗ ਜਾਰੀ ਹੈ।

# ਆਸ਼ੀਰਵਾਦ ਡੇ ਬੋਰਡਿੰਗ ਸਕੂਲ ਵਿਖੇ ਵਿਸਾਖੀ ਦਾ ਤਿਉਹਾਰ ਤੇ ਬਾਬਾ ਸਾਹਿਬ ਜੀ ਦਾ ਜਨਮ ਦਿਹਾੜਾ ਮਨਾਇਆ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 12 ਅਪਰੈਲ INTERNATIONAL PAPER, 9463601616 hardipchumber57@gmail.com






ਲੌਂਗੋਵਾਲ,12 ਅਪ੍ਰੈਲ (ਜਗਸੀਰ ਸਿੰਘ)- ਇਲਾਕੇ ਦੀ ਨਾਮਵਰ ਸੰਸਥਾ ਆਸ਼ੀਰਵਾਦ ਡੇ ਬੋਰਡਿੰਗ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਝਾੜੋਂ ਵਿਖੇ ਵਿਸਾਖੀ ਦੇ ਪਾਵਨ ਤਿਉਹਾਰ ਅਤੇ ਭਾਰਤ ਰਤਨ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਜੀ ਜਨਮ ਦਿਹਾੜੇ ਨੂੰ ਮੁੱਖ ਰੱਖਦੇ ਹੋਏ ਬੱਚਿਆਂ ਦੇ ਹਾਉਸ ਮੁਤਾਬਿਕ ਕਵਿਜ਼ ਮੁਕਾਬਲੇ ਕਰਵਾਏ ਗਏ ਛੇਵੀਂ ਤੇ ਦਸਵੀਂ ਜਮਾਤ ਦੇ ਕਵਿਜ਼ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਚੌਥੇ ਹਾਉਸ ਦੇ ਵਿਦਿਆਰਥੀਆਂ ਨੇ ਪਹਿਲੀ ਪੁਜੀਸ਼ਨ ਹਾਸਿਲ ਕੀਤੀ ਜਿਸ ਵਿੱਚ ਅਵਿਜੋਤ ਸਿੰਘ, ਲਵਪ੍ਰੀਤ ਕੌਰ, ਸਵਰਨਜੀਤ ਕੌਰ ,ਨਮਨਦੀਪ ਕੌਰ, ਨੇ ਭਾਗ ਲਿਆ ਦੂਜੀ ਪੁਜੀਸ਼ਨ ਦੂਜੇ ਹਾਉਸ ਦੇ ਬੱਚਿਆਂ ਨੇ ਪ੍ਰਾਪਤ ਕੀਤੀ ਜਿਸ ਵਿੱਚ ਸਹਿਜਵੀਰ ਕੌਰ, ਹਰਨੂਰ ਸਿੰਘ ,ਗੁਰਜੋਤ ਸਿੰਘ ,ਪਲਕਪ੍ਰੀਤ ਕੌਰ, ਨੇ ਭਾਗ ਲਿਆ। ਇਸ ਤਰ੍ਹਾਂ ਬੱਚਿਆਂ ਨੇ ਕਵਿਜ਼ ਮੁਕਾਬਲੇ ਵਿੱਚ ਭਾਗ ਲੈ ਕੇ ਪੁਜੀਸ਼ਨਾਂ ਹਾਸਿਲ ਕੀਤੀਆਂ। ਇਸ ਤੋਂ ਇਲਾਵਾ ਨਰਸਰੀ ਕਲਾਸ ਤੋਂ ਲੈ ਕੇ ਚੌਥੀ ਕਲਾਸ ਤੱਕ ਦੇ ਬੱਚਿਆਂ ਨੇ ਗਿੱਧਾ ਅਤੇ ਡਾਂਸ ਵੀ ਪੇਸ਼ ਕੀਤਾ ਬੱਚਿਆਂ ਨੇ ਕਵਿਤਾ ਅਤੇ ਗੀਤ ਮੁਕਾਬਲੇ ਵਿੱਚ ਵੀ ਭਾਗ ਲਿਆ। ਇਸ ਸਮੇਂ ਪ੍ਰਿੰਸੀਪਲ ਸ. ਜਗਸੀਰ ਸਿੰਘ ਨੇ ਬੱਚਿਆਂ ਨੂੰ ਵਿਸਾਖੀ ਅਤੇ ਡਾ.ਭੀਮ ਰਾਓ ਅੰਬੇਦਕਰ ਜੀ ਦੀ ਜੀਵਨੀ ਉੱਪਰ ਲੈਕਚਰ ਦੇ ਕੇ ਬੱਚਿਆਂ ਨੂੰ ਪ੍ਰੇਰਿਤ ਕੀਤਾ ਨਾਲ ਹੀ ਮੈਡਮ ਚਰਨਜੀਤ ਕੌਰ ਨੇ ਵਿਸਾਖੀ ਦੇ ਦਿਹਾੜੇ ਸਬੰਧੀ ਜਾਣਕਾਰੀ ਦੇ ਕੇ ਬੱਚਿਆਂ ਦੇ ਗਿਆਨ ਵਿੱਚ ਵਾਧਾ ਕੀਤਾ,ਮੈਡਮ ਕੁਮਾਰੀ ਪਿੰਦਰਜੀਤ ਜੀ ਨੇ ਡਾਕਟਰ ਭੀਮ ਰਾਓ ਅੰਬੇਦਕਰ ਜੀ ਦੇ ਸੰਘਰਸ਼ਮਈ ਜੀਵਨ ਬਾਰੇ ਜਾਣਕਾਰੀ ਦਿੱਤੀ ।ਇਸ ਸਮੇਂ ਸਟੇਜ ਸੈਕਟਰੀ ਦੀ ਡਿਊਟੀ ਮੈਡਮ ਵਨੀਤਾ ਰਾਣੀ ਅਤੇ ਮੈਡਮ ਜਸਪ੍ਰੀਤ ਕੌਰ ਵੱਲੋਂ ਨਿਭਾਈ ਗਈ ਅਤੇ ਨਾਲ ਹੀ ਪੁਜੀਸ਼ਨਾਂ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ ਪ੍ਰਿੰਸੀਪਲ ਸ.ਜਗਸੀਰ ਸਿੰਘ, ਵਾਈਸ ਪ੍ਰਿੰਸੀਪਲ ਮੈਡਮ ਗੁਰਮੀਤ ਕੌਰ ਅਤੇ ਸਮੂਹ ਸਟਾਫ ਨੇ ਸਨਮਾਨਿਤ ਕੀਤਾ। ਇਸ ਮੌਕੇ ਸਮੂਹ ਸਟਾਫ ਮੈਂਬਰ ਅਤੇ ਵਿਦਿਆਰਥੀ ਹਾਜ਼ਰ ਸਨ।

# ਅਕਾਲ ਅਕੈਡਮੀ ਕੌੜੀਵਾੜਾ ਵਿਖੇ ਵਿਸਾਖੀ ਦਾ ਦਿਹਾੜਾ ਪੂਰੀ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 12 ਅਪਰੈਲ INTERNATIONAL PAPER, 9463601616 hardipchumber57@gmail.com



ਸੰਗਰੂਰ,12 ਅਪ੍ਰੈਲ (ਜਗਸੀਰ ਲੌਂਗੋਵਾਲ)- ਬੜੂ ਸਾਹਿਬ ਦੁਆਰਾ ਸੰਚਾਲਿਤ ਅਕਾਲ ਅਕੈਡਮੀ ਕੌੜੀਵਾੜਾ ਵਿੱਚ ਵਿਸਾਖੀ ਦਾ ਦਿਹਾੜਾ ਪੂਰੀ ਸ਼ਰਧਾ ਤੇ ਧੂਮ-ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਸਮੂਹ ਸਟਾਫ਼ ਅਤੇ ਬੱਚਿਆਂ ਵੱਲੋਂ ਨਿਤਨੇਮ ਦੇ ਪਾਠ ਕੀਤੇ ਗਏ ਅਤੇ ਬੱਚਿਆਂ ਵੱਲੋਂ 7 ਸ੍ਰੀ ਸਹਿਜ ਪਾਠਾਂ ਦੇ ਭੋਗ ਪਾਏ ਗਏ। ਇਸ ਤੇ ਇਲਾਵਾ ਬੱਚਿਆਂ ਵੱਲੋਂ ਸ਼ਬਦ, ਕਵਿਤਾਵਾਂ, ਗੀਤ ਅਤੇ ਕਵਿਸ਼ਰੀ ਪੇਸ਼ ਕੀਤੀ ਗਈ। ਪ੍ਰੋਗਰਾਮ ਦੇ ਅਖੀਰ ਵਿੱਚ ਸਕੂਲ ਦੇ ਪ੍ਰਿੰਸੀਪਲ ਬਲਜੀਤ ਕੌਰ ਭੁੱਲਰ ਨੇ ਬੱਚਿਆਂ ਨੂੰ ਵਿਸਾਖੀ ਦੇ ਪਾਵਨ ਦਿਹਾੜੇ ਦੀ ਵਧਾਈ ਦਿੱਤੀ ਅਤੇ ਵਿਸਾਖੀ ਦੇ ਦਿਹਾੜੇ ਦੀ ਮਹੱਤਤਾ ਬਾਰੇ ਦੱਸਿਆ,ਇਸ ਦੇ ਨਾਲ ਉਹਨਾਂ ਨੇ ਬੱਚਿਆਂ ਨੂੰ ਹੋਰ ਮਿਹਨਤ ਅਤੇ ਲਗਨ ਨਾਲ ਪੜ੍ਹਨ ਦੀ ਪ੍ਰੇਰਨਾ ਦਿੱਤੀ ਤੇ ਇਸ ਮੌਕੇ ਗੁਰੂ ਕੇ ਲੰਗਰ ਅਟੁੱਟ ਵਰਤਾਏ ਗਏ। ਇਸ ਸਮੇਂ ਹਰਪ੍ਰੀਤ ਕੌਰ, ਸਰਬਜੀਤ ਕੌਰ, ਦਰਸ਼ਨ ਸਿੰਘ, ਗੁਰਪ੍ਰੀਤ ਕੌਰ, ਸੁਨੀਧੀ ਬਜਾਜ, ਸੁਮਨਦੀਪ ਕੌਰ, ਵਿਵੇਕ ਕੰਥਵਾਲ, ਕਰਨੈਲ ਸਿੰਘ ਅਤੇ ਵਿਦਿਆਰਥੀ ਹਾਜ਼ਰ ਸਨ।

# ਬਲੱਡ ਬੈਂਕ ਨੇ ਗੂੰਜ ਸੰਸਥਾ ਦੇ ਜਲੰਧਰ ਦਫਤਰ ਭੇਜਿਆ ਕਪੜਿਆਂ ਦਾ ਟੈਂਪੂ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 12 ਅਪਰੈਲ INTERNATIONAL PAPER, 9463601616 hardipchumber57@gmail.com



ਫਗਵਾੜਾ 12 ਅਪ੍ਰੈਲ (ਸ਼ਿਵ ਕੌੜਾ) ਸ੍ਰੀ ਕੇ.ਕੇ. ਸਰਦਾਨਾ ਦੀ ਰਹਿਨੁਮਾਈ ਹੇਠ ਚੱਲ ਰਹੇ ਬਲੱਡ ਬੈਂਕ ਗੁਰੂ ਹਰਗੋਬਿੰਦ ਨਗਰ ਫਗਵਾੜਾ ਵਲੋਂ ਸ਼ਹਿਰ ਦੀਆਂ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਅਤੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਇਸਤੇਮਾਲ ਕੀਤੇ ਹੋਏ ਪੁਰਾਣੇ ਪਾਉਣ ਯੋਗ ਕਪੜਿਆਂ ਦਾ ਇਕ ਟੈਂਪੂ ਗੂੰਜ ਸੰਸਥਾ ਦੇ ਜਲੰਧਰ ਦਫਤਰ ਲਈ ਰਵਾਨਾ ਕੀਤਾ ਗਿਆ। ਇਸ ਮੌਕੇ ਬਲੱਡ ਬੈਂਕ ਦੇ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਨੇ ਸਮੂਹ ਸਹਿਯੋਗੀਆਂ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਬਲੱਡ ਬੈਂਕ ਫਗਵਾੜਾ ਪਿਛਲੇ ਕਰੀਬ 18 ਸਾਲ ਤੋਂ ਮੈਗਾਸਸੇ ਅਵਾਰਡ ਵਿਨਰ ਗੂੰਜ ਸੰਸਥਾ ਨਾਲ ਜੁੜਿਆ ਹੋਇਆ ਹੈ। ਇਹ ਸੰਸਥਾ ਇਕੱਤਰ ਕੀਤੇ ਵਸਤਰਾਂ ਨੂੰ ਦਿੱਲੀ ਦਫਤਰ ਭੇਜਦੀ ਹੈ ਜਿੱਥੇ ਜਰੂਰੀ ਮੁਰੰਮਤ ਤੋਂ ਬਾਅਦ ਧੋਣ ਉਪਰੰਤ ਪ੍ਰੈਸ ਕਰਕੇ ਇਹਨਾਂ ਕਪੜਿਆਂ ਨੂੰ ਨਵੇਕਲਾ ਰੂਪ ਦਿੱਤਾ ਜਾਂਦਾ ਹੈ ਅਤੇ ਫਿਰ ਦੇਸ਼ ਦੇ ਦੂਰ ਦੁਰਾਢੇ ਪਹਾੜੀ ਇਲਾਕਿਆਂ 'ਚ ਲੋੜਵੰਦਾਂ ਨੂੰ ਵੰਡਿਆ ਜਾਂਦਾ ਹੈ। ਜਦੋਂ ਵੀ ਭੇਜਣ ਯੋਗ ਮਾਤਰਾ 'ਚ ਗਰਮੀ ਜਾਂ ਸਰਦੀ 'ਚ ਪਾਉਣ ਯੋਗ ਕਪੜੇ ਇੱਕਤਰ ਹੋ ਜਾਂਦੇ ਹਨ ਤਾਂ ਜਲੰਧਰ ਦਫਤਰ ਭੇਜ ਦਿੱਤੇ ਜਾਂਦੇ ਹਨ। ਉਹਨਾਂ ਦੱਸਿਆ ਕਿ ਵਸਤਰ ਇਕੱਠੇ ਕਰਨ ਵਿਚ ਮੋਹਨ ਲਾਲ ਤਨੇਜਾ, ਰਮੇਸ਼ ਦੁੱਗਲ, ਪ੍ਰੋਫੈਸਰ ਪੀ.ਕੇ. ਬਾਂਸਲ, ਵਿਸ਼ਵਾ ਮਿੱਤਰ ਸ਼ਰਮਾ, ਸਤੀਸ਼ ਬੱਗਾ ਅਤੇ ਨਿਰਵੈਰ ਸਿੰਘ ਨੱਢਾ ਦਾ ਵਿਸ਼ੇਸ਼ ਸਹਿਯੋਗ ਰਿਹਾ। ਉਹਨਾਂ ਸਮੂਹ ਖੇਤਰ ਨਿਵਾਸੀਆਂ ਨੂੰ ਪੁਰਜੋਰ ਅਪੀਲ ਕੀਤੀ ਕਿ ਇਸਤੇਮਾਲ ਕੀਤੇ ਪੁਰਾਣੇ ਲੇਕਿਨ ਪਾਉਣ ਯੋਗ ਕਪੜੇ ਬਲੱਡ ਬੈਂਕ ਵਿਖੇ ਜਮਾ ਕਰਵਾ ਸਕਦੇ ਹਨ ਤਾਂ ਜੋ ਇਹਨਾਂ ਨੂੰ ਲੋੜੀਂਦੀ ਰਿਪੇਅਰ ਕਰਕੇ ਦੂਰ ਦੁਰਾਢੇ ਅਤੇ ਪਹਾੜੀ ਖੇਤਰਾਂ 'ਚ ਵੱਸਦੇ ਗਰੀਬਾਂ ਤੱਕ ਪਹੁੰਚਾਏ ਜਾ ਸਕੇ।

# ਗੁਰਦੁਆਰਾ ਬੜੂ ਸਾਹਿਬ ਵਿਖੇ ਵਿਸਾਖੀ ਨੂੰ ਸਮਰਪਿਤ ਅਲੌਕਿਕ ਨਗਰ ਕੀਰਤਨ ਸਜਾਏ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 12 ਅਪਰੈਲ INTERNATIONAL PAPER, 9463601616 hardipchumber57@gmail.com



ਸੰਗਰੂਰ,12 ਅਪ੍ਰੈਲ ( ਜਗਸੀਰ ਲੌਂਗੋਵਾਲ)- ਕਲਗੀਧਰ ਟਰੱਸਟ ਬੜੂ ਸਾਹਿਬ ਵੱਲੋਂ ਖ਼ਾਲਸੇ ਪੰਥ ਦਾ ਸਾਜਨਾ ਦਿਵਸ “ਵਿਸਾਖੀ” ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਗੁਰਦੁਆਰਾ ਬੜੂ ਸਾਹਿਬ ਵਿਖੇ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਵਿਸਾਖੀ ਨੂੰ ਸਮਰਪਿਤ ਅਲੌਕਿਕ ਨਗਰ ਕੀਰਤਨ ਕੱਲ੍ਹ ਗੁਰਦੁਆਰਾ ਬੜੂ ਸਾਹਿਬ ਤੋਂ ਸਵੇਰੇ 10 ਵਜੇ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਹੇਠ ਸਜਾਇਆ ਗਿਆ, ਜੋ ਅਰਦਾਸ ਬੇਨਤੀ ਕਰਨ ਉਪਰੰਤ ਵੱਖ-ਵੱਖ ਪੜਾਵਾਂ ਤੋਂ ਹੁੰਦਾ ਹੋਇਆ ਮਛੋਰ ਪਹੁੰਚਿਆ ਅਤੇ ਮਛੋਰ ਤੋਂ ਵਾਪਸ ਬੜੂ ਸਾਹਿਬ ਵਿਖੇ 1 ਵਜੇ ਸਮਾਪਤੀ ਹੋਈ। ਨਗਰ ਕੀਰਤਨ ਨੂੰ ਸ਼ਾਨੋ-ਸ਼ੌਕਤ ਅਤੇ ਅਦਬ ਨਾਲ ਸੰਗਤ ਦੇ ਠਾਠਾਂ ਮਾਰਦੇ ਇਕੱਠ ਵਿੱਚ ਕੱਢਿਆ ਗਿਆ। ਇਸ ਨਗਰ ਕੀਰਤਨ ਵਿੱਚ ਪੰਜਾਬ ਅਤੇ ਦਿੱਲੀ ਦੀ ਸੰਗਤ ਵੱਲੋਂ ਵੀ ਹਾਜ਼ਰੀ ਭਰੀ ਗਈ। ਰਸਤੇ ਵਿੱਚ ਸੰਗਤਾਂ ਦੁਆਰਾ ਨਗਰ ਕੀਰਤਨ ਦਾ ਸੁਆਗਤ ਕੀਤਾ ਗਿਆ। ਅਕਾਲ ਅਕੈਡਮੀ ਦੀਆਂ ਵਿਦਿਆਰਥਣਾਂ ਦੁਆਰਾ ਸੰਗਤਾਂ ਨੂੰ ਢਾਡੀ ਵਾਰਾਂ ਰਾਹੀਂ ਗੁਰ-ਇਤਿਹਾਸ ਵੀ ਸਰਵਣ ਕਰਵਾਇਆ ਗਿਆ। ਸੰਗਤ ਨੇ ਬਹੁਤ ਹੀ ਉਤਸ਼ਾਹ ਅਤੇ ਪ੍ਰੇਮ-ਭਾਵਨਾ ਨਾਲ ਗੁਰ-ਇਤਿਹਾਸ ਸਰਵਣ ਕੀਤਾ।

ਕਲਗੀਧਰ ਟਰੱਸਟ ਬੜੂ ਸਾਹਿਬ ਦੇ ਮੁੱਖ ਸੇਵਾਦਾਰ ਡਾ. ਦਵਿੰਦਰ ਸਿੰਘ ਜੀ ਅਤੇ ਵਾਈਸ ਪ੍ਰੈਜ਼ੀਡੈਂਟ ਭਾਈ ਜਗਜੀਤ ਸਿੰਘ ਜੀ ਵੱਲੋਂ ਇਸ “ਨਗਰ ਕੀਰਤਨ” ਵਿੱਚ ਹਾਜ਼ਰੀ ਭਰਨ ਵਾਲੀਆਂ ਸੰਗਤਾਂ ਦਾ ਧੰਨਵਾਦ ਕੀਤਾ।

# ਸ੍ਰੀ ਇਲਮ ਚੰਦ ਸਰਵਹਿੱਤਕਾਰੀ ਵਿੱਦਿਆ ਮੰਦਿਰ ਹਾਈ ਸਕੂਲ ਛੇਕਰਾਂ ਦੇ ਪੰਜਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਨੇ ਰਚਿਆ ਇਤਿਹਾਸ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 12 ਅਪਰੈਲ INTERNATIONAL PAPER, 9463601616 hardipchumber57@gmail.com



ਫਿ ਲੌ ਰ / ਅੱ ਪ ਰਾ (ਦੀਪਾ)-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ 29 ਮਾਰਚ 2025 ਨੂੰ ਪੰਜਵੀਂ ਸ਼੍ਰੇਣੀ ਦਾ ਸਲਾਨਾ ਨਤੀਜਾ ਘੋਸ਼ਿਤ ਕੀਤਾ ਗਿਆ । ਮੁੱਖ ਅਧਿਆਪਕ ਗੁਰਜੀਤ ਸਿੰਘ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਇਸ ਵਾਰ ਸਕੂਲ ਦੇ ਵਿਦਿਆਰਥੀਆਂ ਵਲੋਂ ਬਹੁਤ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ । ਸਕੂਲ ਦੇ ਕੁੱਲ 35 ਵਿਦਿਆਰਥੀਆਂ ਨੇ ਪ੍ਰੀਖਿਆ ਵਿੱਚ ਹਿੱਸਾ ਲਿਆ ਅਤੇ ਸਾਰੇ ਬੱਚੇ ਪਾਸ ਹਨ । ਆਰਤੀ ਸਪੁੱਤਰੀ ਸ਼੍ਰੀ ਬਲਵਿੰਦਰ ਸਿੰਘ ਨੇ 496/500 ,99.2% ਅੰਕ ਪ੍ਰਾਪਤ ਕਰ ਪਹਿਲਾਂ ਸਥਾਨ , ਹਰਮਨ ਮੈਂਗੜਾ ਸਪੁੱਤਰੀ ਸ੍ਰੀ ਹਰਦੀਪ ਸਿੰਘ 493/500, 99% ਅੰਕ ਪ੍ਰਾਪਤ ਕਰ ਦੂਜਾ ਸਥਾਨ ਅਤੇ ਤਨਵੀਰ ਕੌਰ ਥਾਂਦੀ ਸਪੁੱਤਰੀ ਸ੍ਰੀ ਰਸ਼ਪਾਲ ਸਿੰਘ ਪਾਲ ਨੇ 491/500, 98.2% ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਸਮੂਹ ਸਟਾਫ਼ ਵਲੋਂ ਵਿਦਿਆਰਥੀਆਂ ਦੇ ਮਾਪਿਆਂ ਨੂੰ ਵਧਾਈਆਂ ਦਿੱਤੀਆਂ ਗਈਆਂ।

# ਬਾਬਾ ਸਾਹਿਬ ਡਾ. ਅੰਬੇਡਕਰ ਦੇ ਸੰਘਰਸ਼ ਦੁਨੀਆ ਨੂੰ ਪ੍ਰੇਰਣਾ ਦਿੰਦੇ ਰਹਿਣਗੇ - ਬਸਰਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 12 ਅਪਰੈਲ INTERNATIONAL PAPER, 9463601616 hardipchumber57@gmail.com



ਫਗਵਾੜਾ 12 ਅਪ੍ਰੈਲ (ਸ਼ਿਵ ਕੌੜਾ) ਸਰਬ ਨੌਜਵਾਨ ਸਭਾ (ਰਜਿ:) ਫਗਵਾੜਾ ਅਤੇ ਸਰਬ ਨੌਜਵਾਨ ਵੈਲਫੇਅਰ ਸੁਸਾਇਟੀ ਵਲੋਂ ਸਾਂਝਾ ਉਪਰਾਲਾ ਕਰਦੇ ਹੋਏ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਬੀ.ਆਰ. ਅੰਬੇਡਕਰ ਦੇ ਜਨਮ ਦਿਵਸ ਨੂੰ ਸਮਰਪਿਤ ਸਮਾਗਮ ਦਾ ਆਯੋਜਨ ਸਥਾਨਕ ਸਕੀਮ ਨੰਬਰ 3 ਹੁਸ਼ਿਆਰਪੁਰ ਰੋਡ ਵਿਖੇ ਸੇਸਵਾ ਪੰਜਾਬ ਦੇ ਸਹਿਯੋਗ ਨਾਲ ਸੰਚਾਲਿਤ ਵੋਕੈਸ਼ਨਲ ਸੈਂਟਰ 'ਚ ਕੀਤਾ ਗਿਆ। ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ ਹੇਠ ਆਯੋਜਿਤ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਮੁੱਖ ਮਹਿਮਾਨ ਵਜੋਂ ਨਗਰ ਨਿਗਮ ਫਗਵਾੜਾ ਦੇ ਸੀਨੀਅਰ ਡਿਪਟੀ ਮੇਅਰ ਤੇਜਪਾਲ ਬਸਰਾ ਨੇ ਸ਼ਿਰਕਤ ਕੀਤੀ। ਜਦਕਿ ਵਿਸ਼ੇਸ਼ ਮਹਿਮਾਨਾਂ ਵਜੋਂ ਕਸ਼ਮੀਰ ਸਿੰਘ ਮੱਲ੍ਹੀ ਚੇਅਰਮੈਨ ਨਗਰ ਸੁਧਾਰ ਟਰੱਸਟ ਫਗਵਾੜਾ ਅਤੇ ਟਰੱਸਟੀ ਮੈਂਬਰ ਸੰਤੋਸ਼ ਕੁਮਾਰ ਗੋਗੀ, ਤਵਿੰਦਰ ਰਾਮ ਚੇਅਰਮੈਨ ਮਾਰਕੀਟ ਕਮੇਟੀ ਫਗਵਾੜਾ, ਸਮਾਜ ਸੇਵਕ ਬੀ.ਆਰ. ਕਟਾਰੀਆ ਯੂ.ਕੇ. ਤੋਂ ਇਲਾਵਾ ਨਰੇਸ਼ ਕੋਹਲੀ ਰਿਟਾ. ਹੈਡਮਾਸਟਰ ਸ਼ਾਮਲ ਹੋਏ। ਪ੍ਰਮੁੱਖ ਸ਼ਖਸੀਅਤਾਂ ਨੇ ਡਾ. ਅੰਬੇਡਕਰ ਦੀ ਤਸਵੀਰ 'ਤੇ ਫੁੱਲਮਾਲਾਵਾਂ ਭੇਂਟ ਕੀਤੀਆਂ ਅਤੇ ਜਨਮ ਦਿਨ ਦਾ ਕੇਕ ਕੱਟਿਆ। ਸਮਾਗਮ ਦੌਰਾਨ ਬੁਲਾਰਿਆਂ ਨੇ ਡਾ. ਅੰਬੇਡਕਰ ਦੀ ਸੰਖੇਪ ਜੀਵਨੀ ਬਾਰੇ ਚਾਨਣਾ ਪਾਇਆ। ਨਾਲ ਹੀ ਉਹਨਾਂ ਦੇ ਸੰਘਰਸ਼ਾਂ, ਧਾਰਮਿਕ ਅਧਾਰ ਤੇ ਦੇਸ਼ ਦੀ ਵੰਡ ਨੂੰ ਲੈ ਕੇ ਉਹਨਾਂ ਦੇ ਦੂਰਦਰਸ਼ੀ ਵਿਚਾਰਾਂ ਅਤੇ ਭਾਰਤੀ ਸੰਵਿਧਾਨ ਦੇ ਨਿਰਮਾਣ 'ਚ ਡਾ. ਅੰਬੇਡਕਰ ਦੇ ਯੋਗਦਾਨ ਦਾ ਜਿਕਰ ਕੀਤਾ। ਮੁੱਖ ਮਹਿਮਾਨ ਤੇਜਪਾਲ ਬਸਰਾ ਨੇ ਕਿਹਾ ਕਿ ਡਾ. ਅੰਬੇਡਕਰ ਨੂੰ ਆਪਣੇ ਜੀਵਨ ਵਿਚ ਬਹੁਤ ਸਾਰੀਆਂ ਕਠਿਨਾਈਆਂ ਦਾ ਸਾਹਮਣਾ ਕਰਨਾ ਪਿਆ। ਉਹਨਾਂ ਲੋਕਾਂ ਨੂੰ ਆਪਣੇ ਅਧਿਕਾਰਾਂ ਦੇ ਨਾਲ-ਨਾਲ ਫਰਜ਼ਾਂ ਦੇ ਬਾਰ ਵੀ ਜਾਗਰੂਕ ਹੋਣ ਲਈ ਪ੍ਰੇਰਿਤ ਕੀਤਾ। ਉਹਨਾਂ ਨੇ ਸਮੂਹ ਸਮਾਜ ਨੂੰ ਡਾ. ਅੰਬੇਡਕਰ ਦੇ ਸੰਦੇਸ਼ ਪੜ੍ਹੋ-ਜੁੜੋ ਅਤੇ ਸੰਘਰਸ਼ ਕਰੋ 'ਤੇ ਅਮਲ ਕਰਨ ਦਾ ਸੱਦਾ ਦਿੱਤਾ। ਸਮਾਗਮ ਦੌਰਾਨ ਕਵੀ ਦਵਿੰਦਰ ਜੱਸਲ ਅਤੇ ਸੁਖਦੇਵ ਗੰਢਵਾਂ, ਵਲੋਂ ਕਵਿਤਾਵਾਂ ਰਾਹੀਂ ਬਾਬਾ ਸਾਹਿਬ ਡਾ. ਅੰਬੇਡਕਰ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ। ਸਭਾ ਵਲੋਂ ਪ੍ਰਮੁੱਖ ਸ਼ਖਸੀਅਤਾਂ ਨੂੰ ਸਨਮਾਨਤ ਕੀਤਾ ਗਿਆ। ਸਟੇਜ ਦੀ ਸੇਵਾ ਰਵਿੰਦਰ ਸਿੰਘ ਰਾਏ ਨੇ ਬਾਖੂਬੀ ਨਿਭਾਈ। ਸਮਾਗਮ ਦਾ ਅੰਤ ਬਾਬਾ ਸਾਹਿਬ ਦੇ ਜਨਮ ਦਿਨ ਦੀ ਖੁਸ਼ੀ ਵਿਚ ਲੱਡੂ ਵੰਡ ਕੇ ਕੀਤਾ ਗਿਆ। ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਨੇ ਸਮੂਹ ਪਤਵੰਤਿਆਂ ਦਾ ਪਹੁੰਚਣ ਅਤੇ ਸਹਿਯੋਗ ਲਈ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਸਭਾ ਦੇ ਜਨਰਲ ਸਕੱਤਰ ਡਾ. ਵਿਜੇ ਕੁਮਾਰ, ਸਮਾਜ ਸੇਵਕ ਮਦਨ ਲਾਲ ਕੋਰੋਟਨਿਆ, ਮੈਡਮ ਤਨੂੰ, ਮੈਡਮ ਸਪਨਾ ਸ਼ਾਰਦਾ, ਮੈਡਮ ਆਸ਼ੂ ਬੱਗਾ, ਮੈਡਮ ਨਵਜੋਤ ਕੌਰ, ਮੈਡਮ ਗੁਰਜੀਤ ਕੌਰ, ਵਿੱਕੀ ਸਿੰਘ, ਅਸ਼ੋਕ ਸ਼ਰਮਾ, ਰਮਨ ਨਹਿਰਾ, ਸ਼ੁਭਮ ਸ਼ਰਮਾ, ਅਮਰਿੰਦਰ ਸੈਣੀ ਬਲਾਕ ਪ੍ਰਧਾਨ, ਗੁਰਸ਼ਰਨ ਬਾਸੀ, ਸਿਮਰਨ, ਅਮਨਪ੍ਰੀਤ, ਕੋਮਲ, ਹਰਮਨ, ਕਿਰਨ, ਮਮਤਾ, ਹਰਮੀਨ, ਅੰਜਲੀ ਕੁਮਾਰੀ, ਪ੍ਰਿਯੰਕਾ, ਹਰਪ੍ਰੀਤ, ਨੀਰਜ, ਸਨੇਹਾ, ਜਸਪ੍ਰੀਤ, ਪ੍ਰਿਆ, ਰੀਤਾ, ਨੇਹਾ, ਰਿੰਪੀ ਰਾਣੀ, ਸੁਰਜੀਤ, ਖੁਸ਼ੀ, ਰਜਨੀ, ਜਸਪ੍ਰੀਤ ਕੌਰ, ਸਨੇਹਾ, ਈਸ਼ਾ, ਮੁਸਕਾਨ ਸ਼ਰਮਾ, ਆਰਤੀ, ਸਲੋਨੀ ਯਾਦਵ, ਕੌਸ਼ਲਿਆ, ਰੋਸ਼ਨੀ, ਪਿੰਕੀ, ਗੁਰਪ੍ਰੀਤ ਕੌਰ, ਮਨਪ੍ਰੀਤ ਕੌਰ, ਹਰਪ੍ਰੀਤ ਕੌਰ, ਨੇਹਾ, ਜਸ਼ਨਪ੍ਰੀਤ, ਹਰਪ੍ਰੀਤ, ਨਿਸ਼ਾ, ਮਨਰਾਜ, ਭਾਵਨਾ, ਕਮਲ, ਗੁਰਪ੍ਰੀਤ ਕੌਰ, ਰਮਨਦੀਪ, ਜਯੋਤੀ, ਰੇਨੁਕਾ, ਗੁਰਜੀਤ, ਮਹਿਕ, ਸੋਨਿਆ, ਬਲਜੀਤ, ਜੈਸਮੀਨ ਆਦਿ ਹਾਜ਼ਰ ਸਨ।

# ਅਕਾਲ ਅਕੈਡਮੀ ਚੀਮਾ ਸਾਹਿਬ ਵਿਖੇ ਪੂਰੀ ਸ਼ਰਧਾ ਤੇ ਉਤਸਾਹ ਨਾਲ ਮਨਾਇਆ ਵਿਸਾਖੀ ਦਾ ਤਿਓਹਾਰ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 12 ਅਪਰੈਲ INTERNATIONAL PAPER, 9463601616 hardipchumber57@gmail.com



ਚੀਮਾ ਮੰਡੀ,12 ਅਪ੍ਰੈਲ (ਜਗਸੀਰ ਸਿੰਘ)- ਅੱਜ ਅਕਾਲ ਅਕੈਡਮੀ ਚੀਮਾ ਸਾਹਿਬ ਨੇ ਵਿਸਾਖੀ ਦੇ ਤਿਉਹਾਰ ਨੂੰ ਉਤਸ਼ਾਹ ਅਤੇ ਸ਼ਰਧਾ ਨਾਲ ਮਨਾਇਆ। ਦਿਨ ਦੀ ਸ਼ੁਰੂਆਤ ਨਿਤਨੇਮ ਅਤੇ ਸ਼ਬਦ ਕੀਰਤਨ ਦੇ ਭਾਵਪੂਰਤ ਪਾਠ ਨਾਲ ਹੋਈ, ਜਿਸ ਨਾਲ ਇੱਕ ਅਧਿਆਤਮਿਕ ਮਾਹੌਲ ਪੈਦਾ ਹੋਇਆ। ਪ੍ਰੋਗਰਾਮ ਵਿੱਚ ਪ੍ਰੇਰਨਾਦਾਇਕ ਕਵੀਸ਼ਰੀਆਂ ਅਤੇ ਉਰਜਾਵਾਨ ਢਾਡੀ ਵਾਰਾਂ ਸ਼ਾਮਲ ਸੀ, ਜੋ ਪੰਜਾਬ ਦੇ ਅਮੀਰ ਸੱਭਿਆਚਾਰਕ ਵਿਰਸੇ ਨੂੰ ਦਰਸਾਉਂਦੀਆਂ ਹਨ। ਜਸ਼ਨ ਨੂੰ ਹੋਰ ਵੀ ਵਧਾਉਂਦੇ ਹੋਏ, ਸਭ ਤੋਂ ਛੋਟੇ ਵਿਦਿਆਰਥੀਆਂ ਨੇ ਸੱਭਿਆਚਾਰਕ ਪ੍ਰਦਰਸ਼ਨਾਂ ਰਾਹੀਂ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ, ਜਿਸ ਤੋਂ ਬਾਅਦ ਬਹਾਦਰੀ ਅਤੇ ਅਨੁਸ਼ਾਸਨ ਦੀ ਭਾਵਨਾ ਦਾ ਪ੍ਰਤੀਕ ਇੱਕ ਸ਼ਾਨਦਾਰ ਗਤਕਾ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਸ੍ਰੀ ਸਹਿਜ ਪਾਠ ਸਾਹਿਬ ਦਾ ਭੋਗ ਵੀ ਪਾਏ ਗਏ, ਜਿਸ ਤੋਂ ਬਾਅਦ ਸੰਗਤ ਵਿੱਚ ਦੇਗ ਪ੍ਰਸ਼ਾਦ ਵੰਡਿਆ ਗਿਆ। ਪ੍ਰਿੰਸੀਪਲ ਸ੍ਰੀਮਤੀ ਨੀਨਾ ਸ਼ਰਮਾ ਨੇ ਇੱਕ ਸੂਝਵਾਨ ਭਾਸ਼ਣ ਨਾਲ ਇਕੱਠ ਨੂੰ ਸੰਬੋਧਨ ਕੀਤਾ, ਜਿਸ ਵਿੱਚ ਵਿਸਾਖੀ ਦੀ ਮਹੱਤਤਾ ਅਤੇ ਏਕਤਾ ਅਤੇ ਪਰੰਪਰਾ ਨੂੰ ਉਤਸ਼ਾਹਿਤ ਕਰਨ ਵਿੱਚ ਇਸਦੀ ਸਾਰਥਕਤਾ 'ਤੇ ਜ਼ੋਰ ਦਿੱਤਾ ਗਿਆ।

ਇਹ ਸਮਾਗਮ ਖੁਸ਼ੀ ਨਾਲ ਸਮਾਪਤ ਹੋਇਆ, ਜਿਸ ਨਾਲ ਸਾਰਿਆਂ ਨੂੰ ਅਧਿਆਤਮਿਕ ਅਤੇ ਸੱਭਿਆਚਾਰਕ ਕਦਰਾਂ-ਕੀਮਤਾਂ ਨਾਲ ਭਰਪੂਰ ਕੀਤਾ ਗਿਆ।

# ਬਸਪਾ ਵੱਲੋਂ ਪਿੰਡ ਬਾਰਨ, ਪਟਿਆਲਾ ਵਿਖੇ 14 ਅਪ੍ਰੈਲ ਨੂੰ ਡਾਕਟਰ ਅੰਬੇਡਕਰ ਜੀ ਦਾ ਜਨਮ ਦਿਨ “ਪੰਜਾਬ ਸੰਭਾਲੋ” ਰੈਲੀ ਕਰਕੇ ਮਨਾਇਆ ਜਾਵੇਗਾ, ਸੁਰਜੀਤ ਗੋਰੀਆ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 12 ਅਪਰੈਲ INTERNATIONAL PAPER, 9463601616 hardipchumber57@gmail.com




ਪਟਿਆਲਾ ਜਗਤਾਰ ਸਿੰਘ ਰੇੜ੍ਹੇਵਾਲ -- ਬਹੁਜਨ ਸਮਾਜ ਪਾਰਟੀ ਵੱਲੋਂ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਸਾਹਿਬ ਜੀ ਦਾ ਜਨਮ ਦਿਹਾੜਾ “ਪੰਜਾਬ ਸੰਭਾਲੋ” ਜ਼ਿਲ੍ਹਾ ਪੱਧਰੀ ਰੈਲੀ ਕਰਕੇ 14 ਅਪ੍ਰੈਲ 2025 ਦਿਨ ਸੋਮਵਾਰ ਨੂੰ ਹਲਕਾ ਪਟਿਆਲਾ ਦੇ ਪਿੰਡ ਬਾਰਨ ਵਿਖੇ ਵੱਡੀ ਧੂਮਧਾਮ ਨਾਲ ਮਨਾਇਆ ਜਾਵੇਗਾ।

ਇਸ ਸਬੰਧੀ ਜਾਣਕਾਰੀ ਸਾਂਝੀ ਕੀਤੀ ਸੁਰਜੀਤ ਸਿੰਘ ਗੋਰੀਆ ਇੰਚਾਰਜ ਬਸਪਾ ਜ਼ਿਲ੍ਹਾ ਪਟਿਆਲਾ ਤੇ ਕੋਆਰਡੀਨੇਟਰ ਹਲਕਾ ਪਟਿਆਲਾ ਦਿਹਾਤੀ ਨੇ ਦੱਸਿਆ ਕਿ ਇਸ ਮੌਕੇ ਮੁੱਖ ਮਹਿਮਾਨ ਸ੍ਰੀ ਵਿਪਲ ਕੁਮਾਰ ਇੰਚਾਰਜ ਬਸਪਾ ਪੰਜਾਬ ਤੇ ਚੰਡੀਗੜ੍ਹ , ਵਿਸ਼ੇਸ਼ ਮਹਿਮਾਨ ਬਲਦੇਵ ਸਿੰਘ ਮਹਿਰਾ ਸੂਬਾ ਜਨਰਲ ਸਕੱਤਰ ਅਤੇ ਜੋਗਾ ਸਿੰਘ ਪਨੋਦੀਆਂ ਜੋਨ ਇੰਚਾਰਜ ਪਟਿਆਲਾ ਪਹੁੰਚ ਰਹੇ ਹਨ। ਇਸ ਸਮਾਗਮ ਦੀ ਪ੍ਰਧਾਨਗੀ ਮੇਜ਼ਰ ਸਿੰਘ ਟਿੱਬੀ ਪ੍ਰਧਾਨ ਜ਼ਿਲ੍ਹਾ ਪਟਿਆਲਾ ਕਰਨਗੇ।

ਜ਼ਿਲ੍ਹਾ ਪਟਿਆਲਾ ਦੀਆਂ ਸਾਰੀਆਂ ਵਿਧਾਨ ਸਭਾਵਾਂ ਦੇ ਅਹੁਦੇਦਾਰਾਂ, ਵਰਕਰਾਂ, ਸਮੱਰਥਕਾਂ, ਬਸਪਾ ਸਪੋਟਰਾ ਅਤੇ ਸਮੂਹ ਪੰਜਾਬੀਆਂ, ਪੰਜਾਬ ਹਿਤਾਇਸ਼ੀਆਂ, ਪੰਜਾਬ ਦੇ ਦਰਦਮੰਦਾਂ ਅਤੇ ਬੁੱਧੀਜੀਵੀਆਂ ਨੂੰ ਜ਼ਿਲ੍ਹਾ ਕਮੇਟੀ ਬਹੁਜਨ ਸਮਾਜ ਪਾਰਟੀ ਪਟਿਆਲਾ ਅਤੇ ਸਮੂਹ ਨਗਰ ਨਿਵਾਸੀ ਪਿੰਡ ਬਾਰਨ ਵਲੋਂ ਵੱਡੀ ਗਿਣਤੀ ਵਿਚ ਪਹੁੰਚਣ ਦੀ ਅਪੀਲ ਕੀਤੀ ਜਾਂਦੀ ਹੈ।

# ਬੇਗਮਪੁਰਾ ਟਾਈਗਰ ਫੋਰਸ ਨੇ ਸਰਕਾਰੀ ਮਿਡਲ ਸਮਾਰਟ ਸਕੂਲ ਬਸੀ ਬਾਹਿਦ ਵਿਖੇ ਵਿਦਿਆਰਥੀਆਂ ਨੂੰ ਕਾਪੀਆਂ ਤੇ ਕਿਤਾਬਾਂ ਵੰਡੀਆਂ!

## ਸਿੱਖਿਆ ਵਿਕਾਸ ਦਾ ਧੁਰਾ ਹੈ ਇਸ ਲਈ ਸਾਨੂੰ ਵੱਧ ਤੋਂ ਵੱਧ ਵਿਦਿਆਰਥੀਆਂ ਦੀ ਮਦਦ ਕਰਨੀ ਚਾਹੀਦੀ ਹੈ : ਬੰਟੀ, ਕਲੋਤਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 12 ਅਪਰੈਲ INTERNATIONAL PAPER, 9463601616 hardipchumber57@gmail.com




ਹੁਸ਼ਿਆਰਪੁਰ, 11 ਅਪ੍ਰੈਲ (ਤਰਸੇਮ ਦੀਵਾਨਾ) ਬੇਗਮਪੁਰਾ ਟਾਈਗਰ ਫੋਰਸ ਦੇ ਚੇਅਰਮੈਨ ਤਰਸੇਮ ਦੀਵਾਨਾ ਅਤੇ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਭਾਰਤੀ ਸੰਵਿਧਾਨ ਦੇ ਸਿਰਜਣਹਾਰ ਭਾਰਤ ਰਤਨ ਨਾਰੀ ਸ਼ਕਤੀ ਦੇ ਮੁਕਤੀ ਦਾਤਾ ਹਰ ਵਰਗ ਨੂੰ ਸਵਿਧਾਨ ਵਿੱਚ ਬਰਾਬਰ ਦਾ ਅਧਿਕਾਰ ਦੇਣ ਵਾਲੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਜੀ ਤੇ ਜਨਮ ਦਿਨ ਨੂੰ ਮੁੱਖ ਰੱਖਦਿਆਂ ਬੇਗਮਪੁਰਾ ਟਾਈਗਰ ਫੋਰਸ ਦੇ ਬਲਾਕ ਹਰਿਆਣਾ ਭੂੰਗਾ ਦੇ ਪ੍ਰਧਾਨ ਅਨਿਲ ਕੁਮਾਰ ਬੰਟੀ ਅਤੇ ਬਲਾਕ ਹਰਿਆਣਾ ਦੇ ਉਪ ਪ੍ਰਧਾਨ ਰਾਹੁਲ ਕਲੋਤਾ ਦੀ ਪ੍ਰਧਾਨਗੀ ਹੇਠ ਸਰਕਾਰੀ ਮਿਡਲ ਸਮਾਰਟ ਸਕੂਲ ਬਸੀ ਬਾਹਿਦ ਵਿਖੇ ਵਿਦਿਆਰਥੀਆਂ ਨੂੰ ਕਿਤਾਬਾਂ ਤੇ ਕਾਪੀਆਂ ਵੰਡੀਆਂ ਗਈਆਂ। ਉਨ੍ਹਾਂ ਕਿਹਾ ਕਿ ਸਿੱਖਿਆ ਵਿਕਾਸ ਦਾ ਧੁਰਾ ਹੈ। ਇਸ ਲਈ ਸਾਨੂੰ ਵੱਧ ਤੋਂ ਵੱਧ ਵਿਦਿਆਰਥੀਆਂ ਦੀ ਮਦਦ ਕਰਨੀ ਚਾਹੀਦੀ ਹੈ।

ਉਹਨਾਂ ਬਾਬਾ ਸਾਹਿਬ ਭੀਮ ਰਾਉ ਅੰਬੇਦਕਰ ਜੀ ਦੇ ਜੀਵਨ ਤੇ ਚਾਨਣਾ ਪਾਉਂਦੇ ਹੋਏ ਕਿਹਾ ਕਿ ਬਾਬਾ ਸਾਹਿਬ ਨੂੰ ਆਪਣੀ ਮੁੱਢਲੀ ਸਿਖਿਆ ਦੌਰਾਨ ਹੀ ਸਮਾਜ ਦੇ ਭੇਦਭਾਵ ਦਾ ਸ਼ਿਕਾਰ ਹੋਣਾ ਪਿਆ ਸੀ ਲੇਕਿਨ ਉਹ ਪੜ੍ਹੋ,ਜੁੜੋ ਅਤੇ ਸੰਘਰਸ਼ ਕਰੋ ਨੂੰ ਆਪਣੇ ਮੰਨ ਵਿੱਚ ਵਸਾ ਕੇ ਆਪਣੀ ਮੰਜਿਲ ਤੇ ਪਹੁੰਚ ਕੇ ਭਾਰਤ ਦੇਸ਼ ਨੂੰ ਸੰਵਿਧਾਨ ਵਰਗੀ ਅਣਮੁੱਲੀ ਸੋਗਾਤ ਦਿੱਤੀ । ਉਹਨਾਂ ਉਹਨਾਂ ਹਰ ਵਰਗੇ ਦੇ ਬੱਚਿਆਂ ਤੇ ਵਿਸ਼ੇਸ਼ ਜੋਰ ਦਿੱਤਾ ਕਿ ਉਹ ਪੜ੍ਹ -ਲਿਖ ਕੇ ਆਪਣੇ ਪੈਰਾਂ ਤੇ ਖੜ੍ਹੇ ਹੋ ਕੇ ਸਮਾਜ ਦੀ ਸੇਵਾ ਕਰ ਸਕਣ । ਉਹਨਾਂ ਬਾਲ ਵਿਆਹ ਅਤੇ ਸਤੀ ਪ੍ਰਥਾ ਦਾ ਵਿਰੋਧ ਵੀ ਆਪਣੇ ਜੀਵਨ ਵਿੱਚ ਕੀਤਾ । ਉਹਨਾਂ ਕਿਹਾ ਕਿ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦੇ ਕਾਰਨ ਸਮਾਜ ਵਿੱਚ ਭਾਵੇਂ ਕਿ ਅੱਜ ਕਲ ਬਦਲਾਅ ਦੇਖਣ ਨੂੰ ਮਿਲ ਰਿਹਾ ਹੈ ਪਰ ਫਿਰ ਵੀ ਉਹਨਾਂ ਦੇ ਆਦਰਸ਼ਾਂ ਅਤੇ ਸਿਧਾਂਤਾਂ ਤੇ ਕੁੱਝ ਲੋਕ ਚੱਲਣ ਲਈ ਤਿਆਰ ਨਹੀਂ ਹਨ ਜਿਸ ਕਾਰਨ ਸਮਾਜਿਕ ਭੇਦਭਾਵ ਹੁਣ ਵੀ ਦੇਖਣ ਨੂੰ ਮਿਲ ਰਿਹਾ ਹੈ । ਜਿਸ ਦਾ ਦੇਸ਼ ਵਿੱਚੋਂ ਅੰਤ ਹੋਣਾ ਚਾਹੀਦਾ ਹੈ ! ਇਸ ਮੌਕੇ ਸਕੂਲ ਮੁਖੀ ਮੋਹਨ ਲਾਲ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਅਮਰੀਕ ਸਿੰਘ ਰਾਜੂ ਮਨਪ੍ਰੀਤ ਖਲੋਤਾ, ਸਤੀਸ਼ ਕੁਮਾਰ ਬਸੀ ਬਾਹਦ, ਨਵਤੇਜ, ਮੋਹਨ ਲਾਲ, ਅਨੀਤਾ ਰਾਣੀ, ਗੁਰਜੀਤ ਕੌਰ, ਸਪਨਾ, ਬਲਜੀਤ ਕੌਰ, ਨਵਜੋਤ ਸਿੰਘ, ਸੁਨੀਲ ਦੱਤ,ਸੁਰਿੰਦਰ ਪਾਲ ਨੰਬਰਦਾਰ, ਸੋਮਨਾਥ, ਜੋਗਿੰਦਰ ਸਿੰਘ, ਸੁਖਵਿੰਦਰ ਸਿੰਘ, ਬਲਬੀਰ ਸਿੰਘ, ਸ਼ੀਲਾ ਰਾਣੀ, ਕਮਲਜੀਤ ਕੌਰ ਸਮੇਤ ਪਿੰਡ ਵਾਸੀ ਹਾਜ਼ਰ ਸਨ।

# ਐਨ.ਕਿਊ.ਏ.ਐਸ ਅਧੀਨ ਅਯੁਸ਼ਮਾਨ ਆਰੋਗਿਆ ਕੇਂਦਰ, ਰੰਗੀਲਪੁਰ 'ਚ ਰਾਸ਼ਟਰੀ ਅਸੈੱਸਮੈਂਟ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 12 ਅਪਰੈਲ INTERNATIONAL PAPER, 9463601616 hardipchumber57@gmail.com



ਮਿਤੀ: 8 ਅਪ੍ਰੈਲ 2025: ਅਯੁਸ਼ਮਾਨ ਆਰੋਗਿਆ ਕੇਂਦਰ, ਰੰਗੀਲਪੁਰ ਦਾ ਰਾਸ਼ਟਰੀ ਅਸੈੱਸਮੈਂਟ ਐਨ.ਕਿਊ.ਏ.ਐਸ ਦੇ ਤਹਿਤ ਕੀਤਾ ਗਿਆ। ਇਹ ਮੁਲਾਂਕਣ ਵਿਡੀਓ ਕਾਨਫਰੰਸ ਰਾਹੀਂ ਹੋਇਆ ਅਤੇ ਡਾ. ਦੁਕਸ਼ਤ ਪ੍ਰਸਾਦ ਅਤੇ ਡਾ. ਕਾਲੀਧਾਸਨਰ ਦੀ ਟੀਮ ਵੱਲੋਂ ਕੀਤਾ ਗਿਆ।

ਮੁਲਾਂਕਣ ਦੌਰਾਨ ਟੀਮ ਨੇ ਸਿਹਤ ਕੇਂਦਰ ਵਿੱਚ ਚੱਲ ਰਹੀਆਂ ਸੇਵਾਵਾਂ ਦੀ ਗੁਣਵੱਤਾ, ਮਰੀਜ਼ਾਂ ਨੂੰ ਮਿਲ ਰਹੀ ਸੁਵਿਧਾ, ਟੀਕਾਕਰਨ, ਮਾਤਾ-ਬੱਚਾ ਸੇਵਾਵਾਂ, ਦਵਾਈਆਂ ਦੀ ਉਪਲਬਧਤਾ, ਸਟਾਫ ਦੀ ਹਾਜ਼ਰੀ, ਰਿਕਾਰਡ ਰੱਖਣ ਦੀ ਪ੍ਰਕਿਰਿਆ, ਸਫਾਈ ਦੀ ਹਾਲਤ, ਪਾਣੀ ਅਤੇ ਬਿਜਲੀ ਵਰਗੀਆਂ ਬੁਨਿਆਦੀ ਸਹੂਲਤਾਂ ਦੀ ਜਾਂਚ ਕੀਤੀ।

ਇਸ ਅਸੈੱਸਮੈਂਟ ਦੀ ਤਿਆਰੀ ਲਈ ਕਮਿਊਨਿਟੀ ਹੇਲਥ ਅਫਸਰ ਨਵਰਿਤ ਕੌਰ, ਹੇਲਥ ਵਰਕਰ ਹਰਪ੍ਰੀਤ ਕੌਰ, ਹੇਲਥ ਵਰਕਰ ਰੁਪਿੰਦਰ ਕੌਰ, ਹੇਲਥ ਵਰਕਰ ਪ੍ਰਿੰਸ ਵਰਮਾ ਅਤੇ ਸਾਰੇ ਆਸ਼ਾ ਵਰਕਰਾਂ ਨੇ ਬਹੁਤ ਹੀ ਮਿਹਨਤ ਅਤੇ ਸਮਰਪਣ ਨਾਲ ਕੰਮ ਕੀਤਾ। ਉਨ੍ਹਾਂ ਦੀ ਕੋਸ਼ਿਸ਼ ਕਾਰਨ ਸਾਰੀ ਟੀਮ ਦੀ ਭੂਮਿਕਾ ਦੀ ਸਰਾਹਣਾ ਹੋਈ।

ਇਸ ਮੌਕੇ 'ਤੇ ਸੀਨੀਅਰ ਮੈਡੀਕਲ ਅਫਸਰ ਡਾ. ਆਨੰਦ ਘਾਈ, ਜ਼ਿਲ੍ਹਾ ਪ੍ਰੋਗਰਾਮ ਮੈਨੇਜਰ ਡੌਲੀ ਸਿੰਗਲਾ, ਸੈਨਟਰੀ ਇੰਸਪੈਕਟਰ ਵਿਵੇਕ ਕੁਮਾਰ, ਹੈਲਥ ਸੁਪਰਵਾਈਜ਼ਰ ਗੁਰਦਿਆਲ ਕੌਰ ਅਤੇ ਸਿਹਤ ਕਰਮਚਾਰੀ ਬ੍ਰਿਜ ਮੋਹਨ ਵੀ ਮੌਜੂਦ ਰਹੇ ਅਤੇ ਸਟਾਫ ਦਾ ਹੌਂਸਲਾ ਵਧਾਇਆ।

ਡਾ. ਆਨੰਦ ਘਾਈ ਨੇ ਕਿਹਾ ਕਿ ਰੰਗੀਲਪੁਰ ਦਾ ਸਿਹਤ ਕੇਂਦਰ ਬਹੁਤ ਵਧੀਆ ਕੰਮ ਕਰ ਰਿਹਾ ਹੈ। ਇਹ ਅਸੈੱਸਮੈਂਟ ਸਿਰਫ ਜਾਂਚ ਨਹੀਂ ਸੀ, ਸਗੋਂ ਇਹ ਸਿੱਖਣ ਅਤੇ ਸੁਧਾਰ ਕਰਨ ਦਾ ਮੌਕਾ ਵੀ ਸੀ। ਉਨ੍ਹਾਂ ਨੇ ਸਟਾਫ ਦੀ ਲਗਨ, ਤਿਆਰੀ ਅਤੇ ਸਮਰਪਣ ਦੀ ਖੁੱਲ੍ਹ ਕੇ ਤਾਰੀਫ਼ ਕੀਤੀ।

ਐਨ.ਕਿਊ.ਏ.ਐਸ ਦੇ ਅਸੈੱਸਮੈਂਟ ਰਾਹੀਂ ਕੇਂਦਰ ਦੀ ਗੁਣਵੱਤਾ ਨੂੰ ਮਾਪਿਆ ਜਾਂਦਾ ਹੈ, ਤਾਂ ਜੋ ਲੋਕਾਂ ਨੂੰ ਮਿਆਰੀ ਤੇ ਵਿਸ਼ਵਾਸਯੋਗ ਸਿਹਤ ਸੇਵਾਵਾਂ ਮਿਲ ਸਕਣ। ਇਹ ਅਸੈੱਸਮੈਂਟ ਆਯੁਸ਼ਮਾਨ ਭਾਰਤ ਯੋਜਨਾ ਤਹਿਤ ਚੱਲ ਰਹੀਆਂ ਸੇਵਾਵਾਂ ਦੀ ਨਿਰੰਤਰ ਗੁਣਵੱਤਾ ਨੂੰ ਯਕੀਨੀ ਬਣਾਉਣ ਵੱਲ ਇਕ ਮਹੱਤਵਪੂਰਨ ਕਦਮ ਸੀ।

# ਮਾਮਲਾ ਚਾਉਕੇ ਆਦਰਸ਼ ਸਕੂਲ ਦਾ: ਜ਼ਬਰ ਵਿਰੋਧੀ ਰੈਲੀ 'ਚ ਉਮੜਿਆ ਜਨ ਸੈਲਾਬ

## ਆਦਰਸ਼ ਸਕੂਲ ਚਾਉਕੇ ਦੇ ਅਧਿਆਪਕਾਂ, ਮਾਪਿਆਂ ਤੇ ਜਨਤਕ ਜਥੇਬੰਦੀਆਂ ਵੱਲੋਂ ਰਾਮਪੁਰਾ ਵਿਖੇ ਜ਼ਬਰ ਵਿਰੋਧੀ ਰੈਲੀ, 15 ਅਪ੍ਰੈਲ ਨੂੰ ਕੀਤਾ ਜਾਵੇਗਾ ਅਗਲੇ ਐਕਸ਼ਨ ਦਾ ਐਲਾਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 12 ਅਪਰੈਲ INTERNATIONAL PAPER, 94636 01616 hardipchumber57@gmail.com



ਦਲਜੀਤ ਕੌਰ

ਰਾਮਪੁਰਾ/ਬਠਿੰਡਾ, 12 ਅਪ੍ਰੈਲ, 2025: ਆਦਰਸ਼ ਸਕੂਲ ਚਾਉਕੇ ਦੇ ਅਧਿਆਪਕਾਂ ਅਤੇ ਉਨ੍ਹਾਂ ਦੀਆਂ ਹਮਾਇਤੀ ਜਥੇਬੰਦੀਆਂ ਦੇ ਆਗੂਆਂ/ਵਰਕਰਾਂ ਨੂੰ ਬਠਿੰਡਾ ਪੁਲਿਸ ਵੱਲੋਂ ਗਿਰਫ਼ਤਾਰ ਕਰਕੇ ਤਸ਼ੱਦਦ ਢਾਹੁਣ ਦੇ ਵਿਰੁੱਧ ਅਤੇ ਅਧਿਆਪਕਾਂ ਦੀਆਂ ਹੱਕੀ ਮੰਗਾਂ ਪੂਰੀਆਂ ਕਰਾਉਣ ਲਈ ਅੱਜ ਆਦਰਸ਼ ਸਕੂਲ ਚਾਉਕੇ ਦੇ ਅਧਿਆਪਕਾਂ, ਮਾਪਿਆਂ ਤੇ ਜਨਤਕ ਜਥੇਬੰਦੀਆਂ ਵੱਲੋਂ ਰਾਮਪੁਰਾ ਦੀ ਦਾਣਾ ਮੰਡੀ 'ਚ ਕੀਤੀ ਜ਼ਬਰ ਵਿਰੋਧੀ ਰੈਲੀ 'ਚ ਹਜ਼ਾਰਾਂ ਔਰਤਾਂ ਸਮੇਤ ਜਨ ਸੈਲਾਬ ਉਮੜ ਆਇਆ। ਇਸ ਵਿਸ਼ਾਲ ਰੈਲੀ ਉਪਰੰਤ ਰਾਮਪੁਰੇ ਦੀਆਂ ਸੜਕਾਂ ਤੇ ਭਗਵੰਤ ਮਾਨ ਸਰਕਾਰ ਤੇ ਪੁਲਿਸ ਪ੍ਰਸ਼ਾਸਨ ਦੀ ਧੱਕੇਸ਼ਾਹੀ ਖ਼ਿਲਾਫ਼ ਰੋਹ ਭਰਪੂਰ ਮੁਜ਼ਾਹਰਾ ਕੀਤਾ ਗਿਆ।

ਅੱਜ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਦੋਸ਼ ਲਾਇਆ ਕਿ ਪੰਜ ਅਪ੍ਰੈਲ ਦੇ ਧਰਨੇ ਦੌਰਾਨ ਗਿਰਫ਼ਤਾਰ ਕੀਤੀਆਂ ਅਧਿਆਪਕਾਂ, ਕਿਸਾਨਾਂ ਤੇ ਔਰਤਾਂ ਤੇ ਅੰਨਾਂ ਤਸ਼ੱਦਦ ਢਾਹਿਆ ਗਿਆ, ਜਿਸ ਕਾਰਨ ਮਹਿਲਾ ਕਿਸਾਨ ਆਗੂ ਹਰਿੰਦਰ ਬਿੰਦੂ ਤੇ ਪਰਮਜੀਤ ਕੌਰ ਪਿੱਥੋ ਅਜੇ ਵੀ ਹਸਪਤਾਲ 'ਚ ਜੇਰੇ ਇਲਾਜ ਹਨ। ਬੁਲਾਰਿਆਂ ਨੇ ਆਖਿਆ ਕਿ ਡਿਪਟੀ ਕਮਿਸ਼ਨਰ ਬਠਿੰਡਾ ਦੀ ਲਿਖਤੀ ਪੜਤਾਲੀਆ ਰਿਪੋਰਟ 'ਚ ਆਦਰਸ਼ ਸਕੂਲ ਚਾਉਕੇ ਦੀ ਮੈਨੇਜਮੈਂਟ ਵੱਲੋਂ ਵਿਦਿਆਰਥੀਆਂ ਤੋਂ ਵਾਧੂ ਫੀਸਾਂ ਵਸੂਲਣ, ਕਿਤਾਬਾਂ ਤੇ ਵਰਦੀਆਂ ਨਾ ਦੇਣ ਤੇ ਅਧਿਆਪਕਾਂ ਨੂੰ ਬਣਦੀਆਂ ਤਨਖ਼ਾਹਾਂ ਨਾ ਦੇਣ ਵਰਗੇ ਗੰਭੀਰ ਦੋਸ਼ਾਂ ਦੀ ਪੁਸ਼ਟੀ ਹੋਣ ਦੇ ਬਾਵਜੂਦ ਭਿਰਸ਼ਟ ਮੈਨੇਜਮੈਂਟ ਨੂੰ ਕੇਸ ਦਰਜ ਗਿਰਫ਼ਤਾਰ ਕਰਨ ਦੀ ਥਾਂ ਅਧਿਆਪਕਾਂ ਤੇ ਉਹਨਾਂ ਦੇ ਹਮਾਇਤੀਆਂ ਨੂੰ 13 ਮਹੀਨਿਆਂ ਦੀ ਬੱਚੀ ਸਮੇਤ ਜੇਲ 'ਚ ਡੱਕ ਦਿੱਤਾ ਗਿਆ। ਉਹਨਾਂ ਦੋਸ਼ ਲਾਇਆ ਕਿ ਬਠਿੰਡਾ ਪ੍ਰਸ਼ਾਸਨ ਵੱਲੋਂ ਗਿਰਫ਼ਤਾਰ ਸਾਰੇ ਲੋਕਾਂ ਨੂੰ ਰਿਹਾਅ ਕਰਨ ਦੇ ਵਾਅਦੇ ਦੇ ਬਾਵਜੂਦ 27 ਦੇ ਕਰੀਬ ਅਧਿਆਪਕਾਂ ਤੇ ਉਹਨਾਂ ਦੇ ਹਮਾਇਤੀਆਂ ਨੂੰ ਬਠਿੰਡਾ ਦੀ ਜੇਲ੍ਹ 'ਚ ਡੱਕਿਆ ਹੋਇਆ ਹੈ।

ਉਹਨਾਂ ਆਖਿਆ ਕਿ ਚਾਉਕੇ ਵਿਖੇ ਚੱਲ ਰਹੇ ਆਦਰਸ਼ ਸਕੂਲ ਸਕੂਲ ਨੂੰ ਸਰਕਾਰ ਦੀ ਤਰਫੋਂ 70% ਬਜ਼ਟ ਦਿੱਤਾ ਜਾ ਰਿਹਾ ਪਰ ਇੱਥੋਂ ਦੀ ਮੈਨੇਜਮੈਂਟ ਆਪਣੇ ਕੋਲੋਂ ਖਰਚ ਕੀਤੇ ਜਾਣ ਵਾਲੇ 30 ਫ਼ੀਸਦੀ ਖਰਚ ਨਹੀਂ ਕਰ ਰਹੀ ਸਗੋਂ ਸਰਕਾਰੀ ਬਜ਼ਟ ਵੀ ਪੂਰਾ ਖਰਚ ਨਹੀਂ ਕੀਤਾ ਜਾ ਰਿਹਾ ਅਤੇ ਵਿਦਿਆਰਥੀਆਂ ਤੋਂ ਮੋਟੀਆਂ ਫੀਸਾਂ ਵਸੂਲੀਆਂ ਜਾ ਰਹੀਆਂ ਹਨ। ਉਹਨਾਂ ਆਖਿਆ ਕਿ ਭਗਵੰਤ ਮਾਨ ਸਰਕਾਰ ਲੋਕ ਵਿਰੋਧੀ ਨਿੱਜੀਕਰਨ, ਵਪਾਰੀਕਰਨ ਦੀਆਂ ਨੀਤੀਆਂ ਨੂੰ ਤੇਜੀ ਨਾਲ ਲਾਗੂ ਕਰ ਰਹੀ ਹੈ ਅਤੇ ਸਿੱਖਿਆ, ਸਿਹਤ, ਬਿਜਲੀ, ਜਲ, ਜੰਗਲ, ਜ਼ਮੀਨਾਂ ਉੱਤੇ ਕਾਰਪੋਰੇਟ ਘਰਾਣਿਆਂ ਦਾ ਕਬਜ਼ਾ ਕਰਾਉਣ ਲਈ ਜ਼ਬਰ 'ਤੇ ਉੱਤਰ ਆਈ ਹੈ। ਉਹਨਾਂ ਮੰਗ ਕੀਤੀ ਕਿ ਗਿਰਫ਼ਤਾਰ ਕੀਤੇ ਅਧਿਆਪਕਾਂ ਤੇ ਉਹਨਾਂ ਦੇ ਹਮਾਇਤੀਆਂ ਨੂੰ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ, ਮਹਿਲਾਵਾਂ ਤੇ ਅਧਿਆਪਕਾਂ ਸਮੇਤ ਕਿਸਾਨਾਂ, ਮਜ਼ਦੂਰਾਂ 'ਤੇ ਜ਼ਬਰ ਢਾਹੁਣ ਵਾਲੇ ਡੀਐੱਸਪੀ ਫੂਲ, ਐੱਸ ਐੱਚ ਓ ਜੋਗਿੰਦਰ ਸਿੰਘ ਤੇ ਮਹਿਲਾ ਸਬ ਇੰਸਪੈਕਟਰ ਹਰਪ੍ਰੀਤ ਕੌਰ ਸਮੇਤ ਸਭਨਾਂ ਦੋਸ਼ੀਆਂ 'ਤੇ ਢੁੱਕਵੀਂ ਕਾਨੂੰਨੀ ਕਾਰਵਾਈ ਕੀਤੀ ਜਾਵੇ, ਚਾਉਕੇ ਸਕੂਲ ਦੀ ਭਿਰਸ਼ਟ ਮੈਨੇਜਮੈਂਟ ਦੇ ਮੁਖੀ ਗੁਰਮੇਲ ਸਿੰਘ ਸਮੇਤ ਸਭਨਾਂ ਦੋਸ਼ੀਆਂ ਨੂੰ ਕੇਸ ਦਰਜ ਕਰਕੇ ਗਿਰਫ਼ਤਾਰ ਕੀਤਾ ਜਾਵੇ, ਨੌਕਰੀ ਤੋਂ ਕੱਢੇ ਅਧਿਆਪਕਾਂ ਨੂੰ ਬਿਨਾਂ ਸ਼ਰਤ ਬਹਾਲ ਕੀਤਾ ਜਾਵੇ ਅਤੇ ਚਾਉਕੇ ਦੇ ਆਦਰਸ਼ ਸਕੂਲ ਨੂੰ ਸਰਕਾਰੀ ਹੱਥਾਂ 'ਚ ਲਿਆ ਜਾਵੇ ਅਤੇ ਅਧਿਆਪਕਾਂ ਦੀ ਪੱਕੀ ਭਰਤੀ ਕਰਕੇ ਪੂਰੀਆਂ ਤਨਖਾਹਾਂ ਦਿੱਤੀਆਂ ਜਾਣ। ਉਹਨਾਂ ਐਲਾਨ ਕੀਤਾ ਕਿ ਮੰਗਾਂ ਦੀ ਪੂਰਤੀ ਤੱਕ ਸੰਘਰਸ਼ ਜਾਰੀ ਰੱਖਿਆ ਜਾਵੇਗਾ ਅਤੇ ਇਸ ਸਬੰਧੀ ਜਥੇਬੰਦੀਆਂ ਦੀ 15 ਅਪ੍ਰੈਲ ਨੂੰ ਰਾਮਪੁਰਾ ਵਿਖੇ ਸਾਂਝੀ ਮੀਟਿੰਗ ਕਰਕੇ ਅਗਲੇ ਐਕਸ਼ਨ ਦਾ ਐਲਾਨ ਕੀਤਾ ਜਾਵੇਗਾ।

ਅੱਜ ਦੇ ਇਕੱਠ ਨੂੰ ਆਦਰਸ਼ ਸਕੂਲ ਚਾਉਕੇ ਦੇ ਅਧਿਆਪਕ ਆਗੂ ਪਵਨਦੀਪ ਕੌਰ, ਬਲਵਿੰਦਰ ਸਿੰਘ, ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ, ਭਾਰਤੀ ਕਿਸਾਨ ਯੂਨੀਅਨ ਏਕਤਾ (ਡਕੌਂਦਾ ਧਨੇਰ) ਦੇ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ, ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ, ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਮੈਂਬਰ ਡਾਕਟਰ ਪਰਮਿੰਦਰ ਸਿੰਘ, ਕਿਰਤੀ ਕਿਸਾਨ ਯੂਨੀਅਨ ਦੇ ਆਗੂ ਸਵਰਨ ਸਿੰਘ ਪੂਹਲੀ, ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੀ ਸੂਬਾ ਜਨਰਲ ਸਕੱਤਰ ਸੁਖਵਿੰਦਰ ਕੌਰ, ਮਹਿਲਾ ਕਿਸਾਨ ਆਗੂ ਹਰਪ੍ਰੀਤ ਕੌਰ ਜੇਠੂਕੇ, ਬੀਕੇਯੂ ਡਕੌਂਦਾ ਧਨੇਰ ਦੇ ਆਗੂ ਗੁਰਦੀਪ ਸਿੰਘ ਰਾਮਪੁਰਾ, ਸਾਬਕਾ ਸੈਨਿਕ ਕ੍ਰਾਂਤੀਕਾਰੀ ਯੂਨੀਅਨ ਪੰਜਾਬ ਦੇ ਆਗੂ ਪ੍ਰਗਟ ਸਿੰਘ, ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਆਗ ਗੁਰਵਿੰਦਰ ਪੰਨੂ, ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਆਗੂ ਮਹਿੰਦਰ ਸਿੰਘ ਕੌੜਿਆਂਵਾਲੀ, ਦਲਿਤ ਤੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਆਗੂ ਜੀਵਨ ਸਿੰਘ ਬਿਲਾਸਪੁਰ, ਪੀ ਐਸ ਯੂ ਸ਼ਹੀਦ ਰੰਧਾਵਾ ਦੇ ਆਗੂ ਬਿੰਦਰ ਸਿੰਘ, ਪੰਜਾਬ ਕਿਸਾਨ ਯੂਨੀਅਨ ਦੇ ਗੁਰਤੇਜ ਸਿੰਘ ਮਹਿਰਾਜ, ਟੀ ਐਸ ਯੂ ਦੇ ਆਗੂ ਚੰਦਰ ਸ਼ਰਮਾ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਬਲਵਿੰਦਰ ਸਿੰਘ ਧੌਲਾ, ਇਸਤਰੀ ਜਾਗ੍ਰਿਤੀ ਮੰਚ ਦੀ ਆਗੂ ਜਸਵੀਰ ਕੌਰ, ਪੀਐੱਸਯੂ ਦੇ ਆਗੂ ਧੀਰਜ ਕੁਮਾਰ ਆਦਰਸ਼ ਸਕੂਲ ਯੂਨੀਅਨ ਪੰਜਾਬ ਦੇ ਆਗੂ ਜਸਵੀਰ ਸਿੰਘ ਆਦਿ ਆਗੂਆਂ ਨੇ ਸੰਬੋਧਨ ਕੀਤਾ।

# ਵਿਸਾਖੀ ਦੇ ਪਵਿੱਤਰ ਦਿਹਾੜੇ 'ਤੇ ਡੇਰਾ ਕੁੱਲੀਆਂ ਵਿਖੇ ਸਿਹਤ ਜਾਂਚ ਕੈਂਪ ਅੱਜ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 12 ਅਪਰੈਲ INTERNATIONAL PAPER, 94636 01616 hardipchumber57@gmail.com

ਫਿਲੌਰ/ਅੱਪਰਾ (ਦੀਪਾ)-ਕਰੀਬੀ ਪਿੰਡ ਮੌਰੋਂ ਵਿਖੇ ਸਥਿਤ ਡੇਰਾ ਕੁਲੀਆਂ ਵਿਖੇ ਮੁੱਖ ਸੇਵਾਦਾਰ ਸੰਤ ਨਿਰੰਤਰ ਪ੍ਰਕਾਸ਼ ਦੀ ਅਗਵਾਈ ਹੇਠ ਹਰ ਸਾਲ ਦੀ ਤਰਾਂ ਇਸ ਸਾਲ ਵੀ ਵਿਸਾਖੀ ਦੇ ਦਿਹਾੜੇ ਨੂੰ ਸਮਰਪਿਤ ਸਿਹਤ ਜਾਂਚ ਕੈਂਪ ਅੱਜ ਲਗਾਇਆ ਜਾ ਰਿਹਾ ਹੈ | ਸਿ ਮੌਕੇ ਜਾਣਕਾਰੀ ਦਿੰਦਿਆਂ ਮੁੱਖ ਸੇਵਾਦਾਰ ਸੰਤ ਨਿਰੰਤਰ ਪ੍ਰਕਾਸ਼ ਤੇ ਡਾ. ਗੁਰਪ੍ਰੀਤ ਸਧਪੁਰੀ ਵਾਸੀਸ ਪ੍ਰਧਾਨ ਮੈਡੀਕਲ ਪ੍ਰੈਕਟੀਸ਼ਨਲ ਐਸੋਸ਼ੀਏਸ਼ਨ ਬਲਾਕ ਮੁਕੰਦਪੁਰ ਨੇ ਦੱਸਿਆ ਕਿ ਇਹ ਕੈਂਪ ਮੈਡੀਕਲ ਪ੍ਰੈਕਟੀਸ਼ਨਲ ਐਸੋਸ਼ੀਏਸ਼ਨ ਬਲਾਕ ਮੁਕੰਦਪੁਰ ਦੇ ਸਹਿਯੋਗ ਨਾਲ ਲਗਾਇਆ ਜਾਂਦਾ ਹੈ ਤੇ ਇਸ ਦੌਰਾਨ ਮਰੀਜ਼ਾਂ ਦੀ ਸਿਹਤ ਦੀ ਜਾਂਚ ਕਰਕੇ ਫਰੀ ਦਵਾਈਆਂ ਦਿੱਤੀਆਂ ਜਾਣਗੀਆਂ | ਇਸ ਮੌਕੇ ਅਟੁੱਟ ਲੰਗਰ ਵੀ ਵਰਤਾਏ ਜਾਣਗੇ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 12 ਅਪਰੈਲ INTERNATIONAL PAPER, 94636 01616 hardipchumber57@gmail.com

# "ਵਿਸਾਖ ਵਾਲਾ ਮਹੀਨਾ"

ਨਾਮ - ਪਰਵਿੰਦਰ ਕੌਰ ( ਪੰਜਾਬੀ ਅਧਿਆਪਿਕਾ )
ਸ.ਮ.ਸ.ਸ.ਸਕੂਲ ਸ਼ੇਰੋਂ (ਸੰਗਰੂਰ)



ਜਦੋਂ ਵੀ ਵਿਸਾਖ ਵਾਲਾ ਮਹੀਨਾ ਜਿਹਾ ਆਵੇ,
ਪੱਕੀ ਕਣਕ ਨੂੰ ਵੇਖ ਜੱਟ ਖੁਸ਼ੀ ਦੇ ਗੀਤ ਗਾਵੇ ।
ਉਹਦੇ ਮਨ ਵਿੱਚ ਚਾਵਾਂ ਦੀ ਉਮੰਗ ਲਹਿਰਾਵੇ,
ਫਿਰ ਹੋ ਕੇ ਤਿਆਰ ਜੱਟ ਮੇਲਾ ਵੇਖਣ ਜਾਵੇ ।
ਬਸ ਇੰਨੀ ਕੁ ਮਿਹਰ ਜ਼ਰੂਰ ਰੱਖੀਂ ਮਾਲਕਾ!
ਇਹਨਾਂ ਖੁਸ਼ੀਆਂ ਨੂੰ ਕਿਸੇ ਦੀ ਨਜ਼ਰ ਨਾ ਲੱਗ ਪਾਵੇ,
ਇਹਨਾਂ ਖੁਸ਼ੀਆਂ ਨੂੰ ਕਿਸੇ ਦੀ ਨਜ਼ਰ ਨਾ ਲੱਗ ਪਾਵੇ ।

ਕੀ ਸਿਫਤ ਕਰਾਂ ਉਸ ਬਾਜ਼ਾਂ ਵਾਲੇ ਦੀ, ਜਿਸ ਨੇ ਆਨੰਦਪੁਰ
ਵਿਖੇ ਦੀਵਾਨ ਸਜਾਇਆ ਏ ।
ਫਿਰ ਖੰਡੇ ਦਾ ਪਾਹੁਲ ਤਿਆਰ ਕਰਕੇ, ਪੰਜ ਪਿਆਰਿਆਂ ਨੂੰ
ਅੰਮ੍ਰਿਤ ਛਕਾਇਆ ਏ।
ਸਿੱਖ ਫੌਜ ਨੂੰ ਸਿੰਘਾਂ ਦੀ ਫੌਜ ਬਣਾ, ਚਿੜੀਆਂ ਨਾਲ ਜਿਸਨੇ
ਬਾਜ਼ ਲੜਾਇਆ ਏ।
ਇੱਕ ਵੱਖਰੀ ਪਹਿਚਾਣ ਜੋ ਸਾਨੂੰ ਦਿੱਤੀ ਤੁਸਾਂ ਪਾਤਸ਼ਾਹ !
ਹਰ ਨਾਮ ਦੇ ਨਾਲ ਸਿੰਘ ਅਤੇ ਕੌਰ ਸਜਾਇਆ ਏ,
ਹਰ ਨਾਮ ਦੇ ਨਾਲ ਸਿੰਘ ਅਤੇ ਕੌਰ ਸਜਾਇਆ ਏ ।

ਜ਼ਿਲਿਆਂ ਵਾਲੇ ਬਾਗ ਦੀ ਉਸ ਦਰਦਨਾਕ ਕਹਾਣੀ ਬਾਰੇ,
ਕੰਧਾਂ ਉੱਤੇ ਗੋਲੀਆਂ ਦੇ ਨਿਸ਼ਾਨ ਪਏ ਦੱਸਦੇ ਆ ।
ਭੁੱਲਦਾ ਨਹੀਂ ਤ੍ਰਿਸ਼ ਸਾਨੂੰ ਉਸ ਭਿਆਨਕ ਮੰਜ਼ਰ ਦਾ,
ਜਿੱਥੇ ਲਾਸ਼ਾਂ ਦੇ ਢੇਰ ਉੱਤੇ ਗੋਰੇ ਪਏ ਹੱਸਦੇ ਆ।
ਗੁਜ਼ਰ ਗਏ ਨੇ ਭਾਵੇਂ ਸਾਲ ਕਈ ਉਸ ਸਾਕੇ ਨੂੰ,
ਪਰ ਅੱਜ ਵੀ ਉਹਨਾਂ ਦੇ ਖ਼ਿਆਲ ਸਾਡੇ ਮਨਾਂ ਵਿੱਚ ਵੱਸਦੇ ਆ,
ਪਰ ਅੱਜ ਵੀ ਉਹਨਾਂ ਦੇ ਖ਼ਿਆਲ ਸਾਡੇ ਮਨਾਂ ਵਿੱਚ ਵੱਸਦੇ ਆ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 12 ਅਪਰੈਲ INTERNATIONAL PAPER, 94636 01616 hardipchumber57@gmail.com

# ਹਾਂ, ਮੈ ਇਕੱਲਾ ਸੀ

ਅਮਨਦੀਪ ਕੌਰ ਘੁੱਦਾ
ਅੰਗਰੇਜ਼ੀ ਅਧਿਆਪਕਾ



ਹਾਂ ,ਮੈਂ ਇਕੱਲਾ ਸੀ ਹਰ ਗਲੀ ਚ ਹਰ ਮੋੜ ਤੇ ਸਕੂਲ ਵਿੱਚ ਵੀ ਮੈਂ ਕੱਲਾ ਸੀ ਮੈਂ ਨਹੀਂ ਡਰਿਆ ਮੈਂ ਨਹੀਂ ਮਰਿਆ ਬਸ ਆਪਣੇ ਹੱਕਾਂ ਲਈ ਲੜਿਆ ਹਾਂ ਉਦੋਂ ਵੀ ਮੈਂ ਇਕੱਲਾ ਸੀ ....

ਮੇਰੀ ਇਹ ਕੌਮ ਦੇ ਬੱਚੇ, ਇਹ ਸਮਝ ਕਿਉਂ ਨਹੀਂ ਰਹੇ ਬੈਂਚਾਂ ਉੱਤੇ ਉੱਚੀਆਂ ਜਾਤਾਂ ਦੇ ਤੇ ਤੱਪੜਾਂ ਤੇ ਬੈਠਾ ਸੀ ਜੋ, ਉਥੇ ਵੀ ਮੈਂ ਇਕੱਲਾ ਸੀ ਮੈਂ ਨਹੀਂ ਡਰਿਆ ਮੈਂ ਨਹੀਂ ਮਰਿਆ ਬਸ ਆਪਣੇ ਹੱਕਾਂ ਲਈ ਲੜਿਆ ਉਦੋਂ ਵੀ ਮੈਂ ਇਕੱਲਾ ਸੀ ........

ਮੈਨੂੰ ਰੋਕਿਆ ਬੜਾ ਮੈਨੂੰ ਟੋਕਿਆ ਬੜਾ ਪਰ ਮੈਂ ਉਗਦਾ ਰਿਹਾ ਸੀ
ਜੰਗਲੀ ਘਾਹ ਦੇ ਵਾਂਗ, ਮੈਂ ਵੱਗਦਾ ਰਿਹਾ ਦਰਿਆਵਾਂ ਦੇ ਵਾਂਗ
ਮੈਂ ਨਹੀਂ ਡਰਿਆ ਮੈਂ ਨਹੀਂ ਮਰਿਆ ਬਸ ਆਪਣੇ ਹੱਕਾਂ ਲਈ ਲੜਿਆ ਹਾਂ ਉਦੋਂ ਵੀ ਮੈਂ ਇਕੱਲਾ ਸੀ .......

ਮੇਰੇ ਸਤਿਕਾਰਯੋਗ ਅਧਿਆਪਕ ਵੀ ਮੈਨੂੰ ਘੂਰੀ ਦੇ ਕੇ ਰੱਖਦੇ ਸੀ ਮੈਨੂੰ ਕਹਿੰਦੇ ਸੀ ਤੂੰ ਪੜ੍ਹ ਕੇ ਕੀ ਕਰਨਾ ਤੂੰ ਕਿਹੜਾ ਵੱਡਾ ਹੋ ਕੇ ਮਨਿਸਟਰ ਬਣਨਾ, ਉਸ 50 ਬੱਚਿਆਂ ਦੀ ਕਲਾਸ ਦੇ ਵਿੱਚ ਮੈਂ ਮਾਸਟਰਾਂ ਦਾ ਵਿਤਕਰਾ ਸਹਿੰਦਾ ਰਿਹਾ ਮੈਂ ਨਹੀਂ ਡਰਿਆ
ਮੈਂ ਨਹੀਂ ਮਰਿਆ ਮੈਂ ਆਪਣੇ ਹੱਕਾਂ ਲਈ ਲੜਿਆ ਹਾਂ ਉਦੋਂ ਵੀ ਮੈਂ ਇਕੱਲਾ ਸੀ .....

ਮੇਰੀ ਕੀਤੀ ਮਿਹਨਤ ਨਿਖਰ ਕੇ ਆਈ ਕਿਸਮਤ ਮੇਰੀ ਉਹ ਸਮਾਂ ਵੀ ਲੈ ਆਈ ਜਦ ਛੋਟੀ ਜਾਤੀ ਦਾ ਇਹ ਜਾਇਆ ਅਮਰੀਕਾ, ਲੰਡਨ ਤੋਂ ਪੜ੍ਹ ਕੇ ਆਇਆ 32 ਡਿਗਰੀਆਂ ਸੀ ਨਾਲ ਲਿਆਇਆ
ਬਰਿਸਟਰ ਵੀ ਮੈਂ ਬਣ ਕੇ ਦਿਖਾਇਆ , ਮੈਂ ਨਹੀਂ ਡਰਿਆ ਮੈਂ ਨਹੀਂ ਮਰਿਆ ਬਸ ਆਪਣੇ ਹੱਕਾਂ ਲਈ ਮੈਂ ਲੜਿਆ ਹਾਂ ਉਦੋਂ ਵੀ ਮੈਂ ਇਕੱਲਾ ਸੀ.....

ਫਿਰ ਭਗਤ ਸਿੰਘ ਨੇ ਲਹਿਰ ਚਲਾਈ ਭਾਰਤ ਦੇਸ਼ ਨੂੰ ਆਜ਼ਾਦੀ ਦਿਵਾਈ , ਕਾਂਗਰਸ ਦੇ ਸੀ ਉੱਚੇ ਨੇਤਾ ਲੱਭਦੇ ਫਿਰਦੇ ਸੀ ਕੋਈ ਸਿੱਖਿਆ ਦਾ ਵਿਜੇਤਾ, ਮੇਰੇ ਤੇ ਸੀ ਉਹਨਾਂ ਅੱਖ ਟਿਕਾਈ ਸੰਵਿਧਾਨ ਲਿਖਣ ਦੀ ਸੀ ਬਾਰੀ ਆਈ, ਮੈਂ ਨਹੀਂ ਡਰਿਆ ਮੈਂ ਨਹੀਂ ਮਰਿਆ ਬੱਸ ਆਪਣੇ ਹੱਕਾਂ ਲਈ ਲੜਿਆ ਹਾਂ ਉਦੋਂ ਵੀ ਮੈਂ ਇਕੱਲਾ ਸੀ ....

ਇੱਥੇ ਹੀ ਗੱਲ ਬੱਸ ਨਾ ਹੋਈ ਮੀਟਿੰਗ ਦੀ ਤਰੀਕ ਸੀ ਆਈ, ਮੇਰੇ ਨਾਲ ਦੇ ਬਹੁਤੇ ਸੱਜਣ ਉਹਨਾਂ ਦਾ ਸੀ ਬਸ ਈ ਏਹੀ ਕਹਿਣਾ , ਅਸੀਂ ਇਸਦੇ ਨਾਲ ਨਹੀਂ ਬਹਿਣਾ , ਇਕੱਲੇ ਨੇ ਕਾਨੂੰਨ ਬਣਾਇਆ ਆਪਣੀ ਕੌਮ ਨੂੰ ਹੱਕ ਦਵਾਇਆ, ਮੈਂ ਨਹੀਂ ਡਰਿਆ ਮੈਂ ਨਹੀਂ ਮਰਿਆ ਬਸ ਆਪਣੇ ਹੱਕਾਂ ਲਈ ਲੜਿਆ ਉਦੋਂ ਵੀ ਮੈਂ ਇਕੱਲਾ ਸੀ........

# ਖਾਲਸਾ ਸਾਜਨਾ ਦਿਵਸ ਅਤੇ ੧੧੧ ਸੰਤ ਬਾਬਾ ਬਲਵੰਤ ਸਿੰਘ ਸਿੱਧਸਰ ਸਿਹੋੜਾ ਸਾਹਿਬ ਵਾਲਿਆਂ ਦੇ ਜਨਮ ਦਿਨ ਨੂੰ ਸਮਰਪਿਤ ਧਾਰਮਿਕ ਸਮਾਗਮ ਪਿੰਡ ਰੋੜਗੜ੍ਹ ਪਟਿਆਲਾ ਵਿਖੇ ਅੱਜ 13 ਅਪ੍ਰੈਲ ਨੂੰ।

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 12 ਅਪਰੈਲ INTERNATIONAL PAPER, 94636 01616 hardipchumber57@gmail.com




ਪਟਿਆਲਾ ਜਗਤਾਰ ਸਿੰਘ ਰੋੜੇਵਾਲ -- ਖਾਲਸਾ ਸਾਜਨਾ ਦਿਵਸ (ਵਿਸਾਖੀ) ਅਤੇ ਸ੍ਰੀ ਮਾਨ ੧੧੧ ਸੰਤ ਬਾਬਾ ਬਲਵੰਤ ਸਿੰਘ ਜੀ ਸਿੱਧਸਰ ਸਿਹੋੜਾ ਸਾਹਿਬ ਵਾਲਿਆਂ ਦੇ ਜਨਮ ਦਿਹਾੜੇ ਨੂੰ ਸਮਰਪਿਤ 13 ਅਪ੍ਰੈਲ 2025 ਦਿਨ ਐਤਵਾਰ ਨੂੰ ਸੰਤ ਬਾਬਾ ਗੁਰਚਰਨ ਸਿੰਘ ਮੌਜੂਦਾ ਗੱਦੀਨਸ਼ੀਨ ਦੀ ਦੇਖਰੇਖ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਤਰ ਸਾਇਆ ਹੇਠ ਅਤੇ ਇਲਾਕੇ ਦੀ ਸੰਗਤ ਵਲੋਂ ਗੁਰਦੁਆਰਾ ਸ੍ਰੀ ਗੁਫਾਸਰ ਸਾਹਿਬ ਪਿੰਡ ਰੋੜਗੜ੍ਹ, ਰੋੜੇਵਾਲ ਸਾਹਿਬ (ਪਟਿਆਲਾ) ਵਿਖੇ ਧਾਰਮਿਕ ਸਮਾਗਮ ਬੜੀ ਸ਼ਰਧਾ ਭਾਵਨਾ ਨਾਲ ਕਰਵਾਇਆ ਜਾ ਰਿਹਾ ਹੈ।

ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਬਲਵਿੰਦਰ ਸਿੰਘ ਕੰਗ ਸਰਪੰਚ ਪਿੰਡ ਰੋੜਗੜ੍ਹ ਨੇ ਦੱਸਿਆ ਕਿ ਇਸ ਮੌਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਭੋਗ ਪਾਏ ਜਾਣਗੇ ਉਪਰੰਤ ਬਾਬਾ ਗੁਰਚਰਨ ਸਿੰਘ ਮੌਜੂਦਾ ਗੱਦੀਨਸ਼ੀਨ ਜੀ ਮਨੋਹਰ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਗੁਰੂ ਕਾ ਲੰਗਰ ਅਟੁੱਟ ਵਰਤੇਗਾ। ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਇਸ ਮੌਕੇ ਗੁਰਦੁਆਰਾ ਸ੍ਰੀ ਗੁਫਾਸਰ ਸਾਹਿਬ ਪਿੰਡ ਰੋੜਗੜ੍ਹ, ਰੋੜੇਵਾਲ ਸਾਹਿਬ, ਪਟਿਆਲਾ ਵਿਖੇ ਪਹੁੰਚ ਕੇ ਗੁਰੂ ਘਰ ਹਾਜ਼ਰੀ ਭਰੋ ਜੀ। ਇਸੇ ਦਿਨ ਸ਼ਾਮ 4 ਵਜੇ ਪੰਜ ਪਿਆਰਿਆਂ ਵਲੋਂ ਅੰਮ੍ਰਿਤ ਸੰਚਾਰ ਕਰਵਾਇਆ ਜਾਵੇਗਾ ਉਪਰੰਤ ਗੁਰੂ ਘਰ ਵਿਖੇ ਦੀਪ ਮਾਲਾ ਕੀਤੀ ਜਾਵੇਗੀ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 12 ਅਪਰੈਲ
INTERNATIONAL PAPER, 9463601616
hardipchumber57@gmail.com

# ਕੁੱਕੂ ਅਪਟੀਮਾਈਜ਼ੇਸ਼ਨ ਐਲਗੋਰਿਦਮ: ਕੋਇਲ ਪੰਛੀ ਤੋਂ ਸਿੱਖੀ ਹੋਸ਼ਿਆਰੀ



ਡਾ. ਅਮਰ ਪ੍ਰਤਾਪ ਸਿੰਘ ਫਰਵਾਹਾ, ਪ੍ਰੋਫੈਸਰ, ਈਸੀਈ ਵਿਭਾਗ, ਸੰਤ ਲੌਂਗੋਵਾਲ ਇੰਜੀਨੀਅਰਿੰਗ ਅਤੇ ਤਕਨੀਕੀ ਸੰਸਥਾਨ, ਲੌਂਗੋਵਾਲ-148106, ਜ਼ਿਲਾ ਸੰਗਰੂਰ, ਪੰਜਾਬ।

## ਭੂਮਿਕਾ:

ਅੱਜ ਕੱਲ ਦੇ ਦੌਰ ਵਿੱਚ, ਜਿੱਥੇ ਵਿਗਿਆਨ ਅਤੇ ਤਕਨਾਲੋਜੀ ਬੇਹੱਦ ਤੇਜ਼ੀ ਨਾਲ ਵਿਕਸਤ ਹੋ ਰਹੇ ਹਨ, ਉਥੇ ਨਵੇਂ-ਨਵੇਂ ਕੰਪਿਊਟਰ ਦੇ ਤਰੀਕਿਆਂ ਦੀ ਲੋੜ ਮਹਿਸੂਸ ਕੀਤੀ ਜਾ ਰਹੀ ਹੈ। ਇਨਾ ਨਵਿਆਂ ਤਰੀਕਿਆਂ ਵਿੱਚੋਂ ਇੱਕ ਤਰੀਕਾ "ਕੁੱਕੂ ਅਪਟੀਮਾਈਜ਼ੇਸ਼ਨ ਐਲਗੋਰਿਦਮ" ਦਾ ਹੈ, ਜੋ ਕਿ ਕੋਇਲ ਪੰਛੀ ਦੀਆ ਕੁਦਰਤੀ ਵਿਧੀਆਂ ਤੋਂ ਪ੍ਰੇਰਿਤ, ਇੱਕ ਉੱਤਮ ਤਕਨੀਕ ਹੈ। ਕੋਇਲ ਪੰਛੀ ਨੂੰ ਅੰਗਰੇਜ਼ੀ ਵਿੱਚ ਕੁੱਕੂ ਕਿਹਾ ਜਾਂਦਾ ਹੈ। ਇਹ ਐਲਗੋਰਿਦਮ, ਵੱਖ ਵੱਖ ਸਮੱਸਿਆਵਾਂ ਦਾ ਵਧੀਆ ਹੱਲ ਲੱਭਣ ਲਈ, ਕੋਇਲ ਪੰਛੀ ਦੇ ਇੱਕ ਅਨੋਖੇ ਵਿਵਹਾਰ ਤੋਂ ਪ੍ਰੇਰਿਤ ਹੈ।

## ਕੋਇਲ (ਕੁੱਕੂ) ਪੰਛੀ ਦਾ ਜੈਵਿਕ ਵਿਵਹਾਰ:

ਕੁੱਕੂ (ਮਾਦਾ) ਪੰਛੀ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਹ ਆਪਣੇ ਅੰਡਿਆਂ ਦੀ ਦੇਖਭਾਲ ਖੁਦ ਨਹੀਂ ਕਰਦਾ, ਸਗੋਂ ਉਹਨਾਂ ਨੂੰ ਹੋਰ ਪੰਛੀਆਂ ਦੇ ਆਲ੍ਹਣੇ ਵਿੱਚ ਰੱਖ ਦਿੰਦਾ ਹੈ। ਇਹ ਵਿਧੀ "ਬ੍ਰੂਡ ਪੈਰਾਸਿਟਿਜ਼ਮ" ਕਹਾਉਂਦੀ ਹੈ। ਕੁਝ ਕੁੱਕੂ ਪੰਛੀ, ਆਪਣੇ ਅੰਡਿਆਂ ਦਾ ਰੰਗ ਤੇ ਆਕਾਰ, ਉਨ੍ਹਾਂ ਪੰਛੀਆਂ ਦੇ ਅੰਡਿਆਂ ਵਰਗਾ ਹੀ ਬਣਾ ਦਿੰਦੇ ਹਨ, ਜਿਨ੍ਹਾਂ ਦੇ ਆਲ੍ਹਣੇ ਵਿੱਚ ਉਹ ਆਪਣੇ ਅੰਡੇ ਰੱਖ ਰਹੇ ਹਨ, ਤਾਂ ਕਿ ਉਹਨਾਂ ਪੰਛੀਆਂ ਨੂੰ ਇਹ ਨਜ਼ਰ ਨਾ ਆਵੇ ਕਿ ਕੋਈ ਹੋਰ ਪੰਛੀ ਆਪਣੇ ਅੰਡੇ ਉਨ੍ਹਾਂ ਦੇ ਆਲ੍ਹਣੇ ਵਿੱਚ ਰੱਖ ਗਿਆ ਹੈ। ਜਦੋਂ ਉਹ ਅੰਡੇ ਫੁੱਟਦੇ ਹਨ, ਤਾਂ ਕੁੱਕੂ ਦਾ ਬੱਚਾ ਆਲ੍ਹਣੇ ਵਿੱਚੋਂ ਹੋਰ ਅੰਡਿਆਂ ਨੂੰ ਧੱਕਾ ਦੇਕੇ ਬਾਹਰ ਸੁੱਟ ਦਿੰਦਾ ਹੈ, ਤਾਂ ਜੋ ਸਾਰਾ ਧਿਆਨ ਅਤੇ ਖੁਰਾਕ ਉਸ ਨੂੰ ਮਿਲੇ ਅਤੇ ਸਿਰਫ ਉਹ ਆਪ ਹੀ ਵਧ ਸਕੇ। ਇਹ ਇੱਕ ਅਨੋਖੀ ਵਿਧੀ ਹੈ, ਜਿਸ ਰਾਹੀਂ ਕੁਕੂ ਆਪਣੀ ਆਬਾਦੀ ਨੂੰ ਵਧਾਉਂਦੇ ਹਨ। ਕੁੱਕੂ ਅਪਟੀਮਾਈਜ਼ੇਸ਼ਨ ਐਲਗੋਰਿਦਮ, ਇਸ ਸੰਕਲਪ ਨੂੰ, ਕੰਪਿਊਟਰ ਰਾਹੀਂ, ਅਨੇਕਾਂ ਗੁੰਝਲਦਾਰ ਸਮੱਸਿਆਵਾਂ ਦਾ ਹੱਲ ਲੱਭਣ ਵਿੱਚ ਵਰਤਦਾ ਹੈ।

## ਕੁੱਕੂ ਆਪਟੀਮਾਈਜ਼ੇਸ਼ਨ ਐਲਗੋਰਿਦਮ ਦੀਆਂ ਵਿਸ਼ੇਸ਼ਤਾਵਾਂ:

ਚੁਸਤ ਖੋਜ: ਇਹ ਐਲਗੋਰਿਦਮ, ਨਵੇਂ ਤੇ ਵਧੀਆ ਹੱਲ ਖੋਜਣ ਦੀ ਸਮਰੱਥਾ ਰੱਖਦਾ ਹੈ।

ਨਵੀਂ ਪੈਦਾਵਾਰ: ਇਸ ਐਲਗੋਰਿਦਮ ਵਿੱਚ ਨਵੇਂ "ਅੰਡੇ" (ਹੱਲ) ਬਣਦੇ ਹਨ, ਜਿਨ੍ਹਾਂ ਵਿੱਚੋਂ ਚੰਗੇ ਅੰਡੇ ਚੁਣੇ ਜਾਂਦੇ ਹਨ।



ਲੈਵੀ ਉਡਾਣ: ਹੱਲ ਲੱਭਣ ਲਈ ਇਸ ਐਲਗੋਰਿਦਮ ਵਿੱਚ, ਕੁੱਕੂ ਪੰਛੀ ਦੀ ਰੈਂਡਮ ਉਡਾਣ ਦੀ ਨਕਲ ਕੀਤੀ ਜਾਂਦੀ ਹੈ।

ਵੱਖ-ਵੱਖ ਖੇਤਰਾਂ ਵਿੱਚ ਲਾਗੂ: ਇਹ ਐਲਗੋਰਿਦਮ ਇੰਜੀਨੀਅਰਿੰਗ, ਵਾਹਨ ਆਵਾਜਾਈ, ਨੈੱਟਵਰਕ ਮੈਨੇਜਮੈਂਟ, ਤੇ 'ਨਵੀਨੀਕਰਣ ਯੋਗ ਊਰਜਾ' ਵਰਗੇ ਖੇਤਰਾਂ ਵਿੱਚ ਵਰਤਿਆ ਜਾਂਦਾ ਹੈ।

ਆਸਾਨ ਤੇ ਤੇਜ਼ ਤਰੀਕਾ: ਇਹ ਤਰੀਕਾ ਆਸਾਨ ਹੈ ਅਤੇ ਘੱਟ ਗਿਣਤੀ ਨਿਯਮਾਂ ਨਾਲ ਕੰਮ ਕਰ ਸਕਦਾ ਹੈ।

ਇਹ ਵਿਸ਼ੇਸ਼ਤਾਵਾਂ ਕੁੱਕੂ ਅਪਟੀਮਾਈਜ਼ੇਸ਼ਨ ਐਲਗੋਰਿਦ ਨੂੰ ਇੱਕ ਪ੍ਰਭਾਵਸ਼ਾਲੀ 'ਮੈਟਾ-ਹਿਊਰਿਸਟਿਕ ਐਲਗੋਰਿਦਮ' ਬਣਾਉਂਦੀਆਂ ਹਨ, ਜੋ ਕਿ ਕਈ ਅਨੁਸ਼ਾਸ਼ਨਾਂ ਵਿੱਚ ਵਰਤਿਆ ਜਾਂਦਾ ਹੈ।

ਕੁੱਕੂ ਅਪਟੀਮਾਈਜ਼ੇਸ਼ਨ ਐਲਗੋਰਿਦਮ ਦੀ ਸਾਇੰਸ ਅਤੇ ਟੈਕਨੋਲੋਜੀ ਵਿੱਚ ਵਰਤੋਂ:

ਕੁੱਕੂ ਅਪਟੀਮਾਈਜ਼ੇਸ਼ਨ ਐਲਗੋਰਿਦਮ ਇੱਕ ਸੁਝਾਅ-ਆਧਾਰਿਤ ਤਰੀਕਾ ਹੈ, ਜੋ ਕਿ ਕੁੱਕੂ ਪੰਛੀ ਦੇ ਉੱਪਰ ਦੱਸੇ ਅਨੋਖੇ ਵਿਵਹਾਰ ਤੇ ਆਧਾਰਿਤ ਹੈ। ਇਹ ਤਕਨੀਕ ਅਸੀਂ ਸਾਇੰਸ ਅਤੇ ਟੈਕਨੋਲੋਜੀ ਵਿੱਚ ਕਈ ਤਰੀਕਿਆਂ ਨਾਲ ਵਰਤ ਸਕਦੇ ਹਾਂ:

### 1. ਟ੍ਰੈਫਿਕ ਪ੍ਰਬੰਧਨ:

ਵੱਡੇ ਸ਼ਹਿਰਾਂ ਵਿੱਚ ਟ੍ਰੈਫਿਕ ਨੂੰ ਚੰਗੀ ਤਰ੍ਹਾਂ ਸੰਭਾਲਣਾ ਇੱਕ ਚੁਣੌਤੀ ਭਰਿਆ ਕੰਮ ਹੁੰਦਾ ਹੈ। ਕੁੱਕੂ ਅਪਟੀਮਾਈਜ਼ੇਸ਼ਨ ਦੀ ਵਰਤੋਂ ਕਰਕੇ, ਵਾਹਨਾਂ ਲਈ ਸਭ ਤੋਂ ਵਧੀਆ ਮਾਰਗ ਅਤੇ ਟਰੈਫਿਕ ਲਾਈਟਾਂ ਦਾ ਸਮਾਂ ਠੀਕ ਕੀਤਾ ਜਾਂਦਾ ਹੈ, ਤਾਂ ਜੋ ਜਾਮ ਘੱਟ ਹੋਵੇ ਅਤੇ ਲੋਕ ਤੇਜ਼ੀ ਨਾਲ ਆਪਣੀ ਮੰਜ਼ਿਲ ਉੱਤੇ ਪਹੁੰਚ ਸਕਣ।

### 2. ਇੰਟਰਨੈੱਟ ਅਤੇ ਨੈੱਟਵਰਕ ਪ੍ਰਬੰਧਨ:

ਵੈੱਬਸਾਈਟਾਂ ਤੇਜ਼ੀ ਨਾਲ ਚੱਲਣ, ਡਾਟਾ ਸੈਂਟਰਾਂ ਦੀ ਪ੍ਰਭਾਵਸ਼ਾਲੀ ਕੰਮਕਾਜ਼ੀ, ਅਤੇ ਵਾਈ-ਫਾਈ ਸਿਗਨਲ ਵਧੀਆ ਬਣਾਉਣ ਲਈ ਵੀ ਇਹ ਐਲਗੋਰਿਦਮ ਵਰਤਿਆ ਜਾਂਦਾ ਹੈ। ਇਹ ਬਿਹਤਰ ਸਰਵਿਸ ਦੇਣ ਲਈ ਸਭ ਤੋਂ ਚੰਗੀਆਂ ਸੰਭਾਵਨਾਵਾਂ ਦੀ ਖੋਜ ਕਰਦਾ ਹੈ।

### 3. ਚਕਿਸਤਾ ਅਤੇ ਵਿੱਦਿਆ:

ਇਹ ਐਲਗੋਰਿਦਮ ਨਵੇਂ ਇਲਾਜ ਖੋਜਣ, ਜੀਨ ਸੰਬੰਧੀ ਅਧਿਐਨ, ਅਤੇ ਬਾਇਓਇਨਫਾਰਮੈਟਿਕਸ ਆਦਿ ਜਿਖੇਤਰਾਂ ਵਿੱਚ ਮਦਦ ਕਰਦੀ ਹੈ। ਉਦਾਹਰਨ ਵਜੋਂ, ਕਿਸੇ ਵੀ ਰੋਗ ਦੀ ਨਵੀਂ ਦਵਾਈ ਬਣਾਉਣ ਲਈ, ਇਹ ਐਲਗੋਰਿਦਮ ਸਭ ਤੋਂ ਵਧੀਆ ਸੰਭਾਵਨਾ ਵਾਲੇ ਰਸਾਇਣਿਕ ਸੰਜੋਗ ਦੀ ਪਛਾਣ ਕਰਦੀ ਹੈ।

### 4. ਨਵੀਨੀਕਰਣ ਯੋਗ ਊਰਜਾ:

ਸੋਲਰ ਅਤੇ ਵਿੰਡ ਐਨਰਜੀ, ਜਿਵੇਂ ਨਵੀਨੀਕਰਣ ਯੋਗ ਊਰਜਾ ਸਰੋਤਾਂ ਦੀ ਸਮਰੱਥਾ ਵਧਾਉਣ ਲਈ ਵੀ ਇਹ ਤਕਨੀਕ ਵਰਤੀ ਜਾਂਦੀ ਹੈ। ਇਹ ਸੁਨਿਸ਼ਚਿਤ ਕਰਦੀ ਹੈ ਕਿ 'ਸੂਰਜੀ ਊਰਜਾ ਪੈਨਲ' ਸਭ ਤੋਂ ਵਧੀਆ ਸਥਾਨ ਤੇ ਲਗਾਏ ਜਾਣ ਅਤੇ ਵਿੰਡ ਟਰਬਾਈਨ ਸਭ ਤੋਂ ਵਧੀਆ ਥਾਂ ਉੱਤੇ ਹੋਣ, ਤਾਂ ਜੋ ਉਚਿਤ ਊਰਜਾ ਦਾ ਉਤਪਾਦਨ ਹੋ ਸਕੇ। ਇਸ ਤਰੀਕੇ ਨਾਲ, ਕੁੱਕੂ ਅਪਟੀਮਾਈਜ਼ੇਸ਼ਨ ਐਲਗੋਰਿਦਮ ਆਉਣ ਵਾਲੇ ਸਮੇਂ ਵਿੱਚ ਹੋਰ ਨਵੇਂ ਖੇਤਰਾਂ ਵਿੱਚ ਵੀ ਆਪਣੇ ਲਾਭ ਦਿਖਾ ਸਕਦਾ ਹੈ।

ਇਨਸਾਨੀਅਤ ਲਈ ਸੁਨੇਹਾ:

ਕੋਇਲ ਪੰਛੀ ਦੀ ਚਤੁਰਾਈ ਸਾਨੂੰ ਸਿੱਖਾਉਂਦੀ ਹੈ ਕਿ ਅਸੀਂ ਆਪਣੇ ਮਾਹੌਲ ਵਿੱਚ ਮੌਜੂਦ ਸਰੋਤਾਂ ਨੂੰ ਸੁਚੱਜੇ ਢੰਗ ਨਾਲ ਵਰਤ ਸਕਦੇ ਹਾਂ। ਸਾਨੂੰ ਅੱਗੇ ਵਧਣ ਲਈ ਨਵੇਂ ਤਰੀਕਿਆਂ ਦੀ ਖੋਜ ਕਰਨੀ ਚਾਹੀਦੀ ਹੈ, ਪਰ ਇਹ ਵੀ ਯਕੀਨੀ ਬਣਾਉਣਾ ਚਾਹੀਦਾ ਹੈ, ਕਿ ਅਸੀਂ ਪ੍ਰਕ੍ਰਿਤੀ ਅਤੇ ਇਨਸਾਨੀਅਤ ਲਈ ਹਾਨੀਕਾਰਕ ਨਾ ਬਣੀਏ।

## ਨਿਸ਼ਕਰਸ਼:

ਕੁੱਕੂ ਅਪਟੀਮਾਈਜ਼ੇਸ਼ਨ ਐਲਗੋਰਿਦਮ, ਜੋ ਕਿ ਕੁਦਰਤ ਦੀ ਯੁਕਤਿ ਤੇ ਅਧਾਰਿਤ ਇੱਕ ਗਣਿਤਿਕ ਤਰੀਕਾ ਹੈ, ਅੱਜ ਦੇ ਤਕਨਾਲੋਜੀ ਯੁਗ ਵਿੱਚ ਇੱਕ ਮਹੱਤਵਪੂਰਨ ਹਥਿਆਰ ਬਣ ਚੁੱਕਿਆ ਹੈ। ਇਸ ਦੀ ਵਰਤੋਂ ਕਰਕੇ ਅਸੀਂ ਜ਼ਿੰਦਗੀ ਦੇ ਅਨੇਕ ਖੇਤਰਾਂ ਵਿੱਚ ਵਧੀਆ ਹੱਲ ਲੱਭ ਸਕਦੇ ਹਾਂ। ਇਹ ਸਾਨੂੰ ਦੱਸਦਾ ਹੈ ਕਿ ਨਵੇਂ ਹੱਲ, ਨਵੀਨਤਾ ਅਤੇ ਚਤੁਰਾਈ ਨਾਲ ਪੈਦਾ ਕੀਤੇ ਜਾ ਸਕਦੇ ਹਨ, ਜਿਸ ਤਰ੍ਹਾਂ ਕੁਕੂ ਪੰਛੀ ਆਪਣੀ ਜ਼ਿੰਦਗੀ ਲਈ ਹੋਰ ਪੰਛੀਆਂ ਦੀ ਮਦਦ ਲੈਂਦੇ ਹਨ। ਅਸੀਂ ਵੀ ਪ੍ਰਕ੍ਰਿਤੀ ਅਤੇ ਵਿਗਿਆਨ ਤੋਂ ਸਿੱਖ ਕੇ ਆਪਣਾ ਭਵਿੱਖ ਸੁਧਾਰ ਸਕਦੇ ਹਾਂ।

# ਭਵਿੱਖ ਦਾ ਨਿਰਮਾਤਾ ਤੇ ਸਫਲ ਡੇਅਰੀ ਫਾਰਮਰ-ਅਨਿਲ ਬਾਂਸਲ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 12 ਅਪਰੈਲ
INTERNATIONAL PAPER, 9463601616
hardipchumber57@gmail.com





ਲੈਕਚਰਾਰ ਅਜੀਤ ਖੰਨਾ
ਮੋਬਾਈਲ:76967-54669

ਜੇ ਕੁੱਝ ਸੋਚੋਂ ਮਨ ਵਿਚ ਸੱਜਣਾ ,ਉੱਦਮ ਕਰੀ ਜ਼ਰੂਰ
ਬਿਨ ਉਧਮ ਹੱਥ ਸੱਖਣੇ ਰਹਿਸਣ,ਉਧਮ ਬੀ ਭਰਪੂਰ

ਸਾਹਿਤਕਾਰ ਬਲਦੇਵ ਧਾਲੀਵਾਲ ਦੀ ਕਵਿਤਾ ਦੀਆਂ ਇਹ ਸਤਰਾਂ ਉਸ ਸ਼ਖਸ਼ੀਅਤ ਉੱਤੇ ਬਿਲਕੁਲ ਢੁੱਕਦੀਆਂ ਹਨ ਜਿਸ ਬਾਰੇ ਮੈਂ ਤੁਹਾਡੇ ਨਾਲ ਸ਼ਬਦਾਂ ਜ਼ਰੀਏ ਸਾਂਝ ਪਾਉਣ ਜਾ ਰਿਹਾ ਹਾਂ।ਜੋ ਨਾ ਸਿਰਫ ਦੇਸ਼ ਦਾ ਨਿਰਮਾਤਾ ਹੈ ਸਗੋ ਉਸ ਨੇ ਅਧਿਆਪਨ ਕਿੱਤਾ ਅਪਣਾਉਣ ਦੇ ਨਾਲ ਨਾਲ ਜੱਦੀ ਪੁਸ਼ਤੀ ਕਿੱਤੇ ਡੇਅਰੀ ਫਾਰਮਿੰਗ ਨੂੰ ਸਹਾਇਕ ਧੰਦੇ ਵਜੋਂ ਆਪਣਾ ਕੇ ਨਾ ਸਿਰਫ ਇਲਾਕੇ ਚ ਸਗੋਂ ਪੂਰੇ ਪੰਜਾਬ ਚ ਆਪਣੀ ਪਛਾਣ ਦੀ ਵੱਖਰੀ ਮੋਹੜੀ ਗੱਡੀ ਹੈ।ਅੱਜ ਹਰ ਬੰਦਾ ਜਿੱਥੇ ਉਨਾਂ ਵੱਲੋਂ ਵਿਦਿਆ ਦੇ ਖੇਤਰ ਚ ਪਾਏ ਜਾ ਰਹੇ ਯੋਗਦਾਨ ਦੀ ਪ੍ਰਸ਼ੰਸ਼ਾ ਕਰ ਰਿਹਾ ਹੈ ਉਥੇ ਉਸਦੇ ਡੇਅਰੀ ਫਾਰਮ ਨੂੰ ਵੀ ਸਲਾਹ ਰਿਹਾ ਹੈ।ਉਹ ਸ਼ਖਸ਼ੀਅਤ ਕਿਸੇ ਜਾਣ ਪਛਾਣ ਦੀ ਮੁਹਤਾਜ ਨਹੀਂ ਹੈ ਤੇ ਉਹ ਸ਼ਖਸ਼ੀਅਤ ਹੈ ਸ੍ਰੀ

ਡੇਅਰੀ ਫਾਰਮਿੰਗ ਦਾ ਸ਼ੌਕ ਅਨਿਲ ਬਾਂਸਲ ਨੂੰ ਇੱਕ ਸਫਲ ਡੇਅਰੀ ਫਾਰਮਰ ਬਣਾ ਗਿਆ।ਬਚਪਨ ਤੋਂ ਹੀ ਉਸ ਨੂੰ ਆਪਣੇ ਪਿਤਾ ਪੁਰਖੀ ਧੰਦਾ ਫਲੌਰ ਮਿਲ ਵਿਚ ਬੈਠਣ ਦਾ ਮੌਕਾ ਮਿਲਦਾ ਸੀ।ਜਦੋਂ ਉਹ ਕਿਸੇ ਵੀ ਚੀਜ਼ ਵਿੱਚ ਮਿਲਾਵਟ ਦੇਖਦਾ ਤਾਂ ਉਸ ਨੂੰ ਬਹੁਤ ਬੜਾ ਆ ਜਾਂਦਾ ।ਇਸਨੂੰ ਦੇਖਦੇ ਹੋਏ ਉਸ ਨੂੰ ਸਾਫ਼ ਤੇ ਸ਼ੁੱਧ ਖਾਣ ਪੀਣ ਦੀਆਂ ਚੀਜ਼ਾਂ ਬਣਾਉਣ ਦੀ ਗੱਲ ਮਨ ਚ ਆਈ।ਜਿਸ ਕਰਕੇ ਉਸ ਨੇ ਫਲੋਰ ਮਿੱਲ ਦੇ ਨਾਲ-ਨਾਲ ਡੇਅਰੀ ਫ਼ਾਰਮਿੰਗ ਦੇ ਸ਼ੌਕ ਨੂੰ ਵੀ ਧੰਦਾ ਬਣਾ ਲਿਆ।ਉਹ ਆਪ ਆਪਣੀਆਂ ਚੀਜ਼ਾਂ ਜਿਵੇਂ ਕਿ ਬੇਸਣ, ਤੇਲ, ਆਟਾ ਆਦਿ ਪੂਰੀ ਤਰਾਂ ਨਾਲ ਆਪਣੀ ਫਲੌਰ ਮਿੱਲ ਵਿੱਚ ਆਪਣੀ ਨਿਗਰਾਨੀ ਹੇਠ ਬਣਾਉਂਦੇ ਹਨ।ਆਪਣੇ ਫਾਰਮ ਵਿਚ ਅਨਿਲ ਬਾਂਸਲ ਨੇ 50 ਗਾਂਵਾਂ ਅਤੇ 20 ਮੱਝਾਂ ਰੱਖੀਆਂ ਹੋਈਆਂ ਹਨ। ਇਸ ਤੋਂ ਇਲਾਵਾ ਆਲੇ ਦੁਆਲੇ ਤੋਂ ਵੀ ਵੱਧ ਪੈਸੇ ਦੇ ਕੇ ਘਰਾਂ ਤੋਂ ਸ਼ੁਧ ਦੁਧ ਖ਼ਰੀਦਦਾ ਹੈ।ਜਿਸ ਤੋਂ ਪਿਊਰ ਖੋਆ, ਪਨੀਰ, ਮੱਖਣ, ਦਹੀਂ, ਦੁੱਧ, ਕਰੀਮ, ਆਇਸਕਰੀਮ, ਬਰਫ਼ੀ, ਮਠਿਆਈਆਂ, ਬਰੈਡ ਪਕੌੜੇ, ਸਮੋਸੇ, ਟਿੱਕੀ, ਦਹੀਂ ਭੱਲੇ , ਦੇਸੀ ਘਿਓ ਆਦਿ ਸਭ ਕੁਝ ਪੂਰੀ ਕੁਆਲਟੀ ਅਤੇ ਬਜ਼ਾਰ ਨਾਲੋਂ ਸਸਤੇ ਰੇਟਾਂ ਤੇ ਕਪੂਰਗੜ ਤੇ ਡੇਅਰੀ ਫਾਰਮ ਬਾਗੜੀਆਂ ਵਿਖੇ ਉਪਲੱਬਧ ਹਨ। ਉਹ ਫਲੋਰ ਮਿਲ ਵਿੱਚ ਸੁਧ ਆਟਾ,ਮਿਕਸ ਆਟਾ,ਮੱਕੀ ਦਾ ਆਟਾ,ਸਰੋਂ ਦਾ ਤੇਲ,ਸੁਧ ਖਲ ਫੀਡ ,ਬੇਸਣ ਆਦਿ ਚੀਜਾਂ ਆਪਣੀ ਨਿਗਰਾਨੀ ਵਿੱਚ ਬਣਾਉਂਦੇ ਹਨ ਜਿਨਾਂ ਨੂੰ ਉਹ ਆਪਣੇ ਪ੍ਰੋਡਕਟ ਬਣਾਉਣ ਵਾਸਤੇ ਵਰਤ ਦੇ ਹਨ। ਇਸ ਸਾਰੇ ਕੰਮ ਨਿਰਭੈ ਸਿੰਘ ਮਾਲੇਵਾਲ (ਪ੍ਰਧਾਨ ਈ ਟੀ ਟੀ ਯੂਨੀਅਨ ਪੰਜਾਬ )ਦਾ ਵਿਸ਼ੇਸ਼ ਯੋਗਦਾਨ ਹੈ।ਤੁਸੀਂ ਹਲਦੀ ਮਿਰਚ ਮਸਾਲੇ ਅਤੇ ਪਸ਼ੂਆਂ ਲਈ ਫੀਡ ਅਤੇ ਖਲ ਫੀਡ ਵਧੀਆ ਅਤੇ ਸ਼ੁਧੱ ਕੁਆਲਟੀ ਦੀ ਕੋਲ ਖੜ ਕੇ ਤਿਆਰ ਕਰਵਾ ਸਕਦੇ ਹੋ।ਆਪਣੇ ਅਧਿਆਪਨ ਕਿੱਤੇ ਪ੍ਰਤੀ ਇਨਸਾਫ਼ ਕਰਨ ਦੇ ਨਾਲ ਨਾਲ ਅਨਿਲ ਬਾਂਸਲ ਦੇ ਇਸ ਉਪਰਾਲੇ ਦੀ ਹਰ ਪਾਸੇ ਚਰਚਾ ਹੈ।

ਗੱਲਬਾਤ ਦੌਰਾਨ ਉਨਾਂ ਦੱਸਿਆ ਕੇ ਜਿੱਥੇ ਉਸਦਾ ਉਦੇਸ਼ ਸਕੂਲ ਚ ਬੱਚਿਆਂ ਨੂੰ ਜੀਅ ਤੋੜ ਕੇ ਮਿਆਰੀ ਸਿੱਖਿਆ ਪਰਦਾਨ ਕਰਨਾ ਹੈ ਉਥੇ ਨਾਲ ਹੀ ਸਕੂਲ ਤੋ ਬਾਅਦ ਵਾਲਾ ਵਕਤ ਲੋਕ ਨੂੰ ਸਮਰਪਤ ਕਰਦੇ ਹੋਏ ਉਨਾਂ ਨੂੰ ਖਾਣ ਪੀਣ ਤੇ ਨਿੱਤ ਵਰਤੋਂ ਚ ਆਉਣ ਵਾਲੀਆਂ ਚੀਜ਼ਾਂ ਨੂੰ ਸ਼ੁਧ ਤੇ ਸਸਤੇ ਮੁੱਲ ਤੇ ਮੁੱਹਈਆ ਕਰਵਾਉਣਾ ਵੀ ਹੈ।ਜਿਸ ਕਰਕੇ ਮੇਰੀ ਕਲਮ ਉਸਦੇ ਇਨਾਂ ਯਤਨਾ ਨੂੰ ਇਸ ਸ਼ੇਅਰ ਨਾਲ ਸਮੇਟਣਾ ਚਾਹੁੰਦੀ ਹੈ।

ਅਸੀ ਰਾਹਾਂ ਤੇ ਨਹੀਂ ਤੁਰਦੇ
ਜਿੱਥੇ ਤੁਰਦੇ ਆ,ਉਥੇ ਰਾਹ ਬਣ ਜਾਂਦੇ ਨੇ

# ਸਰਕਾਰੀ ਸਮਾਰਟ ਮਿਡਲ ਸਕੂਲ ਭੰਗਲ ਖੁਰਦ ਪਿਛਲੇ ਸਾਲ ਵੀ ਤਰ੍ਹਾਂ ਇਸ ਵਾਰ ਵੀ ਮੈਰਿਟ ਵਿੱਚ ਆਇਆ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 12 ਅਪਰੈਲ
INTERNATIONAL PAPER, 9463601616
hardipchumber57@gmail.com




ਨਵਾਂਸ਼ਹਿਰ (ਚਰਨਜੀਤ ਸੱਲ੍ਹਾ )ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ ਵੱਲੋਂ ਪੰਜਾਬ ਰਾਜ ਨਿਪੁੰਨਤਾ ਖੋਜ ਪ੍ਰੀਖਿਆ (PSTSE) ਦਾ ਨਤੀਜਾ ਐਲਾਨਿਆ ਗਿਆ ਜਿਸ ਵਿੱਚ ਸਰਕਾਰੀ ਸਮਾਰਟ ਮਿਡਲ ਸਕੂਲ ਭੰਗਲ ਖੁਰਦ ਦਾ ਨਤੀਜਾ ਪਿਛਲੇ ਸਾਲਾਂ ਦੀ ਤਰਾਂ ਇਸ ਵਾਰੀ ਵੀ ਸ਼ਾਨਦਾਰ ਰਿਹਾ।PSTSE ਪ੍ਰੀਖਿਆ ਵਿੱਚ ਭੰਗਲ ਖੁਰਦ ਸਕੂਲ ਦੇ ਦੇ ਵਿਦਿਆਰਥੀ ਮੈਰਿਟ ਵਿੱਚ ਆਏ ਜਿਸ ਵਿੱਚ ਸੂਰਜ ਕੁਮਾਰ S/O ਸ਼੍ਰੀ ਪੱਪੂ ਨੇ 115 ਅੰਕ ਪ੍ਰਾਪਤ ਕਰਕੇ ਜਿਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਮਰਿਅਮ D/O ਸ਼੍ਰੀ ਅਨਿਲ ਕੁਮਾਰ ਨੇ 108 ਅੰਕ ਪ੍ਰਾਪਤ ਕਰਕੇ ਮੈਰਿਟ ਵਿੱਚ ਨਾਮ ਦਰਜ ਕਰਵਾਇਆ। ਮੁੱਖ ਅਧਿਆਪਕ ਸ਼੍ਰੀ ਪਰਵਿੰਦਰ ਸਿੰਘ ਭੰਗਲ ਸਟੇਟ ਅਵਾਰਡੀ ਨੇ ਮੈਰਿਟ ਵਿੱਚ ਆਉਣ ਵਾਲੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੰਦਿਆ ਸੁਨਹਿਰੇ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ।

# ਗੁਰਦੁਆਰਾ ਹਰੀਆਂ ਵੇਲਾਂ ਵਿਖੇ ਖਾਲਸੇ ਦੇ ਪ੍ਰਗਟ ਦਿਵਸ ਅਤੇ ਵਿਸਾਖੀ ਮੌਕੇ ਮਹਾਨ ਗੁਰਮਤਿ ਸਮਾਗਮ ਅੱਜ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 12 ਅਪਰੈਲ
INTERNATIONAL PAPER, 9463601616
hardipchumber57@gmail.com

ਗੜ੍ਹਸ਼ੰਕਰ, 12 ਅਪ੍ਰੈਲ ( ਚਰਨਜੀਤ ਸੱਲ੍ਹਾ) ਪਿੰਡ ਚੱਬੇਵਾਲ ਦੇ ਨਜ਼ਦੀਕ ਇਤਿਹਾਸਕ ਗੁਰਦੁਆਰਾ ਪਾਤਸ਼ਾਹੀ ਸੱਤਵੀਂ ਧੰਨ ਧੰਨ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੀ ਪਵਿੱਤਰ ਚਰਨ ਛੋਹ ਪ੍ਰਾਪਤ ਸਥਾਨ ਗੁਰਦੁਆਰਾ ਹਰੀਆਂ ਵੇਲਾਂ ਵਿਖੇ ਸਮੂਹ ਇਲਾਕਾ ਦੀਆਂ ਸੰਗਤਾਂ ਅਤੇ ਨਿਹੰਗ ਸਿੰਘ ਜਥੇਬੰਦੀ ਵੱਲੋਂ ਖ਼ਾਲਸੇ ਦੇ ਪ੍ਰਗਟ ਦਿਵਸ ਵਿਸਾਖੀ ਮੌਕੇ ਮਹਾਨ ਗੁਰਮਤਿ ਸਮਾਗਮ 13 ਅਪ੍ਰੈਲ ਨੂੰ ਜਿੰਦਾ ਸ਼ਹੀਦ ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਵੇਲਾਂ ਦੇ ਮੁੱਖ ਸੇਵਾਦਾਰ ਸਿੰਘ ਸਾਹਿਬ ਜਥੇਦਾਰ ਬਾਬਾ ਨਿਹਾਲ ਸਿੰਘ ਜੀ ਦੇ ਹਰੀਆਂ ਵੇਲਾਂ ਦੀ ਅਗਵਾਈ ਹੇਠ ਸ਼ਰਧਾ ਭਾਵਨਾ ਨਾਲ ਕਰਵਾਏ ਜਾ ਰਹੇ ਹਨ। ਇਸ ਮੌਕੇ ਜਥੇਦਾਰ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਦੇ ਦੱਸਿਆ ਕਿ ਸਮਾਗਮ ਦੌਰਾਨ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਦੀਵਾਨ ਹਾਲ ਵਿੱਚ ਪੰਥ ਪ੍ਰਸਿੱਧ ਰਾਗੀ, ਢਾਡੀ, ਕਥਾ ਵਾਚਕ, ਕਵੀਸ਼ਰੀ ਜਥੇ, ਪ੍ਰਚਾਰਕ ਗੁਰਬਾਣੀ



ਗੁਰਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਸਮਾਗਮ ਦੌਰਾਨ ਗੁਰੂ ਜੀ ਦੇ ਲੰਗਰ ਅਤੁੱਟ ਵਰਤਾਏ ਜਾਣਗੇ।

# ਮੁੱਖ ਮੰਤਰੀ ਦੀ ਕੁਰਸੀ ਇੱਕ : ਛੇ ਕਾਂਗਰਸੀ ਲਟਾਪੀਂਘ

ਉਜਾਗਰ ਸਿੰਘ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 12 ਅਪਰੈਲ
INTERNATIONAL PAPER, 94636 01616
hardipchumber57@gmail.com

ਪੰਜਾਬ ਦੇ ਕਾਂਗਰਸੀ ਨੇਤਾ ਹਰਿਆਣਾ ਦੇ ਕਾਂਗਰਸੀ ਨੇਤਾਵਾਂ ਦੀਆਂ ਗ਼ਲਤੀਆਂ ਤੋਂ ਵੀ ਸਬਕ ਸਿੱਖਣ ਲਈ ਤਿਆਰ ਨਹੀਂ ਹਨ। 2024 ਵਿੱਚ ਹੋਈਆਂ ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਸਮੇਂ ਮੁੱਖ ਮੰਤਰੀ ਦੀ ਕੁਰਸੀ ਪਿੱਛੇ ਲੜਦਿਆਂ ਕਾਂਗਰਸੀ ਨੇਤਾਵਾਂ ਨੇ ਜਿੱਤੀ ਹੋਈ ਬਾਜ਼ੀ ਗੁਆ ਲਈ ਸੀ। ਉਸ ਸਮੇਂ ਹਰਿਆਣਾ ਵਿੱਚ ਕਾਂਗਰਸ ਦੀ ਸਰਕਾਰ ਬਣਨ ਦੀ ਪੂਰੀ ਸੰਭਾਵਨਾ ਸੀ। ਇਸ ਸਮੇਂ ਵੀ ਪੰਜਾਬ ਦੇ ਲੋਕ 2027 ਵਿੱਚ ਫਿਰ ਬਦਲਾਓ ਲਿਆਉਣ ਬਾਰੇ ਸੋਚ ਰਹੇ ਹਨ ਕਿਉਂਕਿ ਆਮ ਆਦਮੀ ਪਾਰਟੀ ਨੇ ਗਰੰਟੀਆਂ ਜ਼ਿਆਦਾ ਕਰ ਲਈਆਂ ਸਨ, ਜਿਨ੍ਹਾਂ ਨੂੰ ਪੰਜਾਬ ਦੀ ਡਾਵਾਂਡੋਲ ਆਰਥਿਕ ਹਾਲਤ ਕਰਕੇ ਪੂਰਾ ਕਰਨਾ ਅਸੰਭਵ ਲੱਗਦਾ ਹੈ। ਪੰਜਾਬ ਵਿੱਚ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਅਜੇ ਲਗਪਗ ਦੋ ਸਾਲ ਬਾਕੀ ਹਨ ਪ੍ਰੰਤੂ ਪੰਜਾਬ ਦੇ ਕਾਂਗਰਸੀ ਨੇਤਾ ਮੁੱਖ ਮੰਤਰੀ ਦੀ ਕੁਰਸੀ ਲਈ ਪਹਿਲਾਂ ਹੀ ਲਟਾਪੀਂਘ ਹੋਏ ਪਏ ਹਨ। ਕਾਂਗਰਸੀ ਨੇਤਾ ਬਿਨਾ ਪਾਣੀ ਤੋਂ ਹੀ ਮੌਜੇ ਖੋਲ੍ਹੀ ਫਿਰਦੇ ਹਨ। ਮੁੱਖ ਮੰਤਰੀ ਦੀ ਕੁਰਸੀ ਅਜੇ ਖਾਲ੍ਹੀ ਵੀ ਨਹੀਂ ਪ੍ਰੰਤੂ ਛੇ ਕਾਂਗਰਸੀ ਨੇਤਾ ਪਹਿਲਾਂ ਹੀ ਮੁੱਖ ਮੰਤਰੀ ਦੀ ਕੁਰਸੀ ਦੀਆਂ ਲੱਤਾਂ ਨੂੰ ਚਿੰਬੜਕੇ ਖਿੱਚਣ ਲੱਗੇ ਪਏ ਹਨ। ਮੈਨੂੰ ਲੱਗਦਾ ਹੈ ਕਿ ਕਿਤੇ ਕੁਰਸੀ ਦੀਆਂ ਟੰਗਾਂ ਆਪੇ ਹੀ ਤੋੜ ਨਾ ਦੇਣ, ਇਹ ਉਨ੍ਹਾਂ ਨੂੰ ਵੀ ਪਤਾ ਹੈ ਕਿ ਇਸ ਤਰ੍ਹਾਂ ਪਾਰਟੀ ਲਈ ਲਾਹੇਵੰਦ ਨਹੀਂ ਪ੍ਰੰਤੂ ਕਾਂਗਰਸੀ ਆਪਣੀਆ ਆਦਤਾਂ ਤੋਂ ਬਾਜ਼ ਨਹੀਂ ਆ ਰਹੇ। ਇਨ੍ਹਾਂ ਛੇ ਕਾਂਗਰਸੀਆਂ ਦੇ ਨਾਮ ਦੱਸਣ ਦੀ ਕੋਈ ਲੋੜ ਨਹੀ, ਕਿਉਂਕਿ ਪੰਜਾਬੀ ਪੜ੍ਹੇ ਲਿਖੇ ਸੂਝਵਾਨ ਹਨ, ਹਰ ਰੋਜ਼ ਅਖ਼ਬਾਰਾਂ ਪੜ੍ਹਦਿਆਂ ਕਾਂਗਰਸੀਆਂ ਦੇ ਕਾਟੋ ਕਲੇਸ਼ ਤੋਂ ਵਾਕਫ਼ ਹਨ, ਕਿਵੇਂ ਉਹ ਇੱਕ ਦੂਜੇ ਨੂੰ ਠਿੱਬੀ ਲਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਕਾਂਗਰਸੀ ਨੇਤਾਵੋ ਕਿਤੇ ਇੰਜ ਹੀ ਨਾ ਹੋਵੇ, ਜਿਵੇਂ ਬਿਲੀਆਂ ਦੀ ਲੜਾਈ ਵਿੱਚ ਰੋਟੀ ਵੰਡਾਉਣ ਸਮੇਂ ਬਾਂਦਰੀ ਬਾਜ਼ੀ ਮਾਰ ਗਈ ਸੀ, ਪੰਜਾਬ ਦੀਆਂ ਚੋਣਾਂ ਵਿੱਚ ਕੋਈ ਹੋਰ ਤੀਜੀ ਧਿਰ ਕੁਰਸੀ ਖੋਹ ਲਵੇ, ਵਿਰੋਧੀ ਨੂੰ ਕਮਜ਼ੋਰ ਨਹੀਂ ਸਮਝਣਾ ਚਾਹੀਦਾ। ਕਾਂਗਰਸੀ ਨੇਤਾ ਅਕਾਲੀ ਧੜਿਆਂ ਦੀ ਲੜਾਈ ਕਰਕੇ ਸਮਝਦੇ ਹਨ ਕਿ ਉਨ੍ਹਾਂ ਦੇ ਪੱਲੇ ਕੁਝ ਨਹੀਂ ਪ੍ਰੰਤੂ ਇਤਿਹਾਸ ਗਵਾਹ ਹੈ ਕਿ ਭਾਵੇਂ ਕਿਤਨੇ ਹੀ ਅਕਾਲੀ ਦਲ ਦੇ ਧੜੇ ਚੋਣ ਲੜਨ ਪ੍ਰੰਤੂ ਪੰਜਾਬੀਆਂ ਨੇ ਹਮੇਸ਼ਾ ਅਕਾਲੀ ਦਲ ਦੇ ਇੱਕੋ ਧੜੇ ਸਾਥ ਦਿੱਤਾ ਹੈ, ਇਹ ਵੀ ਜ਼ਰੂਰੀ ਨਹੀਂ ਉਸ ਧੜੇ ਨੂੰ ਸਿਆਸੀ ਤਾਕਤ ਦੇਣ, ਕਿਸੇ ਹੋਰ ਨਵੇਂ ਧੜੇ ਨੂੰ ਵੀ ਸਿਆਸੀ ਤਾਕਤ ਦੇ ਦੇਣ, ਜਿਵੇਂ 1985 ਵਿੱਚ ਸੁਰਜੀਤ ਸਿੰਘ ਬਰਨਾਲਾ ਪਰਕਾਸ਼ ਸਿੰਘ ਬਾਦਲ ਨੂੰ ਠਿੱਬੀ ਲਾ ਗਿਆ ਸੀ। ਇੱਕ ਵ ਰ ਮਾਨ ਅਕਾਲੀ ਦਲ ਨੂੰ ਨੌਂ ਲੋਕ ਸਭਾ ਦੀਆਂ ਸੀਟਾਂ ਜਿਤਾ ਦਿੱਤੀਆਂ ਸਨ। ਪਿਛਲੀਆਂ ਮਈ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਅੰਮ੍ਰਿਤਪਾਲ ਸਿੰਘ ਅਤੇ ਸਰਬਜੀਤ ਸਿੰਘ ਨੂੰ ਜਿੱਤਾਕੇ ਵੋਟਰਾਂ ਨੇ ਪੰਜਾਬੀਆਂ ਨੂੰ ਹੈਰਾਨ ਕਰ ਦਿੱਤਾ ਸੀ। ਆਮ ਆਦਮੀ ਪਾਰਟੀ 2022 ਦੀਆਂ ਵਿਧਾਨ ਸਭਾ ਵਿੱਚ ਜਿੱਤਕੇ ਸਥਾਪਤ ਪਾਰਟੀਆਂ ਗੁੱਠੇ ਲਾ ਦਿੱਤਾ ਸੀ। ਸਿਆਸਤਦਾਨਾ ਨੂੰ ਗੁਮਾਨ ਨਹੀਂ ਕਰਨਾ ਚਾਹੀਦਾ ਅਤੇ ਕਿਸੇ ਭੁਲੇਖੇ ਵਿੱਚ ਵੀ ਨਹੀਂ ਰਹਿਣਾ ਚਾਹੀਦਾ, ਕੋਈ ਵੀ ਚਮਤਕਾਰ ਹੋ ਸਕਦਾ ਹੈ। ਬਦਲਾਓ ਲਿਆਉਣਾ ਤੇ ਨਵੇਂ ਪੈਂਤੜੇ ਮਾਰਨੇ ਪੰਜਾਬੀਆਂ ਦੇ ਸੁਭਾਅ ਵਿੱਚ ਹੈ।

ਭਾਰਤੀ ਜਨਤਾ ਪਾਰਟੀ ਵੀ ਪੰਜਾਬ ਵਿੱਚ ਖੰਭ ਖਿਲਾਰ ਰਹੀ ਹੈ, ਜਿਹੜੀ ਹੁਣ ਤੱਕ ਸ਼ਹਿਰਾਂ ਦੀਆਂ 23 ਵਿਧਾਨ ਸਭਾ ਸੀਟਾਂ ਤੱਕ ਸੀਮਤ ਸੀ, ਹੁਣ ਉਹ ਪਿੰਡਾਂ ਵਿੱਚ ਆਪਣੀਆਂ ਯੂਨਿਟਾਂ ਬਣਾਕੇ ਆਪਣੇ ਪੈਰ ਪਸਾਰ ਚੁੱਕੀ ਹੈ। ਇੱਥੋਂ ਤੱਕ ਕਈ ਜ਼ਿਲ੍ਹਿਆਂ ਦੇ ਪ੍ਰਧਾਨ ਜੱਟ ਸਿੱਖ ਬਣਾਕੇ ਦਿਹਾਤੀ ਵੋਟਾਂ ਨੂੰ ਖ਼ੋਰਾ ਲਾ ਰਹੀ ਹੈ। ਪੰਜਾਬ ਦੇ ਇੱਕ ਨੌਜਵਾਨ ਰਵਨੀਤ ਸਿੰਘ ਬਿੱਟੂ ਨੂੰ ਲੋਕ ਸਭਾ ਦੀ ਚੋਣ ਹਾਰਨ ਤੋਂ ਬਾਅਦ ਕੇਂਦਰ ਵਿੱਚ ਮੰਤਰੀ ਬਣਾਕੇ ਰਾਜਸਥਾਨ ਤੋਂ ਰਾਜ ਸਭਾ ਦਾ ਮੈਂਬਰ ਬਣਾ ਲਿਆ। 2024 ਦੀਆਂ ਲੋਕ ਸਭਾ ਦੀਆਂ ਚੋਣਾਂ ਵਿੱਚ ਤਿੰਨ ਲੋਕ ਸਭਾ ਸੀਟਾਂ ਲੁਧਿਆਣਾ, ਗੁਰਦਾਸਪੁਰ ਅਤੇ ਜਲੰਧਰ ਵਿੱਚ ਦੂਜੇ ਨੰਬਰ ਰਹੀ, ਛੇ ਸੀਟਾਂ ਅੰਮ੍ਰਿਤਸਰ, ਆਨੰਦਪੁਰ ਸਾਹਿਬ, ਫ਼ਤਿਹਗੜ੍ਹ ਸਾਹਿਬ, ਫ਼ੀਰੋਜ਼ਪੁਰ, ਹੁਸ਼ਿਆਰਪੁਰ ਅਤੇ ਪਟਿਆਲਾ ਵਿੱਚ ਤੀਜੇ ਨੰਬਰ ਤੇ ਰਹੀ। ਅੰਮ੍ਰਿਤਸਰ, ਗੁਰਦਾਸਪੁਰ ਅਤੇ ਹੁਸ਼ਿਆਰਪੁਰ ਵਿੱਚੋਂ ਵੋਟ ਸ਼ੇਅਰ ਵੱਧ ਗਿਆ। ਬਠਿੰਡਾ ਉਮੀਦਵਾਰ ਚੌਥੇ ਨੰਬਰ ਤੇ ਰਿਹਾ। ਭਾਰਤੀ ਜਨਤਾ ਪਾਰਟੀ ਦੀ ਵੋਟ ਪ੍ਰਤੀਸ਼ਤ 18.56 ਫ਼ੀਸਦੀ ਰਹੀ ਜੋ ਪੰਜਾਬ ਦੀ ਸਭ ਤੋਂ ਪੁਰਾਣੀ ਰੀਜਨਲ ਪਾਰਟੀ ਸ਼੍ਰੋਮਣੀ ਅਕਾਲੀ ਦਲ ਤੋਂ ਵੱਧ ਹੈ। ਹਾਲਾਂ ਕਿ ਉਨ੍ਹਾਂ 1996 ਤੋਂ ਬਾਅਦ ਪਹਿਲੀ ਵਾਰ ਇਕੱਲਿਆਂ ਚੋਣ ਲੜੀ ਸੀ। 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ ਦੇ 46 ਉਮੀਦਵਾਰਾਂ ਨੇ 20-20 ਹਜ਼ਾਰ ਵੋਟਾਂ ਲਈਆਂ ਹਨ। ਇਸ ਲਈ ਭਾਰਤੀ ਜਨਤਾ ਪਾਰਟੀ ਬਾਰੇ ਕਾਂਗਰਸ ਨੂੰ ਅਵੇਸਲਾ ਨਹੀਂ ਹੋਣਾ ਚਾਹੀਦਾ, ਉਹ ਵੀ ਦਾਅ ਮਾਰ ਸਕਦੇ ਹਨ। ਲੁਧਿਆਣਾ ਪੱਛਵੀਂ ਵਿਧਾਨ ਸਭਾ ਸੀਟ ਦੀ ਉਪ ਚੋਣ ਕਿਸੇ ਮੌਕੇ ਵੀ ਹੋ ਸਕਦੀ ਹੈ। ਇਹ ਚੋਣ ਆਮ ਆਦਮੀ, ਕਾਂਗਰਸ ਅਤੇ ਭਾਰਤੀ ਜਨਤਾ ਪਾਰਟੀ ਲਈ ਵਕਾਰ ਬਣੀ ਹੋਈ ਹੈ। ਭਾਰਤੀ ਜਨਤਾ ਪਾਰਟੀ ਤੋਂ ਬਿਨਾ ਆਮ ਆਦਮੀ ਪਾਰਟੀ ਅਤੇ ਕਾਂਗਰਸ ਨੇ ਉਮੀਦਵਾਰਾਂ ਦਾ ਐਲਾਨ ਵੀ ਕਰ ਦਿੱਤਾ ਹੈ। ਕਾਂਗਰਸ ਦਾ ਉਮੀਦਵਾਰ ਪੰਜਾਬ ਪ੍ਰਦੇਸ਼ ਕਾਂਗਰਸ ਦਾ ਐਕਟਿੰਗ ਪ੍ਰਧਾਨ ਅਤੇ ਸਾਬਕਾ ਮੰਤਰੀ ਭਾਰਤ ਭੂਸ਼ਨ ਆਸ਼ੂ ਹੈ, ਜਿਹੜਾ ਸਥਾਨਕ ਪ੍ਰਭਾਵਸ਼ਾਲੀ ਨੇਤਾ ਹੈ, ਪ੍ਰੰਤੂ ਉਸਦੇ ਉਮੀਦਵਾਰ ਬਣਦਿਆਂ ਹੀ ਆਪਸੀ ਫੁੱਟ ਦੀਆਂ ਖ਼ਬਰਾਂ ਅਖ਼ਬਾਰਾਂ ਦਾ ਸ਼ਿੰਗਾਰ ਬਣ ਗਈਆਂ ਹਨ। ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਤੇ ਭਰਤ ਭੂਸ਼ਨ ਆਸ਼ੂ ਦੇ ਆਪਸੀ ਮਤਭੇਦਾਂ ਦੀਆਂ ਖ਼ਬਰਾਂ ਲੋਕ ਸਭਾ ਚੋਣਾਂ ਮੌਕੇ ਵੀ ਪੜ੍ਹਨ ਨੂੰ ਮਿਲਦੀਆਂ ਰਹੀਆਂ ਹਨ। ਭਾਰਤ ਭੂਸ਼ਨ ਆਸ਼ੂ ਨੂੰ ਕੇਂਦਰੀ ਕਾਂਗਰਸ ਦੇ ਵੱਡੇ ਨੇਤਾ ਦੀ ਅਸ਼ੀਰਵਾਦ ਪ੍ਰਾਪਤ ਹੈ। ਕਾਂਗਰਸ ਪਾਰਟੀ ਪ੍ਰਧਾਨ ਦੇ ਨਾਲ ਐਕਟਿੰਗ ਪ੍ਰਧਾਨ ਬਣਾਕੇ ਦੋ ਸਿਆਸੀ ਧੁਰੇ ਬਣਾ ਦਿੱਤੇ ਹਨ। ਪ੍ਰਧਾਨ ਅਤੇ ਐਕਟਿੰਗ ਪ੍ਰਧਾਨ ਦਾ ਹਮੇਸ਼ਾ ਹੀ ਸੇਹ ਦਾ ਤੱਕਲਾ ਗੱਡਿਆ ਰਹਿੰਦਾ ਹੈ। ਕੈਪਟਨ ਅਮਰਿੰਦਰ ਸਿੰਘ ਦੇ ਮੌਕੇ ਵੀ ਨਵਜੋਤ ਸਿੰਘ ਸਿੱਧੂ ਨੂੰ ਬਰਾਬਰ ਦੀ ਧਿਰ ਬਣਾਕੇ ਧੜੇਬੰਦੀ ਸਰਬ ਹਿੰਦ ਕਾਂਗਰਸ ਕਮੇਟੀ ਨੇ ਆਪ ਪੈਦਾ ਕੀਤੀ ਸੀ, ਜਿਸ ਕਰਕੇ ਪਾਰਟੀ ਨੂੰ ਹਾਰ ਦਾ ਮੂੰਹ ਵੇਖਣਾ ਪਿਆ ਸੀ। ਲੁਧਿਆਣਾ ਪੱਛਵੀਂ ਦਾ ਅਜੇ ਚੋਣ ਦੰਗਲ ਸ਼ੁਰੂ ਨਹੀਂ ਹੋਇਆ, ਪਾਰਟੀ ਦੀ ਫੁੱਟ ਦੀਆਂ ਖ਼ਬਰਾਂ ਫਿਰ ਅਖ਼ਬਾਰਾਂ ਵਿੱਚ ਲਗਾਤਾਰ ਆ ਰਹੀਆਂ ਹਨ। ਜਦੋਂ ਪ੍ਰਧਾਨ ਤੇ ਐਕਟਿੰਗ ਪ੍ਰਧਾਨ ਦੀ ਫੁੱਟ ਦੀਆਂ ਖ਼ਬਰਾਂ ਲੱਗੀਆਂ ਤਾਂ ਇਸਦੇ ਨਾਲ ਹੀ ਜਲੰਧਰ ਤੋਂ ਲੋਕ ਸਭਾ ਦੇ ਮੈਂਬਰ ਅਤੇ ਸਾਬਕਾ ਮੁੱਖ ਮੰਤਰੀ ਤੁਰੰਤ ਲੁਧਿਆਣਾ ਪਹੁੰਚ ਕੇ ਐਕਟਿੰਗ ਪ੍ਰਧਾਨ ਤੇ ਕਾਂਗਰਸ ਦੇ ਉਮੀਦਵਾਰ ਭਰਤ ਭੂਸ਼ਨ ਆਸ਼ੂ ਲਈ ਲੁਧਿਆਣਾ ਬੈਠਕੇ ਚੋਣ ਲੜਾਉਣ ਦਾ ਐਲਾਨ ਕਰਦੇ ਹਨ। ਇਨ੍ਹਾਂ ਖ਼ਬਰਾਂ ਦਾ ਅਰਥ ਲੋਕ ਸਮਝਦੇ ਹਨ। ਦੂਜੇ ਪਾਸੇ ਕਪੂਰਥਲਾ ਜ਼ਿਲ੍ਹੇ ਦੀ ਸਿਆਸਤ ਦਾ ਦੰਗਲ ਆਪਸੀ ਧੜੇਬੰਦੀ ਕਰਕੇ ਸ਼ੁਰੂ ਹੋ ਚੁੱਕਾ ਹੈ। ਇੱਕੋ ਦਿਨ ਇੱਕੋ ਹਲਕੇ ਵਿੱਚ ਦੋ ਜਲਸੇ ਹੁੰਦੇ ਹਨ। ਇੱਕ ਜਲਸੇ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ, ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਮੁੱਖੀ ਅਤੇ ਗੁਰਦਾਸਪੁਰ ਤੋਂ ਲੋਕ ਸਭਾ ਦੇ ਮੈਂਬਰ ਸੰਬੋਧਨ ਕਰਦੇ ਹਨ, ਜਿਹੜਾ ਕਾਂਗਰਸ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਦੇ ਹਾਰੇ ਹੋਏ ਉਮੀਦਵਾਰ ਨੇ ਆਯੋਜਤ ਕੀਤਾ ਸੀ। ਦੂਜਾ ਜਲਸਾ ਕਪੂਰਥਲੇ ਤੋਂ ਕਾਂਗਰਸੀ ਵਿਧਾਨਕਾਰ ਤੇ ਸਾਬਕਾ ਮੰਤਰੀ ਦੇ ਸਪੁੱਤਰ ਆਜ਼ਾਦ ਵਿਧਾਨਕਾਰ ਨੇ ਜਲਸਾ ਕੀਤਾ ਹੈ। ਭੁਲੱਥ ਤੋਂ ਵਿਧਾਨਕਾਰ ਤੇ ਕਪੂਰਥਲੇ ਹਲਕੇ ਦੇ ਵਿਧਾਨਕਾਰ ਦਾ ਛੱਤੀ ਦਾ ਅੰਕੜਾ ਪੰਜਾਬੀਆਂ ਨੂੰ ਪਤਾ ਹੀ ਹੈ। ਗੁਰਦਾਸਪੁਰ ਵਿੱਚ ਕਾਂਗਰਸ ਦੇ ਤਿੰਨ ਧੜੇ ਹਨ। ਇਸੇ ਤਰ੍ਹਾਂ ਰੋਪੜ, ਪਟਿਆਲਾ, ਫਰੀਦਕੋਟ ਦੀ ਪਾਟੋਧਾੜ ਜੱਗ ਜ਼ਾਹਰ ਹੈ। ਜਦੋਂ ਕਿ ਕਾਂਗਰਸੀਆਂ ਨੂੰ ਸੋਚ ਸਮਝਕੇ ਸਹਿੰਦੇ-ਸਹਿੰਦੇ ਕਦਮ ਚੁੱਕਣੇ ਚਾਹੀਦੇ ਹਨ ਪ੍ਰੰਤੂ ਉਹ ਤਾਂ ਇੱਕ ਦੂਜੇ ਨੂੰ ਅਸਿੱਧੇ ਢੰਗ ਨਾਲ ਦੱਬਕੇ ਮਾਰ ਰਹੇ ਹਨ। ਅਜਿਹੇ ਹਾਲਾਤ ਵਿੱਚ ਕਾਂਗਰਸ ਦਾ ਭਵਿਖ ਖ਼ਤਰੇ ਵਿੱਚ ਲੱਗਦਾ ਹੈ। ਜੇਕਰ ਕੇਂਦਰੀ ਕਾਂਗਰਸ ਨੇ ਨੇਤਾਵਾਂ ਦੀ ਧੜੇਬੰਦੀ ਖ਼ਤਮ ਕਰਨ ਲਈ ਕੋਈ ਸਾਰਥਿਕ ਕਦਮ ਨਾ ਚੁੱਕਿਆ ਤਾਂ ਕਾਂਗਰਸ ਨੂੰ ਕੰਧ 'ਤੇ ਲਿਖਿਆ ਪੜ੍ਹ ਲੈਣਾ ਚਾਹੀਦਾ ਹੈ।

ਪੰਜਾਬ ਦੇ ਕਾਂਗਰਸੀ ਨੇਤਾਵਾਂ ਦੀ ਲੜਾਈ ਦੇ ਜ਼ਿੰਮੇਵਾਰ ਸਰਬ ਭਾਰਤੀ ਕਾਂਗਰਸ ਹੈ ਕਿਉਂਕਿ ਉਹ ਇਨ੍ਹਾਂ ਦੀ ਧੜੇਬੰਦੀ ਖ਼ਤਮ ਕਰਨ ਦੀ ਕੋਸ਼ਿਸ਼ ਨਹੀਂ ਕਰ ਰਹੀ। ਉਨ੍ਹਾਂ ਦੇ ਕੇਂਦਰੀ ਨੇਤਾ ਇਨ੍ਹਾਂ ਧੜਿਆਂ ਦੀ ਪੁਸ਼ਤ ਪਨਾਹੀ ਕਰ ਰਹੇ ਹਨ ਤਾਂ ਜੋ ਇਹ ਨੇਤਾ ਉਨ੍ਹਾਂ ਦੀ ਖਿਦਮਤ ਵਿੱਚ ਹਾਜ਼ਰੀ ਭਰਦੇ ਰਹਿਣ। ਕਾਂਗਰਸ ਦਾ ਮਾੜਾ ਹਾਲ ਵੀ ਕੇਂਦਰੀ ਕਾਂਗਰਸ ਦੇ ਨੇਤਾਵਾਂ ਦੀਆਂ ਗ਼ਲਤੀਆਂ ਦਾ ਨਤੀਜਾ ਹੈ। ਪੰਜਾਬ ਦੇ ਲੋਕ ਕਾਂਗਰਸ ਦਾ ਸਾਥ ਦੇਣਾ ਚਾਹੁੰਦੇ ਹਨ। ਓਧਰ ਕਾਂਗਰਸ ਹਾਈ ਕਮਾਂਡ ਗਹਿਰੀ ਨੀਂਦ ਵਿੱਚ ਸੁੱਤੀ ਪਈ ਹੈ। ਇਉਂ ਵੀ ਕਿਹਾ ਜਾ ਸਕਦਾ ਹੈ ਕਿ ਹਾਈ ਕਮਾਂਡ ਕਾਂਗਰਸੀਆਂ ਦੀ ਜ਼ੋਰ ਅਜਮਾਈ ਨੂੰ ਵੇਖ ਰਹੀ ਹੈ। ਕਾਂਗਰਸ ਹਾਈ ਕਮਾਂਡ ਪੰਜਾਬ ਦੇ ਕਾਂਗਰਸੀਆਂ ਦੀ ਧੜੇਬੰਦੀ ਬਾਰੇ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ, ਕਿਤੇ ਇਹ ਨਾ ਹੋਵੇ ਕਿ ਦੇਰੀ ਕਰਨ ਨਾਲ ਬਾਜ਼ੀ ਹੀ ਉਨ੍ਹਾਂ ਦੇ ਹੱਥੋਂ ਨਾ ਨਿਕਲ ਜਾਵੇ। ਕਾਂਗਰਸ ਹਾਈ ਕਮਾਂਡ ਬਾਰੇ ਇਹ ਕਿਹਾ ਜਾ ਸਕਦਾ ਹੈ ਕਿ ਉਹ ਸਰਕਾਰੀ ਦਫ਼ਤਰਾਂ ਦੀ ਤਰ੍ਹਾਂ ਕੰਮ ਕਰਦੀ ਹੈ। ਭਾਵ ਫਾਈਲ ਬਹੁਤ ਧੀਮੀ ਸਪੀਡ ਨਾਲ ਚਲਦੀ ਹੈ। ਪੰਜਾਬ ਦੇ ਕਾਂਗਰਸੀ ਇਸ ਕਰਕੇ ਇੱਕ ਦੂਜੇ ਨੂੰ ਦੂਡੰਗੇ ਮਾਰ ਰਹੇ ਹਨ ਕਿਉਂਕਿ ਕਾਂਗਰਸ ਕੰਮਜ਼ੋਰ ਹੋ ਚੁੱਕੀ ਹੈ, ਛੋਟੀ ਕੀਤਿਆਂ ਸਖ਼ਤ ਕਦਮ ਚੁੱਕਣ ਦੀ ਸਮਰੱਥਾ ਵਿੱਚ ਨਹੀਂ ਹੈ। ਇਸ ਕਰਕੇ ਉਹ ਆਪੇ ਆਪਣੇ ਘੋੜੇ ਦੁੜਾਉਂਦੇ ਫਿਰਦੇ ਹਨ।

ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com

# ਭਾਰਤੀ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੇ ਜਨਮਦਿਨ ਤੇ ਸਮਾਗਮ ਵਿੱਚ ਪਹੁੰਚਣ ਦੀ ਅਪੀਲ ਬੰਗਾ ਬਿੱਟਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 12 ਅਪਰੈਲ
INTERNATIONAL PAPER, 94636 01616
hardipchumber57@gmail.com

ਸਥਾਨਿਕ ਲੀਡਰਸ਼ਿਪ ਨਾਲ ਉਪ ਚੋਣ ਸੰਬੰਧੀ ਬਸਪਾ ਲੀਡਰਸ਼ਿਪ ਨੇ ਚਰਚਾ ਕੀਤੀ



ਲੁਧਿਆਣਾ (ਚਰਨਜੀਤ ਸੱਲ੍ਹਾ) ਲੁਧਿਆਣਾ ਜੋਨ ਇੰਚਾਰਜ ਸ੍ਰੀ ਪ੍ਰਵੀਨ ਬੰਗਾ ਜੀ ਜੋਨ ਇੰਚਾਰਜ ਸ੍ਰੀ ਬਲਵਿੰਦਰ ਸਿੰਘ ਬਿੱਟਾ ਜੀ ਵਲੋ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਜੀ ਦੇ ਜਨਮ ਦਿਹਾੜੇ ਨੂੰ ਵੱਡੀ ਗਿਣਤੀ ਨਾਲ ਮਨਾਉਣ ਲਈ ਲੀਡਰ ਸਾਹਿਬਾਨਾਂ ਨਾਲ (ਪ੍ਰੋਗਰਾਮ ਸਥਾਨ ਜਲੰਧਰ ਬਾਈਪਾਸ) ਮੀਟਿੰਗ ਕੀਤੀ ਔਰ ਦਿਸ਼ਾ ਨਿਰਦੇਸ਼ ਦਿੱਤੇ ਗਏ ਹਰ ਇੱਕ ਵਿਧਾਨ ਸਭਾ ਵਿੱਚੋਂ ਸੋ - ਸੋ ਵਰਕਰ ਸਾਹਿਬਾਨਾ ਦਾ ਪਹੁੰਚਣਾ ਯਕੀਨੀ ਬਣਾਇਆ ਜਾਵੇ। ਵਿਧਾਨ ਸਭਾ ਦੇ ਪ੍ਰਧਾਨ ਸਹਿਬਾਨਾਂ ਜੀ ਨੂੰ ਬੇਨਤੀ ਹੈ ਕਿ ਪਰੋਗਰਾਮ ਵਿਚ ਸ਼ਾਮਿਲ ਹੋਣ ਤੇ ਆਪਣੀ ਵਿਧਾਨ ਸਭਾ ਦੇ ਸਾਥੀਆ ਨਾਲ ਇਕ ਗਰੁੱਪ ਫੋਟੋ ਕਰਵਾ ਕੇ ਜੋਨ ਇੰਚਾਰਜ ਸਾਬ ਨੂੰ ਜਰੂਰ ਪਾਈ ਜਾਵੇ ਜੀ ਮੀਟਿੰਗ ਵਿੱਚ ਵਿਧਾਨ ਪੱਛਮੀ ਦੀ ਹੋਣ ਵਾਲੀ ਜਿਮਨੀ ਚੋਣ ਦੀ ਤਿਆਰੀ ਲਈ ਵੀ ਵਿਚਾਰ ਵਟਾਂਦਰਾ ਕੀਤਾ ਗਿਆ ਇਸ ਮੌਕੇ ਤੇ ਜ਼ਿਲ੍ਹਾ ਪ੍ਰਧਾਨ ਸ੍ਰੀ ਬਲਵਿੰਦਰ ਸਿੰਘ ਜੱਸੀ ਜੀ, ਬਾਮਸੈਫ ਜਿਲ੍ਹਾ ਇੰਚਾਰਜ ਸ੍ਰੀ ਹੁਸਨ ਲਾਲ ਜਨਾਗਲ ਜੀ, ਮੀਡੀਆ ਇੰਚਾਰਜ ਬਿੱਟੂ ਸ਼ੇਰਪੁਰੀ ਜੀ, ਸੇਠੂ ਅੰਬੇਡਕਰੀ ਜੀ, ਸ੍ਰੀ ਬਲਵਿੰਦਰ ਬੱਧਣ ਜੀ ਅਤੇ ਸ੍ਰੀ ਕਪਿਲ ਕੁਮਾਰ ਜੀ ਹਾਜਰ ਹੋਏ

# ਗੜ੍ਹਸ਼ੰਕਰ ਪੁਲਿਸ ਵੱਲੋਂ ਫਰਾਰ ਪਤੀ ਪਤਨੀ ਗ੍ਰਿਫਤਾਰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 12 ਅਪਰੈਲ
INTERNATIONAL PAPER, 94636 01616
hardipchumber57@gmail.com

ਗੜ੍ਹਸ਼ੰਕਰ 12 ਅਪ੍ਰੈਲ (ਚਰਨਜੀਤ ਸੱਲ੍ਹਾਂ) ਅੱਜ ਗੜ੍ਹਸ਼ੰਕਰ ਪੁਲਿਸ ਵੱਲੋਂ ਇੱਕ ਕੇਸ ਵਿੱਚ ਲੋੜੀਂਦੇ ਪਤੀ ਪਤਨੀ ਨੂੰ ਗ੍ਰਿਫਤਾਰ ਕੀਤੇ ਜਾਣ ਦੀ ਖ਼ਬਰ ਮਿਲੀ ਹੈ !



ਇਸ ਸੰਬੰਧੀ ਥਾਣਾ ਮੁਖੀ ਇੰਸਪੈਕਟਰ ਜੈ ਪਾਲ ਨੇ ਦੱਸਿਆ ਕਿ ਏ.ਐਸ.ਆਈ. ਚੌਂਕੀ ਇੰਚਾਰਜ ਸਮੁੰਦੜਾ ਥਾਣਾ ਗੜ੍ਹਸ਼ੰਕਰ ਦੇ ਹੱਥ ਵੱਡੀ ਸਫਲਤਾ ਉਦੋਂ ਲੱਗੀ, ਜਦ ਉਹਨਾਂ ਨੇ ਥਾਣਾ ਗੜ੍ਹਸ਼ੰਕਰ ਵਿੱਚ, ਜੋ ਮੁੱਕਦਮਾ ਨੰਬਰ 179 ਮਿਤੀ 3-12- 2024 ਜੋ ਆਈ. ਪੀ.ਸੀ. ਦੀ ਧਾਰਾ 419, 420, 465, 467, 468, 471, 120-B ਤਹਿਤ ਦਰਜ ਕੀਤਾ ਗਿਆ ਸੀ, ਵਿੱਚ ਲੋੜੀਂਦੇ ਪਤੀ ਪਤਨੀ ਨੂੰ ਗ੍ਰਿਫਤਾਰ ਕੀਤਾ!

ਉਹਨਾਂ ਅੱਗੇ ਦੱਸਿਆ ਕਿ ਦੋਸ਼ੀ ਕਿਰਪਾਲ ਸਿੰਘ ਉਰਫ ਗੁਰਪਾਲ ਸਿੰਘ ਪੁੱਤਰ ਗੁਰਮੇਲ ਸਿੰਘ ਅਤੇ ਜਸਵਿੰਦਰ ਕੌਰ ਪਤਨੀ ਕਿਰਪਾਲ ਸਿੰਘ ਉਰਫ ਗੁਰਪਾਲ ਸਿੰਘ ਦੋਵੇਂ ਵਾਸੀ ਚੱਕ ਹਾਜੀਪੁਰ ਥਾਣਾ ਗੜ੍ਹਸ਼ੰਕਰ ਜਿਲ੍ਹਾ ਹੁਸ਼ਿਆਰਪੁਰ, ਜੋ ਕਿ ਗ੍ਰਿਫਤਾਰੀ ਦੇ ਡਰ ਤੋਂ ਘਰੋਂ ਭੱਜੇ ਹੋਏ ਸਨ, ਨੂੰ ਗ੍ਰਿਫਤਾਰ ਕਰਕੇ ਤਫਤੀਸ਼ ਦੌਰਾਨ ਰਿਮਾਂਡ ਹਾਸਿਲ ਕਰਕੇ ਇਹਨਾਂ ਪਾਸੋਂ ਮੁੱਕਦਮੇ ਸੰਬੰਧੀ ਡੂੰਘਾਈ ਨਾਲ ਪੁਛਗਿੱਛ ਕੀਤੀ ਗਈ ! ਅੱਜ ਇਹਨਾਂ ਨੂੰ ਅਦਾਲਤ ਪੇਸ਼ ਕਰਕੇ ਹੁਸ਼ਿਆਰਪੁਰ ਜੇਲ ਭੇਜਿਆ ਜਾਵੇਗਾ!

# ਪਿੰਡ ਜਲਵੇਹੜਾ ਵਿਖੇ 1008 ਸੰਤ ਬਾਬਾ ਪੂਰਨ ਸਿੰਘ ਜੀ ਦੀ ਤੀਜੀ ਬਰਸੀ ਮੌਕੇ ਮਹਾਨ ਗੁਰਮਤਿ ਸਮਾਗਮ ਭਲਕੇ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 12 ਅਪਰੈਲ
INTERNATIONAL PAPER, 94636 01616
hardipchumber57@gmail.com

ਗੜ੍ਹਸ਼ੰਕਰ,12 ਅਪ੍ਰੈਲ (ਚਰਨਜੀਤ ਸੱਲ੍ਹਾ) ਪਿੰਡ ਜਲਵੇਹੜਾ ਵਿਖੇ ਗੁਰਦੁਆਰਾ ਸੱਚਾ ਦਰਬਾਰ ਜੀ ਦੇ ਅਸਥਾਨ ਤੇ ਸਮੂਹ ਨਗਰ ਨਿਵਾਸੀ ਗ੍ਰਾਮ ਪੰਚਾਇਤ ਪ੍ਰਵਾਸੀ ਭਾਰਤੀਆਂ ਇਲਾਕੇ ਦੇ ਸਹਿਯੋਗ ਨਾਲ ਸੂਫੀ 1008 ਸੰਤ ਬਾਬਾ ਪੂਰਨ ਸਿੰਘ ਜੀ ਦੀ ਦੀ ਸਲਾਨਾ ਤੀਜੀ ਬਰਸੀ 14 ਅਪ੍ਰੈਲ ਨੂੰ ਸ਼ਰਧਾ ਭਾਵਨਾ ਨਾਲ ਮਨਾਈ ਜਾ ਰਹੀ ਹੈ। ਇਸ ਮੌਕੇ ਬਾਬਾ ਹਰਭਜਨ ਸਿੰਘ, ਪ੍ਰਧਾਨ ਪਰਮਵੀਰ ਸਿੰਘ ਪ੍ਰਿੰਸੀਪਲ ਅਸ਼ੋਕ ਕੁਮਾਰ ਪਾਂਸਟਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਦੱਸਿਆ ਕਿ 14 ਅਪ੍ਰੈਲ ਨੂੰ ਬਰਸੀ ਸਮਾਗਮ ਦੌਰਾਨ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਦੀਵਾਨ ਹਾਲ ਵਿੱਚ ਇਲਾਕੇ ਭਰ ਤੋਂ ਵੱਡੀ ਗਿਣਤੀ ਵਿਚ ਸੰਤ ਮਹਾਂਪੁਰਸ਼ ਰਾਗੀ ਢਾਡੀ ਕਵੀਸ਼ਰੀ ਕਥਾਵਾਚਕ ਪੁੱਜ ਕੇ



ਗੁਰਬਾਣੀ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਗੁਰੂ ਜੀ ਦੇ ਲੰਗਰ ਅਤੁੱਟ ਵਰਤਾਏ ਜਾਣਗੇ।

# ਪਿੰਡ ਫੁਗਲਾਣਾ ਵਿਖੇ ਮਾਤਾ ਮਹਿੰਦਰ ਕੌਰ ਦੀ ਯਾਦ 'ਚ ਅੱਖਾਂ ਦਾ ਮੁਫਤ ਚੈੱਕਅੱਪ ਅਤੇ ਅਪ੍ਰੇਸ਼ਨ ਕੈਂਪ ਭਲਕੇ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 12 ਅਪਰੈਲ
INTERNATIONAL PAPER, 94636 01616
hardipchumber57@gmail.com

ਗੜ੍ਹਸ਼ੰਕਰ, 12 ਅਪ੍ਰੈਲ ( ਚਰਨਜੀਤ ਸੱਲ੍ਹਾ)-ਪਿੰਡ ਫੁਗਲਾਣਾ ਵਿਖੇ ਗੁਰਦੁਆਰਾ ਸਾਹਿਬ ਜੀ ਦੇ ਅਸਥਾਨ ਤੇ ਸਮਾਜ ਸੇਵੀ, ਪ੍ਰਧਾਨ ਮੰਡੀਕਰਨ ਸਭਾ ਹੁਸ਼ਿਆਰਪੁਰ ਤੇ ਪ੍ਰਧਾਨ ਸ਼ੇਰ-ਏ-ਪੰਜਾਬ ਸਪੋਰਟਸ ਕਲੱਬ ਫੁਗਲਾਣਾ ਦੀ ਮਾਤਾ ਮਹਿੰਦਰ ਕੌਰ ਦੀ ਯਾਦ 'ਚ ਪਿੰਡ ਫੁਗਲਾਣਾ ਵਿਖੇ 14 ਅਪ੍ਰੈਲ ਦਿਨ ਸੋਮਵਾਰ ਨੂੰ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਮੁਫ਼ਤ ਅੱਖਾਂ ਦਾ ਜਾਂਚ ਅਤੇ ਅਪਰੇਸ਼ਨ ਕੈਂਪ ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਗੁਰਮੀਤ ਸਿੰਘ ਫੁਗਲਾਣਾ ਨੇ ਦੱਸਿਆ ਕਿ ਕੈਂਪ ਦੌਰਾਨ ਅੱਖਾਂ ਦੇ ਮਾਹਿਰ ਡਾਕਟਰ ਮਰੀਜ਼ਾਂ ਦੀ ਜਾਂਚ ਕਰਨਗੇ ਅਤੇ ਲੋੜਵੰਦ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ



ਦਿੱਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਲੋੜਵੰਦ ਮਰੀਜ਼ਾਂ ਦੇ ਆਪ੍ਰੇਸ਼ਨ ਕਰਕੇ ਮੁਫ਼ਤ ਲੈਨਜ਼ ਵੀ ਪਾਏ ਜਾਣਗੇ।

# ਸਰਬੱਤ ਦੇ ਭਲੇ ਲਈ ਖਾਲਸਾ: ਇੱਕ ਇਤਿਹਾਸਕ ਦ੍ਰਿਸ਼ਟੀਕੋਣ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 12 ਅਪ੍ਰੈਲ
INTERNATIONAL PAPER, 9463601616
hardipchumber57@gmail.com

ਮੋਹਨਜੀਤ ਸਿੰਘ
6283807016

ਸਾਹਿਬ-ਏ-ਕਮਾਲ, ਵਾਲੀ-ਏ-ਦੋ-ਜਹਾਨ, ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਦੀ ਪਾਵਨ ਧਰਤੀ ਉੱਤੇ ਅਕਾਲ ਪੁਰਖ ਦੇ ਬਚਨਾਂ ਦੀ ਪਾਲਣਾ ਕਰਦਿਆਂ 1699 ਈਸਵੀ ਵਿੱਚ ਇੱਕ ਇਤਿਹਾਸਕ ਕ੍ਰਾਂਤੀ ਦੀ ਸਿਰਜਨਾ ਕੀਤੀ। ਗੁਰੂ ਜੀ ਦੇ ਚੋਜ ਨਿਰਾਲੇ ਸਨ, ਜਿਨ੍ਹਾਂ ਦਾ ਵਰਣਨ ਕਰਨਾ ਮਾਨਵ ਬੁੱਧੀ ਤੋਂ ਪਰੇ ਹੈ। ਇੱਕ ਵੱਖਰੀ ਪਹਿਚਾਣ, ਟੀਚਾ ਅਤੇ ਨਿਸ਼ਾਨਾ ਰੱਖਦਿਆਂ, ਗੁਰੂ ਜੀ ਨੇ ਉਸ ਸਮੇਂ ਦੇ ਹਾਲਾਤਾਂ ਅਤੇ ਅਧਰਮੀ ਬੰਦਿਆਂ ਦੇ ਜ਼ੁਲਮਾਂ ਨੂੰ ਵੇਖ ਕੇ ਜ਼ੁਲਮ ਰੋਕਣ ਲਈ ਖਾਸ ਕਲਾ ਵਰਤੀ, ਜੋ ਕਿ ਖਾਲਸਾ ਪੰਥ ਦੀ ਸਿਰਜਣਾ ਸੀ। ਮੁਗਲਾਂ ਦੇ ਹੱਥ ਹਿੰਦੁਸਤਾਨ ਦੀ ਵਾਗਡੋਰ ਆਉਣ ਤੋਂ ਬਾਅਦ ਜ਼ੁਲਮ ਦੀ ਇੰਤਹਾ ਹੋ ਗਈ ਸੀ ਅਤੇ ਦਇਆ, ਭਾਵਨਾ, ਸਮਾਨਤਾ ਲੁਪਤ ਹੋ ਚੁੱਕੀਆਂ ਸਨ। ਗੁਰੂ ਤੇਗ ਬਹਾਦਰ ਸਾਹਿਬ ਜੀ, ਜੋ ਸਿੱਖਾਂ ਦੇ ਨੌਵੇਂ ਗੁਰੂ ਅਤੇ "ਹਿੰਦ ਦੀ ਚਾਦਰ" ਸਨ, ਹਮੇਸ਼ਾ ਹੀ ਧਰਮ ਦੀ ਰਾਖੀ ਲਈ ਤਤਪਰ ਰਹੇ। ਕਸ਼ਮੀਰੀ ਪੰਡਤਾਂ ਦੇ ਦੁੱਖਾਂ ਨੂੰ ਸਹਿਨ ਨਾ ਕਰਦਿਆਂ, ਉਨ੍ਹਾਂ ਨੇ ਧਰਮ ਦੀ ਰਾਖੀ ਲਈ ਆਪਣੀ ਸ਼ਹੀਦੀ ਸਵੀਕਾਰ ਕੀਤੀ। ਇਹ ਸਭ ਦ੍ਰਿਸ਼ ਗੁਰੂ ਗੋਬਿੰਦ ਸਿੰਘ ਜੀ ਦੀਆਂ ਅੱਖਾਂ ਸਾਹਮਣੇ ਹੋਏ, ਜਿਸ ਤੋਂ ਬਾਅਦ ਜ਼ਾਲਮਾਂ ਦੇ ਨਾਸ਼ ਲਈ ਗੁਰੂ ਜੀ ਨੇ ਖਾਲਸਾ ਪੰਥ ਦੀ ਸਥਾਪਨਾ ਕੀਤੀ। ਪੰਜ ਪਿਆਰਿਆਂ ਦੀ ਸਾਜਨਾ ਕਰਕੇ, ਗੁਰੂ ਜੀ ਨੇ ਅੰਮ੍ਰਿਤ ਦੀ ਪਹੁਲ ਛਕਾ ਕੇ ਖਾਲਸਾ ਪੰਥ ਦੀ ਰਚਨਾ ਕੀਤੀ। ਇਹ ਪੰਜ ਪਿਆਰੇ ਗੁਰੂ ਦੇ ਉਹ ਸਿਧਾਂਤ ਸਨ ਜੋ ਸਮੇਂ ਦੀ ਲੋੜ ਬਣੇ – ਦਇਆ, ਧਰਮ, ਹਿੰਮਤ, ਮੋਕਮ ਅਤੇ ਸਾਹਿਬਤਾ। ਅਨੰਦਪੁਰ ਦੀ ਧਰਤੀ ਉੱਤੇ ਹੋਇਆ ਇਹ ਅਲੌਕਿਕ ਦ੍ਰਿਸ਼ ਵਿਲੱਖਣਤਾ ਦੀ ਪਹਿਚਾਣ ਬਣ ਗਿਆ। ਅੰਮ੍ਰਿਤ ਸੰਚਾਰ ਦੌਰਾਨ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਉਣਾ ਸਿੱਖ ਇਤਿਹਾਸ ਦਾ ਕ੍ਰਾਂਤੀਕਾਰੀ ਪਲ ਸੀ। ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸ਼ੁਰੂ ਕੀਤਾ ਗਿਆ ਇਹ ਸਮਾਗਮ ਸਿੱਖ ਭਾਈਚਾਰੇ ਲਈ ਨਵੀਂ ਨੀਂਹ ਬਣ ਗਿਆ। ਖੰਡੇ ਨਾਲ ਹਿਲਾ ਕੇ ਤਿਆਰ ਕੀਤਾ ਗਿਆ ਅੰਮ੍ਰਿਤ ਪੰਜ ਪਿਆਰਿਆਂ ਦੀ ਸ਼ੁੱਧਤਾ ਅਤੇ ਖਾਲਸੇ ਦੀ ਸ਼ੁਰੂਆਤ ਦਾ ਪ੍ਰਤੀਕ ਸੀ। ਇਹ ਸੰਸਕਾਰ, ਜਿਸ ਨੇ ਆਧਿਆਤਮਿਕਤਾ ਅਤੇ ਜੰਗੀ ਤੱਤ ਨੂੰ ਜੋੜਿਆ, ਖਾਲਸੇ ਦੇ ਜਨਮ ਦਾ ਸੰਕੇਤ ਬਣਿਆ।



ਖਾਲਸਾ ਇੱਕ ਐਸਾ ਸੰਤ-ਸਿਪਾਹੀ ਭਾਈਚਾਰਾ ਸੀ ਜੋ ਸਿੱਖ ਸਿਧਾਂਤਾਂ ਦੀ ਰਾਖੀ ਲਈ ਸਮਰਪਿਤ ਸੀ। ਪੰਜ ਪਿਆਰੇ ਪਵਿੱਤਰਤਾ, ਹਿੰਮਤ ਅਤੇ ਸ਼ਰਧਾ ਨਾਲ ਜੀਵਨ ਜੀਉਣ ਦੀ ਵਚਨਬੱਧਤਾ ਨੂੰ ਦਰਸਾਉਂਦੇ ਹਨ। ਉਨ੍ਹਾਂ ਦੀ ਸਾਜਨਾ ਏਕਤਾ ਅਤੇ ਸਮਾਨਤਾ ਦੇ ਸਿਧਾਂਤਾਂ ਉੱਤੇ ਆਧਾਰਿਤ ਸੀ, ਜਿੱਥੇ ਜਾਤਿ ਅਤੇ ਵਰਗ ਦੀਆਂ ਰੁਕਾਵਟਾਂ ਨੂੰ ਤੋੜ ਕੇ ਹਰ ਪਿਛੋਕੜ ਦਾ ਵਿਅਕਤੀ ਖਾਲਸੇ ਦਾ ਹਿੱਸਾ ਬਣ ਸਕਦਾ ਸੀ। ਗੁਰੂ ਜੀ ਦੀ ਦ੍ਰਿਸ਼ਟੀ ਖਾਲਸੇ ਲਈ ਸਮਾਂ-ਵੇਸ਼ੀ ਅਤੇ ਸਮਾਨਤਾ ਭਰੀ ਸੀ। ਪੰਜ ਪਿਆਰੇ ਇਸ ਦ੍ਰਿਸ਼ਟੀਕੋਣ ਦੀ ਮੂਰਤੀ ਬਣੇ ਅਤੇ ਭਿੰਨ ਪਰ ਸੰਯੁਕਤ ਭਾਈਚਾਰੇ ਦੀ ਨੁਮਾਇੰਦਗੀ ਕੀਤੀ। ਉਨ੍ਹਾਂ ਨੇ ਹਿੰਮਤ, ਵਚਨਬੱਧਤਾ ਅਤੇ ਹਉਮੈ ਤੋਂ ਪਰੇ ਹੋ ਕੇ ਸਮਰਪਣ ਦੀ ਮਿਸਾਲ ਪੇਸ਼ ਕੀਤੀ। ਸਮਾਗਮ ਵਿੱਚ ਉਨ੍ਹਾਂ ਦੀ ਭੂਮਿਕਾ ਨੇ ਨਿਰਸਵਾਰਥਤਾ ਅਤੇ ਸ਼ਰਧਾ ਦੀ ਮਹੱਤਤਾ ਨੂੰ ਉਜਾਗਰ ਕੀਤਾ। ਉਹ ਸਿੱਖ ਭਾਈਚਾਰੇ ਲਈ ਪ੍ਰੇਰਣਾ ਦਾ ਸਰੋਤ ਬਣੇ ਜੋ ਉਨ੍ਹਾਂ ਨੂੰ ਸਿੱਖ ਸਿਧਾਂਤਾਂ ਅਨੁਸਾਰ ਜੀਉਣ ਲਈ ਪ੍ਰੇਰਿਤ ਕਰਦੇ ਹਨ। ਪੰਜ ਪਿਆਰੇ ਖਾਲਸੇ ਦੇ ਆਦਰਸ਼ ਬਣ ਗਏ ਹਨ ਜੋ ਅਧਿਆਤਮਿਕ ਅਤੇ ਨੈਤਿਕ ਯਾਤਰਾ ਵਿੱਚ ਸਿੱਖ ਭਾਈਚਾਰੇ ਨੂੰ ਮਾਰਗਦਰਸ਼ਨ ਦਿੰਦੇ ਹਨ। ਉਹ ਸਿੱਖ ਧਰਮ ਦੇ ਮੂਲ ਸਿਧਾਂਤਾਂ ਦੇ ਪ੍ਰਤੀਕ ਹਨ, ਅਤੇ ਉਨ੍ਹਾਂ ਦੀ ਵਿਰਾਸਤ ਸਿਰਫ ਇਤਿਹਾਸਕ ਬਹਾਦਰੀ ਤੱਕ ਸੀਮਤ ਨਹੀਂ ਰਹੀ, ਸਗੋਂ ਸੰਸਾਰ ਭਰ ਵਿੱਚ ਗੂੰਜਦੀ ਰਹਿੰਦੀ ਹੈ। ਉਹ ਬਹਾਦਰੀ, ਸਮਾਨਤਾ ਅਤੇ ਸ਼ਰਧਾ ਦੇ ਸਥਾਈ ਆਦਰਸ਼ ਹਨ। ਉਨ੍ਹਾਂ ਦੀ ਵਚਨਬੱਧਤਾ ਦੁਨੀਆਂ ਭਰ ਦੇ ਸਿੱਖਾਂ ਲਈ ਪ੍ਰੇਰਣਾ ਬਣੀ ਹੋਈ ਹੈ। ਪੰਜ ਪਿਆਰੇ ਸਿੱਖ ਧਰਮ ਦੀ ਏਕਤਾ, ਆਧਿਆਤਮਿਕ ਡੂੰਘਾਈ ਅਤੇ ਨੈਤਿਕ ਮੁਲਿਆਂ ਦੇ ਸਰੋਤ ਹਨ। ਉਨ੍ਹਾਂ ਦੀਆਂ ਕੁਰਬਾਨੀਆਂ, ਹਿੰਮਤ ਅਤੇ ਸ਼ਰਧਾ ਦੀਆਂ ਕਹਾਣੀਆਂ ਸਦੀਵੀ ਯਾਦਗਾਰੀ ਹਨ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਸਿਧਾਂਤਾਂ ਦੀ ਜੀਵੰਤ ਤਸਵੀਰ ਪੇਸ਼ ਕਰਦੀਆਂ ਹਨ। ਆਪਣੀ ਉਦਾਹਰਨ ਰਾਹੀਂ, ਪੰਜ ਪਿਆਰੇ ਸਿੱਖਾਂ ਨੂੰ ਹਿੰਮਤ, ਨਿਰਸਵਾਰਥਤਾ ਅਤੇ ਅਟੱਲ ਵਿਸ਼ਵਾਸ ਨਾਲ ਜੀਵਨ ਜੀਉਣ ਲਈ ਪ੍ਰੇਰਣਾ ਦਿੰਦੇ ਹਨ ਅਤੇ ਉਹਨਾਂ ਨੂੰ ਇਹ ਸਿਖਾਉਂਦੇ ਹਨ ਕਿ ਸਿੱਖ ਸਿਧਾਂਤਾਂ ਨੂੰ ਰੋਜ਼ਾਨਾ ਜੀਵਨ ਵਿੱਚ ਕਿਵੇਂ ਅਮਲ ਵਿੱਚ ਲਿਆਂਦਾ ਜਾਵੇ।

# ਬੇਮੌਸਮੇ ਮੀਂਹ ਕਾਰਨ ਕਿਸਾਨਾਂ ਦੀ ਵਧੀ ਚਿੰਤਾ ਹਵਾ ਚੱਲਣ ਨਾਲ ਡਿੱਗੀ ਫਸਲ ਕੱਟਣ ਵੇਲੇ ਆਵੇਗੀ ਮੁਸ਼ਕਿਲ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 12 ਅਪ੍ਰੈਲ
INTERNATIONAL PAPER, 9463601616
hardipchumber57@gmail.com



ਸ੍ਰੀ ਚਮਕੌਰ ਸਾਹਿਬ, 12 ਅਪ੍ਰੈਲ (ਹਰਦਿਆਲ ਸਿੰਘ ਸੰਧੂ) ਇਲਾਕੇ ਵਿਚ ਲੱਗਭਗ ਅੱਧਾ ਘੰਟਾ ਬੇਮੌਸਮੀ ਮੀਂਹ ਪੈਣ ਕਾਰਨ ਕਿਸਾਨਾਂ ਦੀ ਚਿੰਤਾ ਵੱਧ ਗਈ ਹੈ ਅਤੇ ਕਿਸਾਨ ਦੇ ਚੇਹਰੇ ਮੁਰਝਾ ਗਏ ਹਨ ਅੱਜ ਬਾਅਦ ਦੁਪਹਿਰ ਅਸਮਾਨ ਵਿਚ ਕਾਲੀਆਂ ਘਟਾਵਾਂ ਛਾ ਗਈਆਂ ਉਪਰੰਤ ਜੋਰਦਾਰ ਮੀਂਹ ਪੈਣ ਲੱਗ ਪਿਆ, ਜਿਸ ਕਾਰਨ ਕਿਸਾਨਾਂ ਦੇ ਚਿਹਰੇ ਮੁਰਝਾ ਗਏ ਅਤੇ ਦੁਆਵਾਂ ਕਰਨ ਲਈ ਰੱਬ ਅੱਗੇ ਹੱਥ ਜੁੜਨੇ ਸ਼ੁਰੂ ਹੋ ਗਏ। ਇਸ ਸਬੰਧੀ ਕਿਸਾਨ ਜਗਤਾਰ ਸਿੰਘ ਓਇੰਦ ਅਤੇ ਕੁਲਵੰਤ ਸਿੰਘ ਮਾਵੀ ਸਲੇਮਪੁਰ ਨੇ ਦੱਸਿਆ ਕਿ ਢਾਹੇ ਏਰੀਏ ਦੇ ਪਿੰਡ ਓਇੰਦ, ਮਾਜਰੀ, ਮਕੜੋਨਾ, ਸਲੇਮਪੁਰ, ਪਿੱਪਲ ਮਾਜਰਾ, ਬਰਸਾਲਪੁਰ, ਚੂਹੜ ਮਾਜਰਾ, ਭੂਰੜੇ, ਸੰਧੂਆਂ ਤੋਂ ਇਲਾਵਾ ਬੇਟ ਏਰੀਏ ਦੇ ਪਿੰਡਾਂ ਵਿਚ ਵੀ ਮੀਂਹ ਪਿਆ ਹੈ, ਭਾਵੇਂ ਕਣਕ ਦੀ ਪੱਕੀ ਫਸਲ ਤੇ ਪਏ ਮੀਂਹ ਨੇ ਕਣਕ ਨੂੰ ਭਿੱਜਣ ਬਣਾ ਦਿੱਤਾ ਹੈ ਜੇਕਰ ਲਗਾਤਾਰ ਬਾਅਦ ਵਿਚ ਧੁੱਪ ਪੈਂਦੀ ਰਹੀ ਤਾਂ ਇਹ ਕਣਕ ਸੁੱਕ ਤਾਂ ਜਾਵੇਗੀ ਪ੍ਰੰਤੂ ਕਣਕ ਦਾ ਝਾੜ ਘੱਟ ਜਾਵੇਗਾ ਮੀਹ ਨਾਲ ਤੇਜ ਹਵਾ ਚਲਣ ਨਾਲ ਕਣਕ ਡਿਗਣ ਨਾਲ ਕੱਟਣ ਵੇਲੇ ਵੀ ਪ੍ਰੇਸ਼ਾਨੀ ਆਵੇਗੀ, ਅਤੇ ਕਣਕ ਚ ਨਮੀਂ ਵੱਧ ਜਾਵੇਗੀ। ਸਰਕਾਰ ਤਾਂ ਪਹਿਲਾ ਹੀ ਨਮੀਂ ਵਾਲੀ ਕਣਕ ਦੀ ਖਰੀਦ ਕਰਨ ਤੋਂ ਇਨਕਾਰ ਕਰ ਰਹੀ ਹੈ। ਉਕਤ ਕਿਸਾਨ ਨੇ ਇਹ ਵੀ ਕਿਹਾ ਕਿ ਰੱਬ ਅੱਗੇ ਅਰਦਾਸ ਬੇਨਤੀ ਹੈ ਕਿ ਹੋਰ ਮੀਂਹ ਨਾ ਪਾਵੀ। ਉੱਧਰ ਖੇੜੀ ਸਲਾਬਤਪੁਰ ਦੇ ਪਰਮਜੀਤ ਸਿੰਘ ਦਾ ਕਹਿਣਾ ਹੈ ਕਿ ਬੇਟ ਏਰੀਏ ਦੇ ਪਿੰਡਾਂ ਵਿਚ ਖੜੀ ਤੇ ਪੱਕੀ ਕਣਕ ਤੇ ਮੀਂਹ ਦਾ ਪੈ ਜਾਣਾ ਕਿਸਾਨਾਂ ਲਈ ਚਿੰਤਾਂ ਦਾ ਸਬੱਬ ਬਣ ਗਿਆ ਹੈ।

# ਪਿੰਡ ਮੁੱਖਲਿਆਣਾ ਵਿਖੇ ਵਿਸਾਖੀ ਦੇ ਸ਼ੁਭ ਦਿਹਾੜੇ ਮੌਕੇ ਧਾਰਮਿਕ ਸਮਾਗਮ ਅੱਜ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 12 ਅਪ੍ਰੈਲ
INTERNATIONAL PAPER, 9463601616
hardipchumber57@gmail.com



ਗੜ੍ਹਸ਼ੰਕਰ,12 ਅਪ੍ਰੈਲ ( ਚਰਨਜੀਤ ਸੱਲ੍ਹਾ) ਪਿੰਡ ਮੁੱਖਲਿਆਣਾ ਵਿਖੇ ਗੁਰਦੁਆਰਾ ਅੰਗੀਠਾ ਸਾਹਿਬ ਜੀ ਅਤੇ ਬ੍ਰਹਮ ਗਿਆਨੀ 108 ਸੰਤ ਬਾਬਾ ਉਦੈ ਸਿੰਘ ਜੀ ਦੇ ਅਸਥਾਨ ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਖ਼ਾਲਸੇ ਦੇ ਪ੍ਰਗਟ ਦਿਵਸ ਵਿਸਾਖੀ ਮੌਕੇ ਧਾਰਮਿਕ ਸਮਾਗਮ 13 ਅਪ੍ਰੈਲ ਨੂੰ ਸ਼ਰਧਾ ਭਾਵਨਾ ਨਾਲ ਕਰਵਾਏ ਜਾ ਰਹੇ ਹਨ। ਇਸ ਮੌਕੇ ਪ੍ਰਧਾਨ ਜਸਵੰਤ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ 13 ਅਪ੍ਰੈਲ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਦੀਵਾਨ ਵਿਚ ਭਾਈ ਯੁਗਰਾਜ ਸਿੰਘ ਹੈਡ ਗ੍ਰੰਥੀ ਮੁੱਖਲਿਆਣਾ, ਭਾਈ ਜਤਿੰਦਰ ਸਿੰਘ ਢੱਡਿਆ ਵਾਲੇ ਆਦਿ ਗੁਰਬਾਣੀ ਗੁਰਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਪ੍ਰਧਾਨ ਜਸਵੰਤ ਸਿੰਘ, ਪ੍ਰਿਥੀਪਾਲ ਸਿੰਘ ਮੀਤ ਪ੍ਰਧਾਨ, ਲੰਬਰਦਾਰ ਸੁਖਵਿੰਦਰ ਸਿੰਘ ਪੰਡੋਰੀ ਕੱਦ, ਮਹਿੰਦਰ ਸਿੰਘ ਫੌਜੀ, ਜਸਵੀਰ ਸਿੰਘ ਲਾਡੀ, ਹਰਦੇਵ ਸਿੰਘ, ਸਤਨਾਮ ਸਿੰਘ, ਬਰਿੰਦਰ ਮਾਨ ਸਿੰਘ, ਲਵਪ੍ਰੀਤ ਸਿੰਘ, ਅਨਮੋਲ ਪ੍ਰੀਤ ਸਿੰਘ, ਸਹਿਜਪ੍ਰੀਤ ਸਿੰਘ, ਜਸਪਾਲ ਸਿੰਘ, ਮੋਹਨ ਸਿੰਘ ਬੰਗਾ, ਲਖਵੀਰ ਸਿੰਘ, ਅਵਤਾਰ ਸਿੰਘ, ਜਸਪਾਲ ਸਿੰਘ, ਬਲਵੀਰ ਸਿੰਘ ਬੀਰੂ, ਗੁਰਲੀਨ ਸਿੰਘ, ਬੰਟੀ, ਸਰਵਣ ਸਿੰਘ, ਮਨਜੀਤ ਸਿੰਘ, ਜਸਵਿੰਦਰ ਕੌਰ, ਕਮਲਜੀਤ ਕੌਰ, ਰਜਿੰਦਰ ਕੌਰ, ਪਰਮਜੀਤ ਕੌਰ, ਮਨਜੀਤ ਕੌਰ, ਸਤਵੀਰ ਕੌਰ, ਕਰਨੈਲ ਸਿੰਘ ਹਲਵਾਈ, ਮਨਪ੍ਰੀਤ ਸਿੰਘ, ਬਲਵਿੰਦਰ ਸਿੰਘ, ਪਲਬਿੰਦਰ ਸਿੰਘ,ਰਾਜ ਰਾਣੀ ਪੰਡੋਰੀ ਕੱਦ, ਜੋਗਿੰਦਰ ਕੌਰ ਆਦਿ ਹਾਜਰ ਸਨ ਇਸ ਮੌਕੇ ਸਮਾਗਮ ਦੌਰਾਨ ਗੁਰੂ ਜੀ ਦੇ ਲੰਗਰ ਅਤੁੱਟ ਵਰਤਾਏ ਜਾਣਗੇ।

# ਮਜ਼ਦੂਰਾਂ ਨੂੰ ਸਮਾਜ ਵਿਚ ਮਿਲੇ ਬਣਦਾ ਸਨਮਾਨ - ਰਾਜੀਵ ਵਰਮਾ

## ਵਧੀਕ ਡਿਪਟੀ ਕਮਿਸ਼ਨਰ ਵੱਲੋਂ ਮਜ਼ਦੂਰ ਦਿਵਸ ਨੂੰ ਸਮਰਪਿਤ ਲਘੂ ਫ਼ਿਲਮ 'ਅਗਲੀ ਜੂਨ' ਦਾ ਪੋਸਟਰ ਜਾਰੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 12 ਅਪ੍ਰੈਲ
INTERNATIONAL PAPER, 9463601616
hardipchumber57@gmail.com



